ਗੁਰੂ ਤੇਗ ਬਹਾਦੂਰ ਮਾਰਗ

ਪੰਜਾਬ

ਸੁਖਦਿਆਲ ਸਿੰਘ (ਡਾ.)

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

GURU TEGH BAHADUR MARG PUNJAB *(Punjabi)*

by

Sukhdial Singh (Dr.)
Department of Punjab Historical Studies,
Punjabi University, Patiala

ISBN 81-7380-390-0

1997
ਪਹਿਲੀ ਵਾਰ : 1100
ਮੁੱਲ : 70-00

ਲੇਜ਼ਰ ਸੈਟਿੰਗ : ਜੈਸਮੈਨ ਗ੍ਰਾਫਿਕਸ, ਪਟਿਆਲਾ

ਡਾ. ਰਣਬੀਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਿਤ ਕੀਤੀ
ਅਤੇ ਮੈਸਰਜ਼ ਪਫਲ ਬੁੱਕਸ ਪ੍ਰਾਈਵੇਟ ਲਿਮਟਿਡ, ਪਟਿਆਲਾ ਵਿਖੇ ਛਪੀ

ਧੰਨਵਾਦ

ਲੇਖਕ ਧੰਨਵਾਦੀ ਹੈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜੋਗਿੰਦਰ ਸਿੰਘ ਜੀ ਪੁਆਰ ਦਾ ਜਿਨ੍ਹਾਂ ਨੇ ਇਸ ਲਿਖਤ ਨੂੰ, ਖਾਲਸਾ ਪੰਥ ਦੇ 300ਵੇਂ ਜਨਮ ਦਿਵਸ ਦੀ ਲੜੀ ਵਿਚ ਰਖ ਕੇ, ਪੁਸਤਕ ਰੂਪ ਦਿਵਾਉਣ ਵਿਚ ਕਿਰਪਾ ਕੀਤੀ।

ਧੰਨਵਾਦ ਦੇ ਹੀ ਅਧਿਕਾਰੀ ਹਨ ਪਬਲੀਕੇਸ਼ਨ ਬਿਊਰੋ ਦੇ ਤਕਨੀਕੀ ਸਲਾਹਕਾਰ ਸ਼ਰਦਾਰ ਹਜਾਰਾ ਸਿੰਘ ਜੀ, ਜਿਨ੍ਹਾਂ ਨੇ ਵਿਸ਼ੇਸ਼ ਦਿਲਚਸਪੀ ਲੈ ਕੇ ਇਸ ਨੂੰ ਬਹੁਤ ਹੀ ਥੋੜ੍ਹੇ ਸਮੇਂ ਵਿਚ ਪਰਕਾਸ਼ਤ ਕਰਵਾਇਆ।

ਸੁਖਦਿਆਲ ਸਿੰਘ

ਤਤਕਰਾ

ਅੰਤਿਕਾਵਾਂ

1

ਜੀਵਨ ਬਿਰਤਾਂਤ

ਗੁਰੂ ਤੇਗ ਬਹਾਦੁਰ ਜੀ ਸਿੱਖਾਂ ਦੇ ਨੌਵੇਂ ਗੁਰੂ ਸਨ। ਆਪ ਜੀ ਦੇ ਸਮੇਂ ਤਕ ਸਿੱਖ ਧਰਮ ਬਹੁਤ ਵਿਕਾਸ ਕਰ ਚੁੱਕਿਆ ਸੀ। ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਕ ਧਾਰਮਿਕ ਗ੍ਰੰਥ ਸਿੱਖਾਂ ਪਾਸ ਆ ਚੁੱਕਿਆ ਸੀ; ਗੁਰੂ ਅਰਜਨ ਜੀ ਦੀ ਸ਼ਹਾਦਤ, ਸਮੇਂ ਨੂੰ ਇਕ ਨਵਾਂ ਮੋੜ ਦੇ ਚੁੱਕੀ ਸੀ; ਸਿਰੀ ਅਕਾਲ ਤਖ਼ਤ ਸਾਹਿਬ ਦੇ ਰੂਪ ਵਿਚ ਇਕ ਐਸਾ ਕੇਂਦਰੀ ਅਸਥਾਨ ਸਥਾਪਤ ਹੋ ਚੁੱਕਿਆ ਸੀ ਜਿੱਥੇ ਬੈਠ ਕੇ ਸਿੱਖ ਜਗਤ ਆਪਣੇ ਨਿਰਣੈ ਆਪ ਲੈ ਸਕਦਾ ਸੀ; ਸਿਰੀ ਹਰਿਮੰਦਰ ਸਹਿਬ ਦੇ ਰੂਪ ਵਿਚ ਪਹਿਲੋਂ ਹੀ ਇਕ ਧਾਰਮਿਕ ਕੇਂਦਰ ਬਣ ਚੁੱਕਿਆ ਸੀ। ਗੁਰੂ ਹਰਿ ਗੋਬਿੰਦ ਸਾਹਿਬ ਦੇ ਰੂਪ ਵਿਚ ਸਿੱਖ ਜਗਤ ਹਥਿਆਰਬੰਦ ਹੋ ਕੇ ਹਕੂਮਤ ਅਤੇ ਹੋਰ ਵਿਰੋਧੀ ਸ਼ਕਤੀਆਂ ਨਾਲ ਟੱਕਰ ਲੈ ਕੇ ਆਪਣੀ ਜੰਗਜੂ ਤਾਕਤ ਪਰਖ ਚੁੱਕਿਆ ਸੀ। ਗੁਰੂ ਤੇਗ ਬਹਾਦੁਰ ਜੀ ਨੇ ਅਤੀ ਸੰਕਟਮਈ ਹਾਲਤ ਵਿਚ ਸਿੱਖ ਧਰਮ ਦੀ ਵਾਗਡੋਰ ਸੰਭਾਲੀ ਸੀ। ਇਨ੍ਹਾਂ ਦਾ ਜੀਵਨ ਬਿਰਤਾਂਤ ਇਸ ਤਰ੍ਹਾਂ ਹੈ :

ਗੁਰੂ ਤੇਗ ਬਹਾਦੁਰ ਜੀ ਦਾ ਜਨਮ ਵਿਸਾਖ ਵਦੀ ਪੰਜ, ਸੰਮਤ 1678 ਬਿ. ਮੁਤਾਬਕ ਪਹਿਲੀ ਅਪਰੈਲ, ਸੰਨ 1621 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ।[1] ਆਪ ਜੀ ਦੇ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਸਨ। ਗੁਰੂ ਤੇਗ ਬਹਾਦੁਰ ਜੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਪੰਜਵੇਂ ਪੁੱਤਰ ਸਨ। ਵੱਡੇ ਚਾਰ ਭਰਾ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਏ ਜੀ ਅਤੇ ਬਾਬਾ ਅਟੱਲ ਰਾਏ ਜੀ ਸਨ। ਇਕ ਵੱਡੀ ਭੈਣ ਬੀਬੀ ਵੀਰੋ ਜੀ ਸਨ। ਆਪ ਜੀ ਦੀ ਮਾਤਾ ਜੀ ਦਾ ਨਾਂ ਮਾਤਾ ਨਾਨਕੀ ਸੀ। ਆਪ ਦੇ ਨਾਨਕੇ ਬਾਬਾ ਬਕਾਲਾ ਵਿਖੇ ਸਨ। ਆਪ ਦਾ ਸਾਰਾ ਬਚਪਨ ਆਪਣੇ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਦੀ ਦੇਖ ਰੇਖ ਹੇਠ ਹੀ ਪੂਰਨ ਹੋਇਆ ਸੀ। ਬਚਪਨ ਤੋਂ ਹੀ ਆਪ ਜੀ ਨੂੰ ਧਾਰਮਿਕ ਅਤੇ ਜੰਗੀ ਹੁਨਰਾਂ ਦੀ ਸਿੱਖਿਆ ਦਿੱਤੀ ਗਈ ਸੀ। ਆਪ ਜੀ ਨੂੰ ਹਰ ਪਰਕਾਰ ਦੀ ਸਿੱਖਿਆ ਵਿਚ ਨਿਪੁੰਨ ਬਣਾਉਣ ਵਾਲੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਨ ਕਿਉਂਕਿ ਗੁਰੂ ਹਰਿ ਗੋਬਿੰਦ ਸਾਹਿਬ ਨੂੰ 1628 ਤੋਂ ਲੈ ਕੇ 1634-35 ਤਕ ਕਈ ਲੜਾਈਆਂ ਵੀ ਲੜਨੀਆਂ ਪਈਆਂ ਸਨ। ਇਸ ਕਰ ਕੇ ਆਪ ਦਾ ਸਾਰਾ ਬਚਪਨ ਜੰਗਾਂ-ਯੁੱਧਾਂ ਦੇ ਮਹੌਲ ਵਿਚ ਹੀ ਬੀਤਿਆ ਸੀ। ਭਾਵੇਂ ਲੜਾਈਆਂ ਵਿਚ ਆਪ ਦੀ ਉਮਰ ਮਸਾਂ ਸੱਤ ਅੱਠ ਸਾਲਾਂ ਦੀ ਹੀ ਸੀ ਪਰ ਕੁਝ ਇਕ ਲੜਾਈਆਂ ਵਿਚ, ਜਿਵੇਂ ਕਿ ਕਰਤਾਰਪੁਰ ਅਤੇ ਫਗਵਾੜੇ ਦੀ, ਆਪ ਵੱਲੋਂ ਲੜਾਈ ਵਿਚ ਹਿੱਸਾ ਲੈਣ ਦਾ ਪਤਾ ਵੀ ਲਗਦਾ ਹੈ। ਪਰ ਇਨ੍ਹਾਂ ਲੜਾਈਆਂ ਨਾਲ ਆਪ ਦੀ ਵਿੱਦਿਆ ਪਰਾਪਤੀ ਵਿਚ ਕੋਈ ਬਿਘਨ ਨਹੀਂ ਪਿਆ ਸੀ।

(ਗੁਰੂ) ਤੇਗ ਬਹਾਦੁਰ ਜੀ ਦੀ ਸ਼ਾਦੀ ਮਾਤਾ ਗੁਜਰੀ ਜੀ ਨਾਲ ਹੋਈ। ਉਹ ਲਖਨੌਰ ਨਿਵਾਸੀ ਲਾਲ ਚੰਦ ਸੁਭਿਖੀ ਦੀ ਪੁਤਰੀ ਸੀ ਪਰ ਇਹ ਪਰਿਵਾਰ ਪਿੱਛੋਂ ਕਰਤਾਰਪੁਰ ਆ ਵਸਿਆ ਸੀ ਅਤੇ ਇੱਥੇ ਹੀ ਆਪ ਜੀ ਦੀ ਸ਼ਾਦੀ ਕੀਤੀ ਗਈ ਸੀ। ਗੁਰੂ ਹਰਿ ਗੋਬਿੰਦ ਸਾਹਿਬ 1634-35 ਵਿਚ ਕੀਰਤਪੁਰ ਸਾਹਿਬ ਆ ਕੇ ਰਹਿਣ ਲੱਗ ਪਏ ਸਨ। ਇੱਥੇ ਹੀ (ਗੁਰੂ) ਤੇਗ ਬਹਾਦੁਰ ਜੀ ਆ ਗਏ ਸਨ। ਆਪ ਦੇ ਸਾਹਮਣੇ ਆਪ ਦੇ ਦੋ ਵੱਡੇ ਭਰਾਵਾਂ ਬਾਬਾ ਗੁਰਦਿੱਤਾ ਜੀ ਅਤੇ ਬਾਬਾ ਅਟੱਲ ਰਾਇ ਜੀ ਦੀ ਮਿਰਤੂ ਹੋ ਚੁੱਕੀ ਸੀ। ਇਸ ਦਾ ਆਪ ਦੇ ਦਿਲ ਤੇ ਬਹੁਤ ਗਹਿਰਾ ਅਸਰ ਹੋਇਆ ਸੀ। 1645 ਈ. ਵਿਚ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੀ ਗੁਰਪੁਰੀ ਸਿਧਾਰ ਗਏ ਸਨ। ਆਪ ਇਨ੍ਹਾਂ ਮੌਤਾਂ ਨਾਲ ਇਤਨੇ ਪਰਭਾਵਤ ਹੋਏ ਕਿ ਆਪ ਅਪਣੀ ਮਾਤਾ ਨਾਨਕੀ ਜੀ ਅਤੇ ਪਤਨੀ ਬੀਬੀ ਗੁਜਰੀ ਜੀ ਨਾਲ ਕੀਰਤਪੁਰ ਨੂੰ ਛੱਡ ਕੇ ਆਪਣੇ ਨਾਨਕੇ ਘਰ ਬਾਬਾ ਬਕਾਲਾ ਵਿਖੇ ਆ ਕੇ ਰਹਿਣ ਲੱਗ ਪਏ ਸਨ। ਨੌਵੇਂ ਗੁਰੂ ਦੇ ਤੌਰ ਤੇ ਪਰਗਟ ਹੋਣ ਤਕ ਆਪ ਬਾਬਾ ਬਕਾਲੇ ਵਿਖੇ ਹੀ ਰਹਿੰਦੇ ਰਹੇ ਸਨ।

ਭੱਟ ਵਹੀਆਂ ਅਤੇ ਗੁਰੂ ਕੀਆਂ ਸਾਖੀਆਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਆਪ ਬਾਬਾ ਬਕਾਲਾ ਵਿਖੇ ਰਹਿੰਦੇ ਹੋਏ ਵੀ ਅਤੇ ਗੁਰੂ ਬਣਨ ਤੋਂ ਪਹਿਲਾਂ ਇਕ ਵਾਰ ਭਾਰਤ ਦੇ ਕੁਝ ਤੀਰਥ ਅਸਥਾਨਾਂ ਦੀ ਯਾਤਰਾ ਵੀ ਕਰ ਆਏ ਸਨ। ਜਿਵੇਂ ਕਿ ਇਨ੍ਹਾਂ ਟੂਕਾਂ ਤੋਂ ਸਾਬਤ ਹੁੰਦਾ ਹੈ :

> "(ਗੁਰੂ) ਤੇਗ ਬਹਾਦੁਰ ਜੀ ਬੇਟਾ ਗੁਰੂ ਹਰਿ ਗੋਬਿੰਦ ਜੀ ਮਹਲਾ ਛਟੇ ਕਾ ਬਨਾਰਸ ਆਏ ਸਾਲ ਸਤਰੈ ਸੈ ਅਠਾਰਾਂ ਅਸਾੜ੍ਹ ਸੁਦੀ ਪੰਚਮੀ ਗੈਲੇ ਨਾਨਕੀ ਜੀ ਆਏ ਮਾਤਾ (ਗੁਰੂ) ਤੇਗ ਬਹਾਦੁਰ ਜੀ ਕੀ ਮਾਤਾ ਹਰੀ ਜੀ ਆਏ ਇਸਤਰੀ ਗੁਰੂ ਸੂਰਜ ਮਲ ਕੀ ਭਾਈ ਕਿਰਪਾਲ ਚੰਦ ਆਇਆ ਬੇਟਾ ਲਾਲ ਚੰਦ ਸੁਭਿਖੀ ਕਾ ਬਾਬਾ ਦਿਆਲ ਦਾਸ ਆਇਆ ਬੇਟਾ ਮਾਈ ਦਾਸ ਜਲਹਾਨੇ ਕਾ ਗਵਾਲ ਦਾਸ ਆਇਆ ਬੇਟਾ ਛੋਟੇ ਮਲ ਛਿਬਰ ਕਾ ਚੌਪਟ ਰਾਏ ਆਇਆ ਬੇਟਾ ਪੈਰਾ ਛਿਬਰ ਕਾ ਸੰਗਤ ਆਇਆ ਬੇਟਾ ਬਿਨਾ ਉਪਲ ਕਾ ਸਾਧੂ ਰਾਮ ਆਇਆ ਬੇਟਾ ਧਰਮੇ ਖੋਸਲੇ ਕਾ।"[2]

ਭੱਟ ਵਹੀਆਂ ਦੀ ਹੀ ਇਕ ਹੋਰ ਟੂਕ ਹੈ :

> "(ਗੁਰੂ) ਤੇਗ ਬਹਾਦੁਰ ਜੀ ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛੇ ਗੁਰੂ ਹਰਿ ਰਾਇ ਜੀ ਕੀ ਪਰਚਾਵਨੀ ਕਰਨ ਪਟਣਾ ਸੇ ਆਏ ਸਾਲ ਸਤਰੈ ਸੈ ਉਨੀਸ ਸ਼ੁਕਲਾ ਪਖੇ ਮਾਘ ਮਾਸ ਕੀ ਪੰਚਮੀ ਕੇ ਦਿਵਸ ਤੀਰਥ ਪ੍ਰਯਾਗ ਸੰਗਮ ਸੇ ਆਏ ਪਹੁੰਚੇ ਗੈਲ ਮਾਤਾ ਨਾਨਕੀ ਜੀ ਆਏ ਮਹਲ ਗੁਰੂ ਹਰਿ ਗੋਬਿੰਦ ਜੀ ਕੇ ਮਾਤਾ ਹਰੀ ਜੀ ਆਏ ਮਹਲ ਗੁਰੂ ਸੂਰਜ ਮਲ ਜੀ ਕੇ ਦੀਵਾਨ ਦਰਘਾ ਮਲ ਆਇਆ ਬੇਟਾ ਦਵਾਰਕਾ ਦਾਸ ਛਿਬਰ ਕਾ ਹੋਰ ਸਿੱਖ ਫਕੀਰ ਆਏ।"[3]

ਉਕਤ ਗਵਾਹੀਆਂ ਦੀ ਰੌਸ਼ਨੀ ਵਿਚ ਅਸੀਂ ਕਹਿ ਸਕਦੇ ਹਾਂ ਕਿ ਸੰਮਤ 1718-19 ਬਿ. ਮੁਤਾਬਕ ਸੰਨ 1661 ਅਤੇ 62 ਦੇ ਸਾਲਾਂ ਵਿਚ ਤੇਗ ਬਹਾਦੁਰ ਜੀ ਨੇ ਬਾਬਾ ਬਕਾਲੇ ਤੋਂ ਭਾਰਤ ਦੇ ਤੀਰਥ ਅਸਥਾਨਾਂ ਦੀ ਯਾਤਰਾ ਕੀਤੀ ਸੀ। ਇਨ੍ਹਾਂ ਤੀਰਥ ਅਸਥਾਨਾਂ ਵਿਚ ਹਰਿਦੁਆਰ, ਗੜ੍ਹਮੁਕਤੇਸ਼ਵਰ, ਮਥੁਰਾ, ਆਗਰਾ, ਪਰਯਾਗ, ਬਨਾਰਸ ਅਤੇ ਪਟਣਾ ਸਾਹਿਬ ਆਦਿ ਅਸਥਾਨ ਸ਼ਾਮਲ ਸਨ। ਸਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਜੀ ਕੱਤਕ ਵਦੀ 9, ਸੰਮਤ 1718

ਬਿ. ਮੁਤਾਬਕ 6 ਅਕਤੂਬਰ, ਸੰਨ 1661 ਈ. ਨੂੰ ਜੋਤੀ ਜੋਤ ਸਮਾ ਗਏ ਸਨ। ਤੇਗ ਬਹਾਦੁਰ ਜੀ ਨੂੰ ਇਹ ਦੁਖਦਾਈ ਸੂਚਨਾ ਪਟਣਾ ਸਾਹਿਬ ਵਿਖੇ ਪਹੁੰਚੀ ਸੀ। ਇਸ ਲਈ ਆਪ ਜਲਦੀ ਹੀ ਪਟਣਾ ਸਾਹਿਬ ਤੋਂ ਕੀਰਤਪੁਰ ਸਾਹਿਬ ਵਾਪਿਸ ਆ ਗਏ ਸਨ ਅਤੇ ਸਵਰਗੀ ਗੁਰੂ ਜੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਸੀ। ਗੁਰੂ ਕੀਆਂ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਤੇਗ ਬਹਾਦੁਰ ਜੀ ਫਿਰ 1663-64 ਵਿਚ ਤੀਰਥ ਯਾਤਰਾ ਤੇ ਗਏ ਸਨ ਅਤੇ ਜਦੋਂ ਅੱਠਵੇਂ ਪਾਤਸ਼ਾਹ ਗੁਰੂ ਹਰਿ ਕਰਿਸ਼ਨ ਜੀ ਦਿੱਲੀ ਵਿਖੇ ਗਏ ਸਨ ਤਾਂ ਆਪ ਵੀ ਉੱਥੇ ਹੀ ਸਨ।[4] ਇੱਥੋਂ ਆਪ ਬਾਬਾ ਬਕਾਲਾ ਵਾਪਿਸ ਮੁੜ ਗਏ ਸਨ।

ਗੁਰਗੱਦੀ ਦੀ ਪਰਾਪਤੀ : ਗੁਰੂ ਤੇਗ ਬਹਾਦੁਰ ਜੀ ਨੇ ਨੌਵੀਂ ਗੁਰਗੱਦੀ ਆਪਣੇ ਪੋਤਰੇ ਗੁਰੂ ਹਰਿ ਕਰਿਸ਼ਨ ਜੀ ਤੋਂ ਪਰਾਪਤ ਕੀਤੀ ਸੀ। ਇਹ ਇਕ ਅਜੀਬ ਜਿਹਾ ਮੌਕਾ-ਮੇਲ ਲਗਦਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਦੇ ਉਤਰਅਧਿਕਾਰੀ, ਉਨ੍ਹਾਂ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਗੁਰੂ ਹਰਿ ਰਾਇ ਜੀ ਸਨ ਜੋ ਤੇਗ ਬਹਾਦੁਰ ਜੀ ਦੇ ਭਤੀਜੇ ਲਗਦੇ ਸਨ। ਗੁਰੂ ਹਰਿ ਰਾਇ ਜੀ ਦੇ ਉਤਰਅਧਿਕਾਰੀ ਉਨ੍ਹਾਂ ਦੇ ਛੋਟੇ ਸਪੁੱਤਰ ਗੁਰੂ ਹਰਿ ਕਰਿਸ਼ਨ ਜੀ ਸਨ ਜੋ ਤੇਗ ਬਹਾਦੁਰ ਜੀ ਦੇ ਪੋਤਰੇ ਲਗਦੇ ਸਨ। ਗੁਰੂ ਹਰਿ ਕਰਿਸ਼ਨ ਜੀ ਬਾਲ ਅਵਸਥਾ ਵਿਚ ਹੀ ਸਨ। ਉਨ੍ਹਾਂ ਦੀ ਕੋਈ ਸੰਤਾਨ ਨਹੀਂ ਸੀ। ਉਨ੍ਹਾਂ ਦਾ ਵੱਡਾ ਭਾਈ ਰਾਮ ਰਾਇ ਉਤਰਅਧਿਕਾਰੀ ਬਣਨ ਦੇ ਅਧਿਕਾਰ ਤੋਂ ਵੰਚਿਤ ਕੀਤਾ ਹੋਇਆ ਸੀ। ਗੁਰੂ ਹਰਿ ਕਰਿਸ਼ਨ ਜੀ ਦਾ ਵੱਡਾ ਤਾਇਆ ਧੀਰ ਮਲ ਵੀ ਉਤਰਅਧਿਕਾਰੀ ਬਣਨ ਤੋਂ ਵੰਚਿਤ ਕੀਤਾ ਹੋਇਆ ਸੀ। ਇਸ ਤਰ੍ਹਾਂ ਗੁਰੂ ਹਰਿ ਕਰਿਸ਼ਨ ਜੀ ਦੇ ਸਮੁੱਚੇ ਖਾਨਦਾਨ ਵਿਚ ਸਿਰਫ ਦੋ ਹੀ ਵਿਅਕਤੀ ਸਨ ਜਿਨ੍ਹਾਂ ਵਿਚੋਂ ਨੌਵੇਂ ਗੁਰੂ ਦੀ ਚੋਣ ਹੋ ਸਕਦੀ ਸੀ। ਇਹ ਸਨ ਗੁਰੂ ਹਰਿ ਕਰਿਸ਼ਨ ਜੀ ਦੇ ਬਾਬੇ ਅਰਥਾਤ ਗੁਰੂ ਹਰਿ ਗੋਬਿੰਦ ਜੀ ਦੇ ਸਪੁੱਤਰ ਸੂਰਜ ਮੱਲ ਜੀ ਅਤੇ ਤੇਗ ਬਹਾਦੁਰ ਜੀ। ਸੂਰਜ ਮੱਲ ਜੀ ਦੀ ਗੁਰਿਆਈ ਦੇ ਮਾਮਲਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਸੰਸਾਰਿਕ ਵਿਅਕਤੀ ਸਨ ਅਤੇ ਦੁਨੀਆਂਦਾਰੀ ਦੇ ਕੰਮਾਂ ਵਿਚ ਉਲਝੇ ਹੋਏ ਸਨ। ਇਸ ਕਰ ਕੇ ਉਨ੍ਹਾਂ ਦਾ, ਸਿੱਖ ਧਰਮ ਦੇ ਮੂਲ ਆਧਾਰ, ਸਿੱਖ ਸੰਗਤਾਂ ਨਾਲ ਕੋਈ ਲਗਾਓ ਨਹੀਂ ਸੀ। ਤੇਗ ਬਹਾਦੁਰ ਜੀ ਪੂਰੀ ਤਰ੍ਹਾਂ ਧਰਮ ਕਰਮ ਦੇ ਕੰਮਾਂ ਨੂੰ ਸਮਰਪਤ ਸਨ। ਅਸੀਂ ਪਿੱਛੇ ਦੇਖਿਆ ਹੈ ਕਿ ਤੇਗ ਬਹਾਦੁਰ ਜੀ ਗੁਰੂ ਬਣਨ ਤੋਂ ਪਹਿਲਾਂ ਸਿੱਖ ਜੱਥੇ ਨਾਲ ਤੀਰਥ ਅਸਥਾਨਾਂ ਤੇ ਜਾ ਚੁੱਕੇ ਸਨ ਅਤੇ ਗੁਰੂ ਹਰਿ ਕਰਿਸ਼ਨ ਜੀ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ। ਇਸ ਲਈ ਜਦੋਂ ਦਿੱਲੀ ਵਿਖੇ ਗੁਰੂ ਹਰਿ ਕਰਿਸ਼ਨ ਜੀ 30 ਮਾਰਚ, 1664 ਈ. (ਚੇਤ ਸੁਦੀ 13, ਸੰਮਤ 1721 ਬਿ.) ਨੂੰ ਜੋਤੀ ਜੋਤ ਸਮਾਉਣ ਸਮੇਂ ਗੁਰੂ ਤੇਗ ਬਹਾਦੁਰ ਜੀ ਨੂੰ ਆਪਣਾ ਉਤਰਅਧਿਕਾਰੀ ਐਲਾਨ ਕਰ ਗਏ ਸਨ ਉਸ ਸਮੇਂ ਤੇਗ ਬਹਾਦੁਰ ਜੀ ਬਾਬਾ ਬਕਾਲਾ ਵਿਖੇ ਸਨ। ਦਿੱਲੀ ਤੋਂ ਮੁੱਖੀ ਸਿੱਖਾਂ ਦਾ ਜੱਥਾ ਗੁਰੂ ਹਰਿ ਕਰਿਸ਼ਨ ਜੀ ਦੇ ਹੁਕਮਾਂ ਨੂੰ ਲੈ ਕੇ ਬਾਬਾ ਬਕਾਲਾ ਲਈ ਰਵਾਨਾ ਹੋ ਗਿਆ ਸੀ। ਇਸ ਜੱਥੇ ਵਿਚ ਭੱਟ ਵਹੀਆਂ ਅਨੁਸਾਰ ਇਹ ਮੁੱਖੀ ਸਿੱਖ ਸਨ : ਦੀਵਾਨ ਦਰਘਾ ਮਲ, ਚੋਪਤ ਰਾਏ, ਜੇਠਾ, ਮਨੀ ਰਾਮ, ਗੁਰਬਖ਼ਸ਼ ਅਤੇ ਨਾਨੂ। ਸਵਰਗੀਜ ਗੁਰੂ ਹਰਿ ਕਰਿਸ਼ਨ ਜੀ ਦੀ ਮਾਤਾ ਸੁਲੱਖਣੀ ਜੀ ਵੀ ਇਸ ਜੱਥੇ ਨਾਲ ਸਨ। ਇਹ ਜੱਥਾ ਭਾਵੇਂ ਦਿੱਲੀ ਤੋਂ ਛੇਤੀ ਹੀ ਕੀਰਤਪੁਰ ਸਾਹਿਬ ਅਤੇ ਬਾਬਾ ਬਕਾਲਾ ਵਿਖੇ ਪਹੁੰਚ ਗਿਆ ਸੀ ਪਰ ਗੁਰੂ ਘਰ ਦੇ ਦੋਖੀਆਂ : ਧੀਰ ਮੱਲ ਅਤੇ ਉਸ ਦੇ ਹੋਰ ਹਮਾਇਤੀਆਂ ਨੇ ਬਾਬਾ ਬਕਾਲਾ ਵਿਖੇ ਆਪਣੇ ਅੱਡੇ ਜਮਾਅ ਲਏ ਸਨ। ਇਨ੍ਹਾਂ ਨੇ ਹਰ ਤਰ੍ਹਾਂ

ਨਾਲ ਸਿੱਖ ਸੰਗਤਾਂ ਨੂੰ ਵਰਗਲਾਉਣ, ਧਮਕਾਉਣ ਅਤੇ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਸੀ। ਹੋ ਸਕਦਾ ਹੈ ਕਿ ਇਸ ਵਿਚ ਮੁਗਲ ਸਰਕਾਰ ਦੀ ਵੀ ਕੋਈ ਨੀਤੀ ਕੰਮ ਕਰ ਰਹੀ ਹੋਵੇ ਕਿਉਂਕਿ ਬਿਨਾ ਕਿਸੇ ਤਕੜੀ ਧਿਰ ਦੀ ਸ਼ਹਿ ਦੇ ਸਿੱਖ ਸੰਗਤਾਂ ਨੂੰ ਕਾਫੀ ਲੰਮੇ ਸਮੇਂ ਤਕ ਗੁਰੂ ਤੇਗ ਬਹਾਦੁਰ ਜੀ ਤਕ ਪਹੁੰਚਣ ਤੋਂ ਰੋਕਿਆ ਨਹੀਂ ਸੀ ਜਾ ਸਕਦਾ। ਜਿਹੜਾ ਜੱਥਾ ਦਿੱਲੀ ਤੋਂ ਅਠਵੇਂ ਗੁਰੂ ਦੀਆਂ ਹਦਾਇਤਾਂ ਮੁਤਾਬਕ ਤੇਗ ਬਹਾਦੁਰ ਜੀ ਨੂੰ ਗੁਰਿਆਈ ਤਿਲਕ ਦੇਣ ਲਈ ਬਾਬਾ ਬਕਾਲਾ ਵਿਖੇ ਭੇਜਿਆ ਗਿਆ ਸੀ ਉਹ ਗਿਆਰਾਂ ਅਗਸਤ ਤਕ ਆਪਣੀ ਰਸਮ ਪੂਰੀ ਨਹੀਂ ਕਰ ਸਕਿਆ ਸੀ। ਜੇ ਇਹ ਜੱਥਾ ਅਪਰੈਲ ਦੇ ਪਹਿਲੇ ਹਫਤੇ ਦਿੱਲੀ ਤੋਂ ਤੁਰਿਆ ਸੀ ਤਾਂ ਵੀ ਚਾਰ ਮਹੀਨੇ ਦਾ ਵਕਫਾ ਬਹੁਤ ਲੰਮਾ ਸਮਾਂ ਹੈ। ਲਗਾਤਾਰ ਚਾਰ ਮਹੀਨਿਆਂ ਤੋਂ ਉੱਪਰ ਸਮੇਂ ਤਕ ਇਹ ਜੱਥਾ ਗੁਰੂ ਤੇਗ ਬਹਾਦੁਰ ਜੀ ਨੂੰ ਗੁਰਿਆਈ ਤਿਲਕ ਲਗਾਉਣ ਦੀ ਰਸਮ ਅਦਾ ਨਹੀਂ ਕਰ ਸਕਿਆ ਸੀ। ਇਸ ਦਾ ਕਾਰਣ ਇਹੀ ਹੋ ਸਕਦਾ ਹੈ ਕਿ ਕਿਸੇ ਬਹੁਤ ਤਕੜੀ ਧਿਰ ਦੀ ਸਹਾਇਤਾ ਧੀਰ ਮੱਲ ਨੂੰ ਹੋਣੀ ਹੈ। ਬਾਬਾ ਬਕਾਲਾ ਵਿਖੇ ਗੁਰੂ ਤੇਗ ਬਹਾਦੁਰ ਜੀ ਦੀ ਵਿਰੋਧਤਾ ਕਰਨ ਵਾਲਾ ਮੁੱਖ ਤੌਰ ਤੇ ਧੀਰ ਮੱਲ ਹੀ ਸੀ ਕਿਉਂਕਿ ਉਹ ਬਾਬਾ ਗੁਰਦਿੱਤਾ ਜੀ ਦਾ ਵੱਡਾ ਪੁੱਤਰ ਸੀ ਇਸ ਲਈ ਉਹ ਆਪਣੇ ਭਰਾ ਦੇ ਪਰਿਵਾਰ ਦੀ ਅੱਗੇ ਸੰਤਾਨ ਨਾ ਹੋਣ ਕਾਰਨ ਆਪਣੇ ਆਪ ਨੂੰ ਹੀ ਇਕੋ ਇਕ ਉਤਰਅਧਿਕਾਰੀ ਸਮਝਦਾ ਸੀ।

ਗੁਰੂ ਤੇਗ ਬਹਾਦੁਰ ਜੀ ਨੂੰ ਗੁਰਿਆਈ ਤਿਲਕ ਲਗਾਉਣ ਦੀ ਰਸਮ ਸਿਰਫ ਉਸ ਸਮੇਂ ਸੰਭਵ ਹੋ ਸਕੀ ਸੀ ਜਦੋਂ ਕਿ ਭਾਈ ਮੱਖਣ ਸ਼ਾਹ ਜੈਸੇ ਮੁੱਖੀ ਸਿੱਖ ਆਪਣੇ ਹਥਿਆਰਬੰਦ ਵਿਅਕਤੀਆਂ ਨੂੰ ਲੈ ਕੇ ਬਾਬਾ ਬਕਾਲਾ ਵਿਖੇ ਪਹੁੰਚ ਗਏ ਸਨ। ਭਾਈ ਮੱਖਣ ਸ਼ਾਹ ਨਾ ਹੀ ਸਿਰਫ ਇਕ ਧਨਾਢ ਵਪਾਰੀ ਸੀ ਸਗੋਂ ਉਸ ਦੇ ਪਾਸ ਮਨੁੱਖੀ ਸ਼ਕਤੀ ਵੀ ਬਹੁਤ ਸੀ। ਭਾਈ ਮੱਖਣ ਸ਼ਾਹ ਦੇ ਬਾਬਾ ਬਕਾਲਾ ਵਿਖੇ ਪਹੁੰਚਣ ਨਾਲ ਸਿੱਖ ਸੰਗਤਾਂ ਦਾ ਜ਼ੋਰ ਪੈ ਗਿਆ ਅਤੇ ਉਨ੍ਹਾਂ ਨੇ ਗੁਰਿਆਈ ਦੀ ਰਸਮ ਪੂਰੀ ਕਰਨ ਲਈ ਸਾਰਾ ਰਸਤਾ ਸਾਫ ਕਰ ਦਿੱਤਾ।

ਭਾਦੋਂ ਦੀ ਅਮਾਵਸ, ਸੰਮਤ 1721 ਬਿ. ਮੁਤਾਬਕ 11 ਅਗਸਤ, 1664 ਈ. ਨੂੰ ਦਿੱਲੀ ਤੋਂ ਆਏ ਜੱਥੇ ਨੇ ਗੁਰੂ ਤੇਗ ਬਹਾਦੁਰ ਜੀ ਨੂੰ ਗੁਰਿਆਈ ਤਿਲਕ ਦਿੱਤਾ। ਇਸ ਤਰ੍ਹਾਂ ਬਹੁਤ ਵੱਡੀ ਵਿਰੋਧਤਾ ਦੇ ਬਾਵਜੂਦ ਵੀ ਗੁਰੂ ਤੇਗ ਬਹਾਦੁਰ ਜੀ ਨੌਵੇਂ ਗੁਰੂ ਦੇ ਤੌਰ ਤੇ ਪਰਗਟ ਹੋ ਗਏ ਸਨ ਪਰ ਧੀਰ ਮੱਲ ਨੇ ਆਪਣੀ ਵਿਰੋਧਤਾ ਛੱਡੀ ਨਹੀਂ ਸੀ। ਉਹ ਸਿਰਫ ਸਿੱਖ ਸੰਗਤਾਂ ਦਾ ਸਹਿਯੋਗ ਲੈਣ ਦੇ ਕੰਮ ਵਿਚ ਹੀ ਹਾਰਿਆ ਸੀ ਪਰ ਉਸ ਦੀ ਵਿਰੋਧਤਾ ਜਾਰੀ ਸੀ। ਗੁਰੂ ਤੇਗ ਬਹਾਦੁਰ ਜੀ ਬਾਬਾ ਬਕਾਲਾ ਤੋਂ ਕੀਰਤਪੁਰ ਸਾਹਿਬ ਆਉਂਦੇ ਜਾਂਦੇ ਰਹਿੰਦੇ ਸਨ। ਧੀਰ ਮੱਲ ਦੀ ਰਿਹਾਇਸ਼ ਕਰਤਾਰਪੁਰ ਵਿਖੇ ਸੀ। ਇਕ ਦਿਨ ਮੌਕਾ ਤਾੜ ਕੇ ਧੀਰ ਮੱਲ ਨੇ ਆਪਣੇ ਵਿਅਕਤੀਆਂ ਨਾਲ ਗੁਰੂ ਤੇਗ ਬਹਾਦੁਰ ਜੀ ਦੇ ਮਕਾਨ ਉੱਪਰ ਹਮਲਾ ਕਰ ਦਿੱਤਾ। ਸ਼ਾਇਦ ਧੀਰ ਮਲ ਨਿਰਾਸ਼ ਹੋਇਆ ਗੁਰੂ ਸਾਹਿਬ ਨੂੰ ਜਾਨੋ ਹੀ ਮਾਰ ਦੇਣਾ ਚਾਹੁੰਦਾ ਸੀ। ਉਸ ਦੇ ਸ਼ੀਹੇ ਮਸੰਦ ਨੇ ਗੁਰੂ ਜੀ ਉੱਪਰ ਗੋਲੀ ਚਲਾਈ। ਗੁਰੂ ਜੀ ਦੇ ਮਕਾਨ ਨੂੰ ਲੁੱਟ ਲਿਆ ਗਿਆ ਸੀ। ਗੁਰੂ ਜੀ ਗੋਲੀ ਲੱਗਣ ਕਰ ਕੇ ਜ਼ਖ਼ਮੀ ਹੋ ਗਏ ਸਨ। ਧੀਰ ਮੱਲ ਦੀ ਧਾੜ ਹਮਲਾ ਕਰਨ ਪਿੱਛੋਂ ਜਾ ਚੁੱਕੀ ਸੀ। ਭਾਈ ਮੱਖਣ ਸ਼ਾਹ ਅਤੇ ਹੋਰ ਮੁੱਖੀ ਸਿੱਖ ਕਿਧਰੇ ਬਾਹਰ ਗਏ ਹੋਏ ਸਨ। ਜਦੋਂ ਇਹ ਵਾਪਸ ਆਏ ਤੇ ਪਤਾ ਲਗਿਆ ਕਿ ਧੀਰ ਮੱਲ ਨੇ ਗੁਰੂ ਜੀ ਉੱਪਰ ਜਾਨਲੇਵਾ ਹਮਲਾ ਕੀਤਾ ਹੈ ਤਾਂ ਸਿੱਖ ਸੰਗਤਾਂ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ। ਉਹ ਗੁਰੂ ਜੀ ਦੀ ਆਗਿਆ ਤੋਂ ਬਿਨਾਂ ਹੀ ਧੀਰ ਮੱਲ

ਦੇ ਡੇਰੇ ਉੱਪਰ ਜਾ ਪਏ। ਡੇਰੇ ਨੂੰ ਉਜਾੜ ਦਿੱਤਾ ਗਿਆ; ਧੀਰ ਮੱਲ ਅਤੇ ਉਸ ਦੀ ਧਾੜ ਨੂੰ ਕੁੱਟ-ਮਾਰ ਕੇ ਭਜਾ ਦਿੱਤਾ ਗਿਆ ਅਤੇ ਡੇਰੇ ਦਾ ਸਭ ਸਮਾਨ ਸਮੇਤ ਗੁਰੂ ਤੇਗ ਬਹਾਦੁਰ ਜੀ ਦੇ ਸਮਾਨ ਦੇ, ਚੁੱਕ ਕੇ ਲਿਆਂਦਾ ਗਿਆ। ਜਦੋਂ ਇਸ ਗੱਲ ਦਾ ਪਤਾ ਗੁਰੂ ਤੇਗ ਬਹਾਦੁਰ ਜੀ ਨੂੰ ਲਗਿਆ ਤਾਂ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਧੀਰ ਮੱਲ ਦਾ ਸਾਰਾ ਸਮਾਨ ਸਮੇਤ ਗੁਰੂ ਗ੍ਰੰਥ ਸਾਹਿਬ ਦੀ ਇਕ ਮੌਲਿਕ ਬੀੜ ਦੇ, ਧੀਰ ਮੱਲ ਨੂੰ ਵਾਪਸ ਕਰਨ ਦਾ ਹੁਕਮ ਕਰ ਦਿੱਤਾ। ਇਹ ਜਵਾਬੀ ਹਮਲਾ ਭਾਵੇਂ ਗੁਰੂ ਜੀ ਦੀ ਇਜਾਜ਼ਤ ਤੋਂ ਬਗੈਰ ਕੀਤਾ ਗਿਆ ਸੀ ਪਰ ਇਸ ਨਾਲ ਧੀਰ ਮੱਲ ਦੀ ਵਿਰੋਧਤਾ ਖ਼ਤਮ ਹੋ ਗਈ ਸੀ ਅਤੇ ਗੁਰੂ ਤੇਗ ਬਹਾਦੁਰ ਜੀ ਖੁੱਲ੍ਹੇ ਆਮ ਪਰਚਾਰ ਕਰਨ ਲੱਗ ਪਏ ਸਨ।

ਇਸੇ ਹੀ ਸਮੇਂ ਗੁਰੂ ਜੀ ਨੇ ਬਾਬਾ ਬਕਾਲਾ ਤੋਂ ਮਾਝੇ ਦੇ ਇਲਾਕੇ ਦਾ ਪਹਿਲਾ ਦੌਰਾ ਸ਼ੁਰੂ ਕੀਤਾ। ਇਸ ਤਰ੍ਹਾਂ ਆਪ ਸਠਿਆਲਾ ਅਤੇ ਕਾਲੇਕੇ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਅੰਮ੍ਰਿਤਸਰ ਪਹੁੰਚੇ। ਅੰਮ੍ਰਿਤਸਰ ਦਾ ਕੇਂਦਰੀ ਅਸਥਾਨ ਕਾਫੀ ਲੰਮੇ ਅਰਸੇ ਤੋਂ ਗੁਰੂ ਸਾਹਿਬਾਨ ਦੇ ਸਿੱਧੇ ਕੰਟਰੋਲ ਹੇਠ ਨਹੀਂ ਸੀ। ਇੱਥੇ ਪਿਰਥੀ ਚੰਦ ਦੀ ਸੰਤਾਨ ਹੀ ਪਰਬੰਧ ਕਰਦੀ ਸੀ। ਜਦੋਂ ਗੁਰੂ ਜੀ ਅੰਮ੍ਰਿਤਸਰ ਪਹੁੰਚੇ ਸਨ ਤਾਂ ਇੱਥੇ ਬਾਰੇ ਦੋ ਵਿਰੋਧੀ ਵਿਚਾਰ ਮਿਲਦੇ ਹਨ। ਇਕ ਵਿਚਾਰ ਅਨੁਸਾਰ ਗੁਰੂ ਜੀ ਨੂੰ ਸਿਰੀ ਦਰਬਾਰ ਸਾਹਿਬ ਵਿਚ ਵੜਨ ਨਹੀਂ ਦਿੱਤਾ ਗਿਆ ਸੀ। ਦੂਜੇ ਵਿਚਾਰ ਅਨੁਸਾਰ ਗੁਰੂ ਜੀ ਦਾ ਸੋਢੀ ਹਰਿ ਜੀ ਦੇ ਵਿਅਕਤੀਆਂ ਵੱਲੋਂ ਪੂਰਾ ਸਤਿਕਾਰ ਕੀਤਾ ਗਿਆ ਸੀ। ਦੂਜੇ ਵਿਚਾਰ ਵਿਚ ਸੱਚਾਈ ਜ਼ਿਆਦਾ ਪਰਤੀਤ ਹੁੰਦੀ ਹੈ ਕਿਉਂਕਿ ਇਸ ਸਮੇਂ ਤਕ ਸਿੱਖ ਸੰਗਤਾਂ ਦਾ ਗੁਰੂ ਘਰ ਦੇ ਵਿਰੋਧੀਆਂ ਉੱਪਰ ਪੂਰਾ ਜ਼ੋਰ ਪੈ ਚੁੱਕਿਆ ਸੀ ਅਤੇ ਅੰਮ੍ਰਿਤਸਰ ਦੇ ਸੋਢੀਆਂ ਦੀ ਇਤਨੀ ਹਿੰਮਤ ਨਹੀਂ ਸੀ ਕਿ ਉਹ ਸਿੱਖਾਂ ਦੇ ਨੌਵੇਂ ਗੁਰੂ ਨੂੰ ਸਿੱਖਾਂ ਦੇ ਹੀ ਧਾਰਮਿਕ ਕੇਂਦਰ ਵਿਚ ਦਾਖ਼ਲ ਹੋਣ ਤੋਂ ਰੋਕ ਸਕਦੇ। ਭੱਟ ਵਹੀਆਂ ਅਨੁਸਾਰ ਗੁਰੂ ਜੀ ਨਾਲ ਇਸ ਸਮੇਂ ਸਮੇਤ ਮੱਖਣ ਸ਼ਾਹ ਲੁਬਾਣੇ ਦੇ ਸਭ ਮੁੱਖੀ ਸਿੱਖ ਸਨ। ਇਸ ਲਈ ਇਤਨੀ ਸੰਗਤ ਦੇ ਹੁੰਦਿਆਂ ਪਿਰਥੀ ਚੰਦ ਦੇ ਉਤਰਅਧਿਕਾਰੀਆਂ ਦੀ ਹਿੰਮਤ ਨਹੀਂ ਸੀ ਕਿ ਉਹ ਗੁਰੂ ਜੀ ਨੂੰ ਦਰਬਾਰ ਸਾਹਿਬ ਅੰਦਰ ਜਾਣ ਤੋਂ ਰੋਕ ਸਕਦੇ। ਗੁਰੂ ਜੀ ਨਾਲ ਮੁੱਖੀ ਸਿੱਖਾਂ ਦੀ ਵਹੀਰ ਦਾ ਭੱਟ ਵਹੀ ਤਿਮਰ ਬਿਜਲੌਂਤੋਂ ਕੀ ਵਿਚ ਇਉਂ ਉਲੇਖ ਮਿਲਦਾ ਹੈ :

> "ਗੁਰੂ ਤੇਗ ਬਹਾਦੁਰ ਜੀ ਮਹਲ ਨਾਮਾ ਬੇਟਾ ਗੁਰੂ ਹਰਿ ਗੋਬਿੰਦ ਜੀ ਕਾ ਪੋਤਾ ਗੁਰੂ ਅਰਜਨ ਜੀ ਕਾ ਪੜਪੋਤਾ ਗੁਰੂ ਰਾਮਦਾਸ ਜੀ ਕਾ.....ਸਾਲ ਸਤਰੈ ਸੈ ਇਕੀਸ ਮਘਸਰ ਕੀ ਪੂਰਨਿਮਾ ਕੇ ਦਿਹੁੰ ਗੁਰੂ ਚਕ ਕੇ ਮਲਹਾਨ ਪਰਗਨਾ ਅਜਨਾਲਾ ਆਏ ਸਾਥ ਗੁਰੂ ਦਵਾਰਕਾ ਦਾਸ ਬੇਟਾ ਗੁਰੂ ਅਰਜਨੀ ਸਾਹਿਬ ਭੱਲਾ ਕਾ ਦੀਵਾਨ ਦਰਘਾ ਮਲ ਬੇਟਾ ਦਵਾਰਕਾ ਦਾਸ ਛਿਬਰ ਕਾ ਮੱਖਣ ਸ਼ਾਹ ਬੇਟਾ ਦਾਸੇ ਕਾ ਪੋਲੀਆ ਬਣਜਾਰਾ ਹੋਰ ਸਿੱਖ ਫ਼ਕੀਰ ਆਏ ਗੁਰੂ ਜੀ ਨੇ ਸਿਰੀ ਦਰਬਾਰ ਆਗੇ ਇਕ ਉੱਚੇ ਚਬੂਤਰੇ ਤੇ ਆਸਨ ਲਾਇਆ ਸਤਿਗੁਰ ਕਾ ਗੁਰੂ ਕੀ ਨਗਰੀ ਆਨਾ ਸੁਣ ਗੁਰੂ ਹਰਿ ਜੀ ਬੇਟਾ ਗੁਰੂ ਮਨੋਹਰ ਜੀ ਕਾ ਪੜਪੋਤਾ ਗੁਰੂ ਪਿਰਥੀ ਚੰਦ ਜੀ ਕਾ ਬੰਸ ਗੁਰੂ ਰਾਮਦਾਸ ਜੀ ਕੀ ਮਹਲ ਚੌਥੇ ਕੀ ਸੰਗਤ ਕੋ ਗੈਲ ਲੈ ਦਰਸ਼ਨ ਪਾਣੇ ਆਏ।"

ਅੰਮ੍ਰਿਤਸਰ ਕੁਝ ਸਮਾਂ ਠਹਿਰਣ ਉਪਰੰਤ ਗੁਰੂ ਸਾਹਿਬ, ਨੇੜੇ ਦੇ ਪਿੰਡ ਵੇਰਕਾ ਅਤੇ ਵੱਲਾ

ਵੀ ਗਏ। ਇੱਥੋਂ ਘੁਕੇ ਵਾਲੀ (ਗੁਰੂ ਕੇ ਬਾਗ) ਪਿੰਡ ਗਏ। ਇੱਥੇ ਗੁਰੂ ਜੀ ਨੇ ਸੰਗਤਾਂ ਦੀ ਸਹੂਲਤ ਲਈ ਇਕ ਖੂਹ ਵੀ ਲਗਵਾਇਆ ਸੀ ਜਿਹੜਾ ਅੱਜ ਵੀ ਕਾਇਮ ਹੈ। ਇਸ ਖੂਹ ਦੀ ਮੌਣ ਦੇ ਅੰਦਰ ਇਕ ਪੱਥਰ ਲਗਿਆ ਹੋਇਆ ਹੈ ਜਿਸ ਉੱਪਰ ਇਹ ਲਿਖਿਆ ਹੋਇਆ ਹੈ ਕਿ ਇਸ ਖੂਹ ਦੀ ਟਹਿਲ ਗੁਰੂ ਜੀ ਨੇ ਕਰਵਾਈ ਸੀ। ਘੁਕੇ ਵਾਲੀ ਤੋਂ ਤਰਨ-ਤਾਰਨ ਅਤੇ ਗੋਇੰਦਵਾਲ ਸਾਹਿਬ ਵਿਚੋਂ ਦੀ ਹੁੰਦੇ ਹੋਏ ਖੇਮਕਰਨ ਅਤੇ ਚੋਲ੍ਹਾ ਸਾਹਿਬ ਗਏ। ਉਪਰੰਤ ਗੁਰੂ ਸਾਹਿਬ ਮਈ, 1665 ਈ. ਵਿਚ ਬਾਬਾ ਬਕਾਲਾ ਹੁੰਦੇ ਹੋਏ ਕੀਰਤਪੁਰ ਸਾਹਿਬ ਪਹੁੰਚ ਗਏ ਸਨ। ਬਾਬਾ ਬਕਾਲਾ ਤੋਂ ਕੀਰਤਪੁਰ ਪਹੁੰਚਦਿਆਂ ਰਸਤੇ ਵਿਚ ਅਨੇਕਾਂ ਥਾਵਾਂ ਤੇ ਗੁਰੂ ਜੀ ਨੇ ਠਹਿਰਾ ਕੀਤਾ ਸੀ। ਇਨ੍ਹਾਂ ਵਿਚ ਇਹ ਅਸਥਾਨ ਹਨ : ਕਰਤਾਰਪੁਰ, ਪਲਾਹੀ ਨਗਰ, ਹਕੀਮਪੁਰ, ਨਵਾਂ ਸ਼ਹਿਰ, ਦੁਰਗਾਪੁਰ ਆਦਿ। ਕੀਰਤਪੁਰ ਸਾਹਿਬ ਪਹੁੰਚਣ ਤੇ ਗੁਰੂ ਸਾਹਿਬ ਨੂੰ ਪਤਾ ਲਗਿਆ ਸੀ ਕਿ ਬਿਲਾਸਪੁਰ ਦੇ ਰਾਜਾ ਦੀਪ ਚੰਦ ਦਾ ਦਿਹਾਂਤ ਹੋ ਗਿਆ ਹੈ ਅਤੇ ਉਸ ਦੀ ਸਤਾਰਵੀਂ ਦੀ ਰਸਮ ਪੰਦਰਾਂ ਜੇਠ, ਸੰਮਤ 1722 ਬਿ. ਮੁਤਾਬਕ 13 ਮਈ, 1665 ਨੂੰ ਹੋਣੀ ਹੈ। ਇੱਥੇ ਹੀ ਬਿਲਾਸਪੁਰ ਦੀ ਵਿਧਵਾ ਰਾਣੀ ਦਾ ਰਾਜੇ ਦੀ ਸਤਾਰਵੀਂ ਦੀ ਰਸਮ ਤੇ ਪਹੁੰਚਣ ਦਾ ਸੱਦਾ ਪਰਾਪਤ ਹੋਇਆ। ਫਲਸਰੂਪ ਗੁਰੂ ਸਾਹਿਬ ਆਪਣੇ ਸਾਰੇ ਪਰਿਵਾਰ ਸਮੇਤ ਬਿਲਾਸਪੁਰ ਪਹੁੰਚ ਗਏ ਸਨ। ਇੱਥੇ ਹੀ ਰਾਣੀ ਚੰਪਾ ਦੇਵੀ ਨੇ ਗੁਰੂ ਜੀ ਨੂੰ ਕੀਰਤਪੁਰ ਸਾਹਿਬ ਤੋਂ ਵੱਖਰਾ ਪਰ ਨੇੜੇ ਹੀ ਇਕ ਹੋਰ ਨਗਰ ਵਸਾਉਣ ਵਾਸਤੇ ਥਾਂ ਦੇਣ ਦੀ ਪੇਸ਼ਕਸ਼ ਕੀਤੀ ਜੋ ਗੁਰੂ ਸਾਹਿਬ ਨੇ ਮਨਜ਼ੂਰ ਕਰ ਲਈ। ਇਸ ਦੇ ਸਿੱਟੇ ਵੱਜੋਂ ਵਰਤਮਾਨ ਆਨੰਦਪੁਰ ਸਾਹਿਬ ਵਾਲੀ ਥਾਂ ਦੀ ਚੋਣ ਕੀਤੀ ਗਈ ਜੋ ਤਿੰਨ ਪਿੰਡਾਂ—ਲੋਦੀਪੁਰ, ਮੀਆਂਪੁਰ ਅਤੇ ਸਹੋਦੇ ਦੀ ਸਾਂਝੀ ਧਰਤੀ ਸੀ। 21 ਹਾੜ, ਸੰਮਤ 1722 ਬਿ. ਮੁਤਾਬਕ 19 ਜੂਨ, 1665 ਈ. ਨੂੰ ਬਾਬਾ ਬੁੱਢਾ ਜੀ ਦੇ ਸਪੁਤਰ ਬਾਬਾ ਗੁਰਦਿੱਤਾ ਰੰਧਾਵਾ ਨੇ ਨਵੇਂ ਨਗਰ ਦਾ ਨੀਂਹ ਪੱਥਰ ਰੱਖਿਆ ਅਤੇ ਨਾਂ ਚੱਕ-ਨਾਨਕੀ ਰੱਖਿਆ ਗਿਆ।

ਪੂਰਬੀ ਭਾਰਤ ਦੇ ਅਸਥਾਨਾਂ ਦੇ ਦੌਰੇ :

ਗੁਰੂ ਤੇਗ ਬਹਾਦੁਰ ਜੀ ਵੱਲੋਂ ਨਵੇਂ ਨਗਰ ਚੱਕ-ਨਾਨਕੀ ਦੀ ਉਸਾਰੀ ਦੀ ਨੀਂਹ ਰਖਵਾਏ ਜਾਣ ਨੂੰ ਅਜੇ ਕੋਈ ਬਹੁਤਾ ਸਮਾਂ ਨਹੀਂ ਸੀ ਹੋਇਆ ਕਿ ਉਹ ਪੂਰਬੀ ਭਾਰਤ ਦੇ ਅਸਥਾਨਾਂ ਦੇ ਦੌਰਿਆਂ ਨੂੰ ਚਲ ਪਏ ਸਨ। ਜਿਵੇਂ ਕਿ ਪਿੱਛੇ ਲਿਖਿਆ ਜਾ ਚੁੱਕਿਆ ਹੈ ਕਿ ਚੱਕ-ਨਾਨਕੀ ਦੀ ਨੀਂਹ 19 ਜੂਨ, 1665 ਈ. (21 ਹਾੜ, ਸੰਮਤ 1722) ਨੂੰ ਰੱਖੀ ਗਈ ਸੀ ਅਤੇ ਗੁਰੂ ਜੀ 1665 ਈ. ਦੇ ਅਕਤੂਬਰ ਜਾਂ ਨਵੰਬਰ ਦੇ ਸ਼ੁਰੂ ਵਿਚ ਚੱਕ-ਨਾਨਕੀ ਤੋਂ ਚੱਲ ਪਏ ਸਨ ਕਿਉਂਕਿ ਭੱਟ ਵਹੀਆਂ ਅਨੁਸਾਰ ਗੁਰੂ ਜੀ ਇਸ ਸਾਲ ਦੀ ਦਿਵਾਲੀ ਨੂੰ ਬਾਂਗਰ (ਹਰਿਆਣੇ) ਦੇ ਪਰਸਿਧ ਅਸਥਾਨ ਧਮਧਾਨ ਵਿਖੇ ਸਨ। ਚੱਕ-ਨਾਨਕੀ ਤੋਂ ਇਤਨਾ ਛੇਤੀ ਚਲੇ ਜਾਣਾ, ਇਸ ਦੇ ਕੁਝ ਇਕ ਕਾਰਣ ਸਨ। ਸਭ ਤੋਂ ਵੱਡਾ ਕਾਰਣ ਤਾਂ ਇਹ ਸੀ ਕਿ ਗੁਰੂ ਜੀ ਦਾ ਪਰਿਵਾਰ ਪਟਣਾ ਸਾਹਿਬ (ਬਿਹਾਰ) ਵਿਖੇ ਸੀ ਅਤੇ ਗੁਰੂ ਸਾਹਿਬ ਥੋੜੇ ਸਮੇਂ ਵਾਸਤੇ, ਗੁਰੂ ਹਰਿ ਰਾਇ ਜੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੰਜਾਬ ਵਿਚ ਆਏ ਸਨ ਪਰ ਪਿੱਛੋਂ ਗੁਰੂ ਹਰਿ ਕਰਿਸ਼ਨ ਜੀ ਦੇ ਅਚਾਨਕ ਜੋਤੀ-ਜੋਤ ਸਮਾ ਜਾਣ ਕਾਰਨ ਗੁਰੂ ਤੇਗ ਬਹਾਦੁਰ ਜੀ ਵੱਲੋਂ ਗੁਰਗੱਦੀ ਧਾਰਨ ਕਰ ਲੈਣ ਨਾਲ ਅਤੇ ਗੁਰਗੱਦੀ ਧਾਰਨ ਕਰਨ ਸਮੇਂ ਹੋਏ ਝਗੜਿਆਂ ਕਾਰਨ ਗੁਰੂ ਜੀ ਦੀ ਪੰਜਾਬ ਵਿਚ ਮੌਜੂਦਗੀ ਲੰਮੀ ਹੋ ਗਈ ਸੀ। ਜਿਉਂ ਹੀ ਇਧਰ ਗੁਰੂ ਜੀ ਸਭ ਕੰਮਾਂ ਤੋਂ ਵਿਹਲੇ ਹੋਏ ਤਾਂ

ਉਨ੍ਹਾਂ ਨੇ ਪਟਣਾ ਸਾਹਿਬ ਤੋਂ ਆਪਣਾ ਪਰਿਵਾਰ ਲਿਆਉਣ ਦੀ ਗੱਲ ਸੋਚੀ ਅਤੇ 1665 ਦੇ ਨਵੰਬਰ ਮਹੀਨੇ ਦੇ ਸ਼ੁਰੂ ਵਿਚ ਉਹ ਚੱਕ-ਨਾਨਕੀ ਤੋਂ ਚਲ ਪਏ ਸਨ ਅਤੇ ਧਮਧਾਨ ਸਾਹਿਬ ਪਹੁੰਚ ਗਏ ਸਨ।[5] 8 ਨਵੰਬਰ,1665 ਈ. ਦੀ ਦੀਵਾਲੀ ਨੂੰ ਗੁਰੂ ਸਾਹਿਬ ਧਮਧਾਨ ਸਾਹਿਬ ਪਹੁੰਚ ਗਏ ਸਨ ਅਤੇ ਉੱਥੇ ਹੀ ਦੀਵਾਲੀ ਦਾ ਤਿਉਹਾਰ ਮਨਾਇਆ ਸੀ। ਦਿਵਾਲੀ ਤੋਂ ਕੁਝ ਦਿਨਾਂ ਪਿੱਛੋਂ ਗੁਰੂ ਸਾਹਿਬ ਦੀ ਗਰਿਫ਼ਤਾਰੀ ਹੋ ਜਾਂਦੀ ਹੈ। ਹੋ ਸਕਦਾ ਹੈ ਕਿ ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਦੌਰਿਆਂ ਤੋਂ ਸਰਕਾਰ ਘਬਰਾ ਗਈ ਹੋਵੇ ਅਤੇ ਗੁਰੂ ਜੀ ਦੀ ਗਰਿਫ਼ਤਾਰੀ ਦੇ ਵਾਰੰਟ ਕੱਢ ਦਿੱਤੇ ਹੋਣ। ਆਲਮ ਖਾਂ ਰੁਹੇਲਾ ਨੇ ਆਪਣੀ ਸੈਨਿਕ ਟੁਕੜੀ ਨਾਲ, ਸਿੱਖ ਸੰਗਤਾਂ ਦੇ ਵਿਸ਼ਾਲ ਇਕੱਠ ਵਿਚੋਂ ਗੁਰੂ ਜੀ ਨੂੰ ਧਮਧਾਨ ਸਾਹਿਬ ਤੋਂ ਗਰਿਫ਼ਤਾਰ ਕਰ ਕੇ ਦਿੱਲੀ ਭੇਜ ਦਿੱਤਾ ਸੀ। ਬਾਦਸ਼ਾਹ ਬੁਰੰਜੀ ਅਨੁਸਾਰ ਇਸ ਇਕੱਠ ਵਿਚ 30 ਹਜ਼ਾਰ ਸਿੱਖ ਸ਼ਾਮਲ ਸਨ।[6] ਭੱਟ ਵਹੀ ਜਾਦੂਬੰਸੀਆਂ ਖਾਤਾ ਬੜ੍ਹਤੀਆਂ ਅਨੁਸਾਰ :

> "ਗੁਰੂ ਤੇਗ ਬਹਾਦੁਰ ਜੀ ਮਹਿਲ ਨਾਮਾ.........ਨਗਰ ਧਮਧਾਨ ਪਰਗਨਾ ਬਾਂਗਰ ਸੇ ਆਲਮ ਖਾਨ ਰੋਹੇਲਾ ਸ਼ਾਹੀ ਹੁਕਮ ਗੈਲ ਦਿੱਲੀ ਸੇ ਲੇਕਰ ਆਯਾ ਸਾਲ ਸਤਰੈ ਸੈ ਬਾਈਸ ਕਾਰਤਿਕ ਮਾਸੇ ਸ਼ੁਕਲਾ ਪਖੇ ਸੁਦੀ ਗਿਆਰਾਂ ਦਿਹੁੰ ਸਾਥ ਸਤੀਦਾਸ ਮਤੀ ਦਾਸ ਬੇਟੇ ਹੀਰਾ ਮਲ ਛਿਬਰ ਕੇ ਗਵਾਲਦਾਸ ਬੇਟਾ ਛੋਟੇ ਮਲ ਛਿੱਬਰ ਕਾ ਗੁਰਦਾਸ ਬੇਟਾ ਕੀਰਤ ਬੜਤੀਆ ਕਾ ਸੰਗਤ ਬੇਟਾ ਬਿਨੇ ਉਪਲ ਕਾ ਜੇਠਾ ਦਿਆਲ ਦਾਸ ਬੇਟੇ ਮਤੀ ਦਾਸ ਦੇ ਜਲਹਾਨਾ ਬਲੌਤ ਹੋਰ ਸਿੱਖ ਫ਼ਕੀਰ ਫੜੇ ਆਏ।"

ਗੁਰੂ ਜੀ ਨੂੰ ਗਰਿਫ਼ਤਾਰ ਕਰ ਕੇ ਬਾਦਸ਼ਾਹ ਔਰੰਗਜ਼ੇਬ ਦੇ ਸਾਹਮਣੇ ਪੇਸ਼ ਕੀਤਾ ਗਿਆ, ਹੋ ਸਕਦਾ ਹੈ ਕਿ ਬਾਦਸ਼ਾਹ ਅਤੇ ਗੁਰੂ ਜੀ ਦੇ ਆਪਸੀ ਪੁੱਛ-ਗਿਛ ਵਾਲੇ ਸਵਾਲ ਜਵਾਬ ਹੋਏ ਹੋਣ ਪਰ ਔਰੰਗਜ਼ੇਬ ਨੇ ਗੁਰੂ ਜੀ ਨੂੰ ਜੈਪੁਰ ਦੇ ਰਾਜਾ ਮਿਰਜ਼ਾ ਰਾਜਾ ਜੈ ਸਿੰਘ ਦੇ ਬੇਟੇ ਕੰਵਰ ਰਾਮ ਸਿੰਘ ਕਛਬਾਹਾ ਦੀ ਹਿਰਾਸਤ ਵਿਚ ਭੇਜ ਦਿੱਤਾ। ਗੁਰੂ ਜੀ ਰਾਜਾ ਰਾਮ ਸਿੰਘ ਦੀ ਹਿਰਾਸਤ ਵਿਚ ਦੋ ਮਹੀਨੇ ਤਿੰਨ ਦਿਨ ਰਹੇ ਅਤੇ ਉਸੇ ਸਾਲ ਦੀ ਪੋਹ ਮਹੀਨੇ ਦੀ ਏਕਮ ਨੂੰ ਰਿਹਾਅ ਕਰ ਦਿੱਤੇ ਗਏ ਸਨ। ਭੱਟ ਵਹੀ ਜਾਦੂ ਬੰਸੀਆਂ ਖਾਤਾ ਬੜਤੀਆਂ ਦੀ ਇਸ ਬਾਰੇ ਟੂਕ ਇਸ ਤਰ੍ਹਾਂ ਹੈ :

> "ਗੁਰੂ ਤੇਗ ਬਹਾਦੁਰ ਜੀ ਮਹਲ ਨਾਮਾ..........ਕੋ ਬਾਦਸ਼ਾਹ ਔਰੰਗਜ਼ੇਬ ਨੇ ਕੰਵਰ ਰਾਮ ਸਿੰਘ ਕੱਛਬਾਹਾ ਬੇਟਾ ਰਾਜਾ ਜੈ ਸਿੰਘ ਮਿਰਜ਼ਾ ਕੀ ਮਿਸਲ ਮੇਂ ਨਜ਼ਰਬੰਦ ਕੀਯਾ ਜਾਨੇ ਕਾ ਹੁਕਮ ਦੀਯਾ ਦੋ ਮਾਸੀ ਤੀਨ ਦਿਹੁ ਗੁਰੂ ਜੀ ਬੰਦ ਰਹੇ........ ਸੰਮਤ ਸਤਰੈ ਸੈ ਬਾਈਸ ਕ੍ਰਿਸ਼ਣ ਪਖੇ ਪੋਖ ਮਾਸ ਕੀ ਏਕਮ ਤੋਂ ਬੰਧਨ ਮੁਕਤ ਹੂਏ।"

ਪਟਣਾ ਸਾਹਿਬ ਨੂੰ ਜਾਂਦਿਆਂ ਇਸ ਅਚਾਨਕ ਹੋਈ ਗਰਿਫ਼ਤਾਰੀ ਨੇ ਗੁਰੂ ਜੀ ਦੇ ਸਾਰੇ ਪਰੋਗਰਾਮ ਨੂੰ ਹੀ ਬਦਲ ਸੁੱਟਿਆ ਸੀ। ਗੁਰੂ ਜੀ ਨੂੰ ਰਾਜਾ ਰਾਮ ਸਿੰਘ ਨੇ ਕਿਉਂਕਿ ਪਿੱਛੇ ਦਸੇ ਮੁਤਾਬਕ ਦੋ ਮਹੀਨਿਆਂ ਅਤੇ ਕੁਝ ਦਿਨਾਂ ਬਾਅਦ ਰਿਹਾਅ ਕਰ ਦਿੱਤਾ ਸੀ। ਇਸ ਗੱਲ ਦਾ ਪਤਾ ਜਦੋਂ ਬਾਦਸ਼ਾਹ ਔਰੰਗਜ਼ੇਬ ਨੂੰ ਲਗਿਆ ਤਾਂ ਉਹ ਰਾਜਾ ਰਾਮ ਸਿੰਘ ਤੇ ਬਹੁਤ ਗੁੱਸੇ ਹੋਇਆ ਸੀ। ਇਸੇ ਹੀ ਸਮੇਂ ਉਸ ਦੀ ਹਿਰਾਸਤ ਵਿਚੋਂ ਆਗਰੇ ਤੋਂ ਸ਼ਿਵਾ ਜੀ ਵੀ ਨੱਸ ਗਿਆ ਸੀ। ਇਸ ਗੱਲ ਨੇ ਉਸ ਦੇ ਸਾਰੇ ਵਿਸ਼ਵਾਸ ਨੂੰ ਖਤਮ ਕਰ ਦਿੱਤਾ ਸੀ।[7] ਔਰੰਗਜ਼ੇਬ ਦਾ ਗੁੱਸਾ

ਗੁੱਝਾ-ਛੁਪਾ ਨਹੀਂ ਸੀ। ਅਸਲ ਵਿਚ ਰਾਜਾ ਰਾਮ ਸਿੰਘ ਨੂੰ ਆਸਾਮ ਦੀ ਮੁਹਿੰਮ ਤੇ ਭੇਜਣਾ ਇਸ ਗੁੱਸੇ ਦਾ ਸਿੱਟਾ ਹੀ ਸੀ। ਹੋ ਸਕਦਾ ਹੈ ਕਿ ਰਾਜਾ ਰਾਮ ਸਿੰਘ ਨੇ ਸਾਰੇ ਹਾਲਾਤ ਤੋਂ ਮਜ਼ਬੂਰ ਹੋ ਕੇ ਗੁਰੂ ਸਾਹਿਬ ਨੂੰ ਫਿਰ ਤੋਂ ਆਪਣੀ ਹਿਰਾਸਤ ਵਿਚ ਲੈ ਲਿਆ ਹੋਵੇ। ਜਦੋਂ ਰਾਜਾ ਰਾਮ ਸਿੰਘ ਆਸਾਮ ਦੀ ਮੁਹਿੰਮ ਤੇ ਜਾ ਰਿਹਾ ਸੀ ਤਾਂ ਗੁਰੂ ਜੀ ਉਸ ਸਮੇਂ ਪਟਣੇ ਪਹੁੰਚ ਚੁੱਕੇ ਸਨ। ਰਾਜਾ ਨੇ ਪਟਣੇ ਪਹੁੰਚ ਕੇ ਗੁਰੂ ਜੀ ਨੂੰ ਆਪਣੇ ਨਾਲ ਲੈ ਲਿਆ ਅਤੇ ਆਸਾਮ ਦੀ ਮੁਹਿੰਮ ਤਕ ਗੁਰੂ ਜੀ ਉਸਦੇ ਨਾਲ ਹੀ ਰਹੇ। ਗੁਰੂ ਜੀ ਦਾ ਇਕ ਹੁਕਮਨਾਮਾ ਇਸ ਗੱਲ ਦੀ ਬਹੁਤ ਤਕੜੀ ਗਵਾਹੀ ਦਿੰਦਾ ਹੈ :

> "ਅਸੀਂ ਪਟੈ ਰਾਜੇ ਜੀ ਕੇ ਸਾਥ ਗਏ ਹਾਂ। ਕਬੀਲਾ ਹਮੋ ਪਟਣੇ ਮੇਂ ਛੋਡਾ ਹੈ। ਕੋਈ ਅਵਲ ਹਵੇਲੀ ਹੋਵੈ ਬਡੀ ਹੋਵੈ ਤਿਸ ਮੋ ਕਬੀਲੇ ਹਮਾਰੇ ਰਖਣੈ। ਸੰਗਤਿ ਕੇ ਗੁਰੂ ਰੁਜਗਾਰ ਮੋ ਬਰਕਤਿ ਕਰੈਗਾ। ਸੇਵਾ ਕੀ ਵੇਲਾ ਹੈ।"[8]

ਭਾਵੇਂ ਗੁਰੂ ਜੀ ਰਾਜਾ ਰਾਮ ਸਿੰਘ ਦੀ ਹਿਰਾਸਤ ਵਿਚ ਸਨ ਪਰ ਧਾਰਮਿਕ ਤੌਰ ਤੇ ਰਾਜਾ ਰਾਮ ਸਿੰਘ ਗੁਰੂ ਜੀ ਤੋਂ ਬਹੁਤ ਪਰਭਾਵਤ ਸੀ। ਰਾਜਪੂਤ ਰਾਜਿਆਂ ਵਿਚ ਆਮ ਕਰ ਕੇ ਅਤੇ ਜੈਪੁਰ ਦੇ ਰਾਜ ਘਰਾਣੇ ਵਿਚ ਖਾਸ ਕਰ ਕੇ ਸਿੱਖ ਗੁਰੂ ਸਾਹਿਬਾਨ ਦਾ ਬਹੁਤ ਸਤਿਕਾਰ ਸੀ। ਇਸ ਕਰ ਕੇ ਰਾਜਾ ਰਾਮ ਸਿੰਘ ਗੁਰੂ ਜੀ ਨੂੰ ਆਪਣੇ ਗੁਰੂ ਦੇ ਤੌਰ ਤੇ ਹੀ ਦੇਖਦਾ ਸੀ। ਇਉਂ ਰਾਜਾ ਰਾਮ ਸਿੰਘ ਦੀ ਹਿਰਾਸਤ ਵਿਚ ਹੋਣ ਦੇ ਬਾਵਜੂਦ ਵੀ ਗੁਰੂ ਜੀ ਸੁਤੰਤਰ ਵਿਅਕਤੀ ਵਾਂਗ ਵਿਚਰਦੇ ਸਨ। ਇਸ ਸਮੇਂ ਦੇ ਗੁਰੂ ਜੀ ਦੇ ਕੁਝ ਹੁਕਮਨਾਮੇ ਇਸ ਤਰ੍ਹਾਂ ਦੀ ਜਾਣਕਾਰੀ ਦਿੰਦੇ ਹਨ। ਜਿਵੇਂ ਕਿ "ਕੂਚ ਕੀਏ ਹਮ ਕੋ ਚਾਰ ਦਿਨ ਹੋਏ ਰਹਿ। ਰਾਜੇ ਜੀ ਕੇ ਕੂਚ ਕੀਏ ਸਾਤ ਰੋਜ਼ ਹੂਏ ਹੈ......ਰਾਤ ਰਾਤ ਕਰ ਕੇ ਸ਼ਤਾਬੀ ਹਮਾਰੇ ਪਾਸ ਆਇ ਪਹੁੰਚਣਾ ਢੀਲ ਪਾਉ ਘੜੀ ਕੀ ਨਾਹੀਂ ਕਰਨੀ।"[9] ਆਸਾਮ ਦੀ ਲੜਾਈ ਵਿਚ ਵੀ ਗੁਰੂ ਜੀ ਦੀ ਹਾਜ਼ਰੀ ਦਾ ਰਾਜਾ ਰਾਮ ਸਿੰਘ ਨੂੰ ਬਹੁਤ ਫਾਇਦਾ ਹੋਇਆ ਸੀ। ਆਸਾਮ ਫਤਿਹ ਹੋਇਆ। ਇਸ ਨਾਲ ਰਾਜਾ ਸਾਹਿਬ ਦਾ ਮਨੋਬਲ ਵੀ ਉੱਚਾ ਹੋਇਆ ਅਤੇ ਬਾਦਸ਼ਾਹ ਦੀਆਂ ਨਿਗਾਹਾਂ ਵਿਚ ਵੀ ਉਸ ਦਾ ਵਿਸ਼ਵਾਸ ਕਾਇਮ ਹੋ ਗਿਆ ਸੀ। ਆਸਾਮ ਤੋਂ ਵਾਪਸੀ ਸਮੇਂ ਉਸ ਨੇ ਇਸੇ ਵਿਸ਼ਵਾਸ ਤੇ ਮਨੋਬਲ ਕਾਰਨ ਗੁਰੂ ਜੀ ਨੂੰ ਸੁਤੰਤਰ ਤੌਰ ਤੇ ਵਿਚਰਨ ਦੀ ਇਜਾਜ਼ਤ ਦੇ ਦਿੱਤੀ ਸੀ। ਇਸ ਕਰ ਕੇ ਗੁਰੂ ਸਾਹਿਬ ਰਾਜੇ ਨਾਲੋਂ ਅਲੱਗ ਹੋ ਕੇ ਮੁੜਦੇ ਸਮੇਂ ਪਟਣਾ ਸਾਹਿਬ ਪਹੁੰਚੇ ਅਤੇ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਦਿੱਲੀ 20 ਜੂਨ, 1670 ਈ. ਨੂੰ ਪਹੁੰਚ ਗਏ। ਗੁਰੂ ਸਾਹਿਬ ਦਿੱਲੀ ਰਾਜਾ ਰਾਮ ਸਿੰਘ ਤੋਂ ਪਹਿਲਾਂ ਪਹੁੰਚ ਗਏ ਸਨ। ਲੇਕਿਨ ਉਨ੍ਹਾਂ ਦਾ ਪਰੋਗਰਾਮ ਰਾਜਾ ਸਾਹਿਬ ਨੂੰ ਮਿਲਣ ਦਾ ਸੀ। ਉਨ੍ਹਾਂ ਨੇ ਆਪਣਾ ਪਰਿਵਾਰ ਸਮੇਤ ਬਾਲ ਗੋਬਿੰਦ ਦੇ ਲਖਨੌਰ ਸਾਹਿਬ ਭੇਜ ਦਿੱਤਾ। ਉਨ੍ਹਾਂ ਨੂੰ ਤਾਕੀਦ ਕੀਤੀ ਗਈ ਸੀ ਕਿ ਉਹ ਗੁਰੂ ਸਾਹਿਬ ਦੇ ਆਉਣ ਤਕ ਲਖਨੌਰ ਸਾਹਿਬ ਵਿਖੇ ਹੀ ਰਹਿਣ। ਗੁਰੂ ਸਾਹਿਬ ਖੁਦ ਰਾਜਾ ਰਾਮ ਸਿੰਘ ਦੀ ਮਾਤਾ ਕੋਲ ਉਸ ਦੀ ਹਵੇਲੀ ਵਿਚ ਹੀ ਰਹੇ ਅਤੇ ਸਾਰੇ ਪਰਿਵਾਰ ਨੂੰ ਧੀਰਜ ਦਿੱਤਾ ਕਿ ਰਾਜਾ ਰਾਮ ਸਿੰਘ ਬਿਲਕੁਲ ਸਹੀ ਸਲਾਮਤ ਫਤਿਹ ਪਰਾਪਤ ਕਰ ਕੇ ਵਾਪਿਸ ਆ ਰਿਹਾ ਹੈ। ਰਾਜਾ ਰਾਮ ਸਿੰਘ ਦੇ ਦਿੱਲੀ ਪਹੁੰਚਣ ਤੇ ਗੁਰੂ ਜੀ ਦੀ ਸੰਪੂਰਨ ਤੌਰ ਤੇ ਕੈਦ ਵਿਚੋਂ ਰਿਹਾਈ ਹੋਈ ਸੀ। ਰਿਹਾਈ ਕਰਵਾਉਣ ਵਿਚ ਨਵਾਬ ਸੈਫ ਖਾਂ ਦਾ ਹੱਥ ਵੀ ਹੋ ਸਕਦਾ ਹੈ ਕਿਉਂਕਿ ਨਵਾਬ ਗੁਰੂ ਜੀ ਦੇ ਨਾਲ ਹੀ ਸੀ।[10] ਨਜ਼ਰਬੰਦੀ ਵਿਚੋਂ ਰਿਹਾਅ ਹੋਣ ਉਪਰੰਤ ਗੁਰੂ ਸਾਹਿਬ ਦਿੱਲੀ ਤੋਂ ਲਖਨੌਰ ਵਿਖੇ ਆਪਣੇ ਪਰਿਵਾਰ ਕੋਲ ਪਹੁੰਚ ਗਏ। ਇੱਥੇ

ਕੁਝ ਸਮਾਂ ਠਹਿਰਣ ਉਪਰੰਤ ਗੁਰੂ ਸਾਹਿਬ ਅਤੇ ਉਨ੍ਹਾਂ ਦਾ ਪਰਿਵਾਰ ਮਾਲਵੇ ਦੇ ਮੱਲਾ।। ਪਿੰਡ ਵਿਚੋਂ ਦੀ ਹੁੰਦੇ ਹੋਏ ਬਾਬਾ-ਬਕਾਲਾ ਪਹੁੰਚ ਗਏ। ਬਾਬਾ-ਬਕਾਲਾ ਕੁਝ ਸਮਾਂ ਰਹੇ। ਇੱਥੋਂ ਸਾਰਾ ਗੁਰੂ-ਪਰਿਵਾਰ ਚੱਕ-ਨਾਨਕੀ ਨੂੰ ਰਵਾਨਾ ਹੋਇਆ ਅਤੇ 1672 ਈ. ਦੀ ਵਿਸਾਖੀ ਗੁਰੂ ਸਾਹਿਬ ਨੇ ਚੱਕ-ਨਾਨਕੀ ਪਹੁੰਚ ਕੇ ਮਨਾਈ। ਇਸ ਤਰ੍ਹਾਂ ਗੁਰੂ ਤੇਗ ਬਹਾਦੁਰ ਨਵੰਬਰ, 1665 ਵਿਚ ਚੱਕ ਨਾਨਕੀ ਤੋਂ ਚੱਲਣ ਉਪਰੰਤ ਮਾਰਚ, 1672 ਵਿਚ ਮੁੜ ਕੇ ਵਾਪਸ ਆਏ। ਇਸ ਤਰ੍ਹਾਂ ਇਹ ਅਰਸਾ ਕੁਲ ਛੇ ਸਾਲ ਪੰਜ ਮਹੀਨਿਆਂ ਦਾ ਬਣਦਾ ਹੈ।

ਮਾਲਵਾ ਅਤੇ ਬਾਂਗਰ ਖੇਤਰਾਂ ਦਾ ਦੌਰਾ : ਗੁਰੂ ਤੇਗ ਬਹਾਦੁਰ ਜੀ ਬੜੇ ਲੰਮੇ ਅਰਸੇ ਬਾਅਦ ਪੂਰਬ ਦੇ ਅਸਥਾਨਾਂ ਵੱਲੋਂ ਮੁੜ ਕੇ ਚੱਕ ਨਾਨਕੀ (ਆਨੰਦਪੁਰ ਸਾਹਿਬ) ਵਿਖੇ ਆਏ ਸਨ। ਇਸ ਸਮੇਂ ਤਕ ਇਹ ਨਗਰੀ ਪੂਰੀ ਤਰ੍ਹਾਂ ਵਸ ਚੁੱਕੀ ਸੀ ਅਤੇ ਗੁਰੂ ਪਰਿਵਾਰ ਲਈ ਲੋੜੀਂਦੀਆਂ ਇਮਾਰਤਾਂ ਬਣ ਚੁੱਕੀਆਂ ਸਨ। ਸੰਨ 1673 ਈ. ਵਿਚ ਮਈ ਦੇ ਮਹੀਨੇ ਬਾਲ ਗੋਬਿੰਦ ਜੀ ਦੀ ਸ਼ਾਦੀ ਚੱਕ ਨਾਨਕੀ ਤੋਂ ਥੋੜ੍ਹੀ ਹੀ ਦੂਰ ਗੁਰੂ ਕਾ ਲਾਹੌਰ ਵਿਖੇ, ਬੀਬੀ ਜੀਤੋ ਜੀ ਨਾਲ ਕਰ ਦਿੱਤੀ ਗਈ ਸੀ। ਇਸ ਕੰਮ ਤੋਂ ਉਪਰੰਤ ਗੁਰੂ ਜੀ ਨੇ ਪੰਜਾਬ ਦੇ ਮਾਲਵਾ ਅਤੇ ਬਾਂਗਰ ਦੇਸ਼ ਦਾ ਦੌਰਾ ਕੀਤਾ। ਇਹ ਦੌਰਾ 1673 ਦੀ ਵਰਖਾ ਰੁਤ ਤੋਂ ਪਿੱਛੋਂ ਹੀ ਸ਼ੁਰੂ ਹੋ ਸਕਦਾ ਸੀ ਕਿਉਂਕਿ ਸਾਲ ਦੇ ਚਾਰ ਮਹੀਨੇ ਜੇਠ, ਹਾੜ, ਸਾਉਣ, ਭਾਦੋਂ (ਮਈ, ਜੂਨ, ਜੁਲਾਈ, ਅਗਸਤ) ਗਰਮੀ ਦੀ ਰੁੱਤ ਅਤੇ ਵਰਖਾ ਵਾਲੇ ਹੁੰਦੇ ਹਨ। ਇਸ ਕਰ ਕੇ ਪਰਚਾਰਕ ਲੋਕ ਜਾਂ ਸੰਤ-ਲੋਕ ਇਸ ਨੂੰ ਲੰਘਾ ਕੇ ਹੀ ਆਪਣੀਆਂ ਯਾਤਰਾਵਾਂ ਸ਼ੁਰੂ ਕਰਦੇ ਹਨ। ਪੰਜਾਬੀ ਬੋਲੀ ਵਿਚ ਇਨ੍ਹਾਂ ਚਾਰ ਮਹੀਨਿਆਂ ਨੂੰ ਚੁਮਾਸਾ ਕਿਹਾ ਜਾਂਦਾ ਹੈ। ਇਸ ਲਈ ਸੰਭਵ ਹੈ ਕਿ 1673 ਦੀ ਵਰਖਾ ਰੁੱਤ ਤੋਂ ਪਿੱਛੋਂ, ਜਦੋਂ ਕਿ ਗਰਮੀ ਅਤੇ ਵਰਖਾ ਰੁੱਤ ਦੇ ਚਾਰ ਮਹੀਨੇ ਲੰਘ ਗਏ ਸਨ, ਗੁਰੂ ਜੀ ਨੇ ਮਾਲਵਾ ਅਤੇ ਬਾਂਗਰ ਦੇਸ਼ ਦਾ ਦੌਰਾ ਸ਼ੁਰੂ ਕੀਤਾ।

ਮਾਲਵਾ ਮੁੱਢ ਤੋਂ ਹੀ ਸਿੱਖ ਧਰਮ ਦਾ ਗੜ੍ਹ ਰਿਹਾ ਹੈ। ਗੁਰੂ ਤੇਗ ਬਹਾਦੁਰ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਇਸ ਇਲਾਕੇ ਦੇ ਦੇਸ਼-ਵਿਆਪੀ ਦੌਰੇ ਕਰ ਚੁੱਕੇ ਸਨ। ਇਹ ਇਲਾਕੇ ਆਮ ਤੌਰ ਤੇ ਘੱਟ ਉਪਜਾਊ ਸਨ ਅਤੇ ਇੱਥੇ ਪਾਣੀ ਦੀ ਘਾਟ ਸੀ। ਜੱਟ ਕਬੀਲਿਆਂ ਦੀ ਮੁੱਖ ਆਬਾਦੀ ਸੀ। ਮੁਸਲਮਾਨੀ ਜ਼ੋਰ ਮੁਕਾਬਲਤਨ ਇੱਥੇ ਘੱਟ ਸੀ। ਇਸ ਕਰ ਕੇ ਇੱਥੇ ਸਰਕਾਰੀ ਦਖ਼ਲਅੰਦਾਜ਼ੀ ਵੀ ਘੱਟ ਸੀ। ਇਲਾਕੇ ਦੇ ਜੱਟ ਚੌਧਰੀ ਸਨ ਜੋ ਹਕੂਮਤ ਨੂੰ ਸਾਲਾਨਾ ਜਾਂ ਛਿਮਾਹੀ ਮੁਆਮਲਾ ਤਾਰਦੇ ਰਹਿੰਦੇ ਸਨ। ਸਰਕਾਰ ਦੀ ਮੁਆਮਲਾ ਲੈਣ ਤੋਂ ਸਿਵਾ ਇਸ ਇਲਾਕੇ ਵਿਚ ਹੋਰ ਕੋਈ ਦਿਲਚਸਪੀ ਨਹੀਂ ਸੀ। ਜੱਟ ਚੌਧਰੀ ਸਰਕਾਰ ਦੇ ਕਰਿੰਦੇ ਵੀ ਸਨ ਪਰ ਅੰਦਰੋਂ ਧਾਰਮਿਕ ਤੌਰ ਤੇ ਸਿੱਖ ਗੁਰੂ ਸਾਹਿਬਾਨ ਦੇ ਸ਼ਰਧਾਲੂ ਵੀ ਸਨ। ਗੁਰੂ ਤੇਗ ਬਹਾਦੁਰ ਜੀ ਉੱਪਰ ਲਗਾਤਾਰ ਸਰਕਾਰੀ ਨਜ਼ਰਾਂ ਟਿਕੀਆਂ ਹੋਈਆਂ ਸਨ। ਪਟਣਾ ਸਾਹਿਬ ਨੂੰ ਜਾਂਦਿਆਂ ਇਤਨਾ ਲੰਮਾ ਸਮਾਂ ਲੱਗ ਜਾਣ ਦਾ ਕਾਰਨ ਵੀ ਸਰਕਾਰੀ ਦਖ਼ਲਅੰਦਾਜ਼ੀ ਸੀ। ਇਸ ਕਰ ਕੇ ਮਾਲਵੇ ਜਾਂ ਬਾਂਗਰ ਦੇ ਇਲਾਕੇ ਵਿਚ ਦੌਰੇ ਕਰਨੇ ਇਸ ਪੱਖੋਂ ਫਾਇਦੇਮੰਦ ਵੀ ਸਨ ਕਿ ਇੱਥੇ ਗੁਰੂ ਜੀ ਦੇ ਪਰਚਾਰ ਦੌਰਿਆਂ ਵਿਚ ਕਿਸੇ ਕਿਸਮ ਦੀ ਸਰਕਾਰੀ ਦਖ਼ਲਅੰਦਾਜ਼ੀ ਦੀ ਸੰਭਾਵਨਾ ਨਹੀਂ ਸੀ। ਮਾਲਵੇ ਦੇ ਇਹ ਪਰਚਾਰ ਦੌਰੇ ਤਕਰੀਬਨ ਡੇਢ ਕੁ ਸਾਲ ਦੇ ਬਣਦੇ ਹਨ ਅਤੇ ਗੁਰੂ ਤੇਗ ਬਹਾਦੁਰ ਜੀ ਨੇ ਇਸ ਡੇਢ ਸਾਲ ਦੇ ਅਰਸੇ ਵਿਚ ਮਾਲਵੇ ਦਾ ਲਗਭਗ ਹਰ ਪਿੰਡ ਅਤੇ ਬਾਂਗਰ ਖੇਤਰ ਦੇ ਅਨੇਕਾਂ ਪਿੰਡ ਆਪਣੀ ਚਰਨ-ਧੂੜ ਨਾਲ ਪਵਿੱਤਰ ਕੀਤੇ ਸਨ।

ਜਦੋਂ ਅਸੀਂ ਇਨ੍ਹਾਂ ਪਰਚਾਰ ਦੌਰਿਆਂ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਗੁਰੂ ਜੀ ਵੱਲੋਂ ਕੀਤੇ ਗਏ ਕੰਮਾਂ ਦੀ ਐਸੀ ਜਾਣਕਾਰੀ ਮਿਲਦੀ ਹੈ ਜਿਸ ਨਾਲ ਹੈਰਾਨੀ ਹੁੰਦੀ ਹੈ। ਗੁਰੂ ਜੀ ਨੇ ਮਾਲਵੇ ਦੇ ਅਨੇਕਾਂ ਪਿੰਡਾਂ ਵਿਚ ਲੋਕਾਂ ਦੇ ਪਾਣੀ ਪੀਣ ਲਈ ਖੂਹ ਲਗਵਾਏ ਸਨ। ਪਹਿਲੇ ਲਗੇ ਹੋਏ ਖੂਹ ਹੋਰ ਡੂੰਘੇ ਕਰਵਾਏ ਗਏ ਸਨ ਤਾਂ ਕਿ ਹੇਠਾਂ ਤੋਂ ਅੱਛੇ ਪਾਣੀ ਦੀ ਤਹਿ ਕੱਢੀ ਜਾਵੇ। ਅਨੇਕਾਂ ਪਿੰਡਾਂ ਵਿਚ ਹੜ੍ਹਾਂ ਤੋਂ ਬਚਾਉਣ ਲਈ ਬੰਨ ਲਗਵਾਕੇ ਬਰਸਾਤੀ ਨਦੀਆਂ ਜਾਂ ਹੜ੍ਹਾਂ ਦਾ ਮੂਹਾਣ ਮੁੜਵਾਇਆ ਸੀ। ਅਨੇਕਾਂ ਪਿੰਡਾਂ ਵਿਚ ਲੋਕਾਂ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਇਆ ਸੀ। ਕਈ ਪਿੰਡਾਂ ਵਿਚ ਐਸੀਆਂ ਰਵਾਇਤਾਂ ਮਿਲਦੀਆਂ ਹਨ ਜਿੱਥੇ ਤਰਖਾਣ, ਜੁਲਾਹੇ ਜਾਂ ਹੋਰ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਸਿੱਖ ਧਰਮ ਦੇ ਪਰਚਾਰਕ ਥਾਪਿਆ ਸੀ। ਕਈ ਪਿੰਡਾਂ ਵਿਚ ਜੱਦੀ ਚੌਧਰੀਆਂ ਦੇ ਬਰਾਬਰ ਆਮ ਲੋਕਾਂ ਨੂੰ ਖੜ੍ਹਾ ਕੀਤਾ ਅਤੇ ਕਈ ਥਾਂ ਨਵੇਂ ਚੌਧਰੀਆਂ ਨੂੰ ਮਾਣਤਾ ਦਿੱਤੀ। ਇਉਂ ਗੁਰੂ ਤੇਗ ਬਹਾਦੁਰ ਜੀ, ਮਾਲਵੇ ਅਤੇ ਬਾਂਗਰ ਖੇਤਰ ਦੇ ਦੌਰਿਆਂ ਤੋਂ ਮਹਾਨ ਅਧਿਆਤਮਕ ਪੁਰਸ਼ ਸਾਬਤ ਹੋਏ ਸਨ। ਇਉਂ ਲਗਦਾ ਹੈ ਜਿਵੇਂ ਕਿ ਗੁਰੂ ਜੀ ਲੋਕਾਂ ਦੀ ਆਵਾਜ਼ ਬਣ ਕੇ ਖੜੇ ਹੋ ਗਏ ਹੁੰਦੇ ਹਨ। ਅੱਜ ਮਾਲਵੇ ਵਿਚ ਸਿੱਖ ਗੁਰੂ ਸਾਹਿਬਾਨ ਵਿਚੋਂ ਸਭ ਤੋਂ ਵੱਧ ਗੁਰਦੁਆਰੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਨਾਲ ਸੰਬੰਧਤ ਹਨ।

ਇਸ ਤਰ੍ਹਾਂ ਗੁਰੂ ਤੇਗ ਬਹਾਦੁਰ ਜੀ ਦੇ ਮਾਲਵੇ ਅਤੇ ਬਾਂਗਰ ਖੇਤਰਾਂ ਦੇ ਦੌਰਿਆਂ ਦਾ ਸਰਵੇਖਣ ਅਤੇ ਵਿਸ਼ਲੇਸ਼ਣ ਕਰਨ ਤੋਂ ਚਾਰ ਐਸੀਆਂ ਮੁੱਖ ਥਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ ਜਿੱਥੇ ਗੁਰੂ ਜੀ ਨੇ ਡੇਰਾ ਲਾ ਕੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਧਰਮ ਪਰਚਾਰ ਕੀਤਾ ਸੀ। ਪਹਿਲੀ ਮੁੱਖ ਥਾਂ ਹੈ ਸੈਫ਼ਾਬਾਦ ਜਿਸ ਦਾ ਅਜੋਕਾ ਨਾਂ ਬਹਾਦੁਰਗੜ੍ਹ ਹੈ। ਇੱਥੇ ਠਹਿਰ ਕੇ, ਪਟਿਆਲਾ ਜ਼ਿਲੇ ਦੇ ਅਨੇਕਾਂ ਪਿੰਡਾਂ ਵਿਚ ਗੁਰੂ ਜੀ ਪਰਚਾਰ ਕਰਦੇ ਰਹੇ ਸਨ। ਦੂਜੀ ਮੁੱਖ ਥਾਂ ਸੀ ਧਮਧਾਨ ਸਾਹਿਬ। ਇਹ ਅੱਜ ਕੱਲ ਹਰਿਆਣਾ ਰਾਜ ਵਿਚ ਹੈ। ਉਸ ਸਮੇਂ ਇਸ ਇਲਾਕੇ ਨੂੰ ਬਾਂਗਰ ਕਿਹਾ ਜਾਂਦਾ ਸੀ। ਇੱਥੇ ਕੈਂਪ ਲਗਾ ਕੇ ਗੁਰੂ ਜੀ ਨੇ ਬਾਂਗਰ ਖੇਤਰ ਵਿਚ ਪਰਚਾਰ ਕੀਤਾ। ਇਸ ਬਾਂਗਰ ਖੇਤਰ ਵਿਚ ਕੁਝ ਇਲਾਕਾ ਪਟਿਆਲੇ ਅਤੇ ਸੰਗਰੂਰ ਜ਼ਿਲਿਆਂ ਦਾ ਵੀ ਸ਼ਾਮਲ ਸੀ। ਤੀਜਾ ਮੁੱਖ ਅਸਥਾਨ ਸੰਗਰੂਰ ਜ਼ਿਲੇ ਦਾ ਢਿਲਵਾਂ ਮੌੜ ਦਾ ਪਿੰਡ ਹੈ। ਇੱਥੇ ਗੁਰੂ ਜੀ ਦੇ ਕਾਫੀ ਦਿਨ ਠਹਿਰਣ ਦੀ ਜਾਣਕਾਰੀ ਮਿਲਦੀ ਹੈ। ਚੌਥਾ ਮੁੱਖ ਥਾਂ ਤਲਵੰਡੀ ਸਾਬੋ ਹੈ। ਇਹ ਦੋਵੇਂ ਥਾਵਾਂ ਢਿਲਵਾਂ ਅਤੇ ਤਲਵੰਡੀ ਸਾਬੋ ਮਾਲਵੇ ਦਾ ਗੜ੍ਹ ਹਨ। ਇਨ੍ਹਾਂ ਦੇ ਆਲੇ ਦੁਆਲੇ ਦੇ ਤਕਰੀਬਨ ਹਰ ਪਿੰਡ ਵਿਚ ਗੁਰੂ ਜੀ ਨੇ ਆਪਣੇ ਪਵਿੱਤਰ ਚਰਨ ਪਾਏ ਸਨ।

ਇਹ ਦੌਰੇ 1674 ਈ. ਦੇ ਅਖੀਰ ਵਿਚ ਜਾਂ 1675 ਈ. ਦੇ ਮੁੱਢ ਵਿਚ ਸਮਾਪਤ ਕਰ ਕੇ ਗੁਰੂ ਤੇਗ ਬਹਾਦੁਰ ਜੀ ਚੱਕ ਨਾਨਕੀ ਨੂੰ ਵਾਪਸ ਪਰਤ ਆਏ ਸਨ। ਗੁਰੂ ਜੀ ਦੇ ਇਨ੍ਹਾਂ ਅਧਿਆਤਮਕ ਦੌਰਿਆਂ ਨੇ ਸਰਕਾਰੀ ਹਲਕਿਆਂ ਵਿਚ ਤਰਥੱਲੀ ਮਚਾ ਦਿੱਤੀ ਸੀ। ਸਰਕਾਰੀ ਖਬਰ-ਨਵੀਸ਼ਾਂ ਨੇ ਗੁਰੂ ਜੀ ਦੀਆਂ ਗਤੀਵਿਧੀਆਂ ਨੂੰ ਵਧਾ ਚੜ੍ਹਾ ਕੇ ਸਰਕਾਰ ਸਾਹਮਣੇ ਪੇਸ਼ ਕੀਤਾ।

ਸ਼ਹਾਦਤ : ਗੁਰੂ ਤੇਗ ਬਹਾਦੁਰ ਜੀ, ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਦੂਸਰੇ ਗੁਰੂ ਸਨ ਜਿਨ੍ਹਾਂ ਨੇ ਸਭ ਤੋਂ ਵੱਧ ਦੇਸ਼ ਵਿਆਪੀ ਦੌਰੇ ਕੀਤੇ। ਗੁਰਿਆਈ ਧਾਰਨ ਕਰਨ ਤੋਂ ਪਹਿਲਾਂ ਵੀ ਅਤੇ ਗੁਰਿਆਈ ਧਾਰਨ ਕਰਨ ਤੋਂ ਪਿੱਛੋਂ ਵੀ। ਇਨ੍ਹਾਂ ਦੌਰਿਆਂ ਨੇ ਸਿੱਖ ਸੰਗਤਾਂ ਵਿਚ ਤਾਂ ਨਵੀਂ ਚੇਤਨਾ ਲਿਆਂਦੀ ਹੀ ਲਿਆਂਦੀ ਸੀ ਸਗੋਂ ਇਨ੍ਹਾਂ ਨਾਲ ਹਿੰਦੂ ਸਮਾਜ ਵੀ ਗੁਰੂ ਤੇਗ ਬਹਾਦੁਰ ਜੀ ਦੇ

ਦੁਆਲੇ ਇਕੱਠਾ ਹੋਣਾ ਸ਼ੁਰੂ ਹੋ ਗਿਆ ਸੀ। ਗੁਰੂ ਜੀ ਦੇ ਪਰਚਾਰ ਦੌਰਿਆਂ ਨੂੰ ਗਹੁ ਨਾਲ ਦੇਖਣ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਰਾਜਪੂਤ ਰਿਆਸਤਾਂ ਵਿਚਲੇ ਤੀਰਥ ਅਸਥਾਨਾਂ ਤੇ ਪਰਚਾਰ ਦੌਰੇ ਘੱਟ ਕੀਤੇ ਸਨ ਸਗੋਂ ਜਿਹੜੇ ਅਸਥਾਨ ਜਾਂ ਸ਼ਹਿਰ ਮੁਗਲ ਸਰਕਾਰ ਅਧੀਨ ਸਨ ਉੱਥੇ ਦੌਰੇ ਜ਼ਿਆਦਾ ਕੀਤੇ ਸਨ। ਇਸ ਦਾ ਦੂਸਰਾ ਭਾਵ ਹੈ ਕਿ ਮੁਗਲ ਹਕੂਮਤ ਦੇ ਅਧੀਨ ਸੂਬਿਆਂ ਵਿਚਲਾ ਹਿੰਦੂ ਸਮਾਜ ਗੁਰੂ ਜੀ ਦੀ ਨਜਰ ਹੇਠ ਸੀ। ਗੁਰੂ ਜੀ ਨੇ ਇਸ ਹਿੰਦੂ ਸਮਾਜ ਦੀ ਬਾਂਹ ਪਕੜੀ। ਹਿੰਦੂਆਂ ਉੱਪਰ ਜ਼ੁਲਮ ਤਾਂ ਭਾਵੇਂ ਸਾਰੇ ਹਿੰਦੁਸਤਾਨ ਅੰਦਰ ਹੀ ਹੋ ਰਿਹਾ ਸੀ ਪਰ ਕਸ਼ਮੀਰ ਸੂਬੇ ਦਾ ਗਵਰਨਰ ਸਭ ਨਾਲੋਂ ਹੀ ਜ਼ਿਆਦਾ ਜ਼ਾਲਮ ਸਾਬਤ ਹੋ ਰਿਹਾ ਸੀ। ਕਸ਼ਮੀਰ ਵਿਚ ਇਫ਼ਤਿਖਾਰ ਖਾਨ ਸੂਬੇਦਾਰ ਸੀ। ਇਸ ਨੇ ਕਸ਼ਮੀਰੀ ਬਰਾਹਮਣਾਂ ਨੂੰ ਮੁਸਲਮਾਨ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਸੀ।[12] ਇਸ ਜ਼ੁਲਮ ਦੇ ਸਤਾਏ ਬਰਾਹਮਣ ਆਨੰਦਪੁਰ ਸਾਹਿਬ (ਉਸ ਸਮੇਂ ਚੱਕ ਨਾਨਕੀ) ਵਿਖੇ ਗੁਰੂ ਤੇਗ ਬਹਾਦੁਰ ਜੀ ਦੇ ਦਰਬਾਰ ਵਿਚ ਆਪਣੀ ਫਰਿਆਦ ਲੈ ਕੇ ਆਏ। ਇਨ੍ਹਾਂ ਦੀ ਅਗਵਾਈ ਪੰਡਿਤ ਕਿਰਪਾ ਰਾਮ ਦੱਤ ਕਰ ਰਿਹਾ ਸੀ। ਭੱਟ ਵਹੀ ਤਲੌਂਡਾ ਪਰਗਨਾ ਜੀਂਦ ਵਿਚ ਇਸ ਬਾਰੇ ਇਉਂ ਲਿਖਿਆ ਹੈ :

> "ਕਿਰਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਕਾ ਪੜਪੋਤਾ ਬਰਹਮ ਦਾਸ ਕਾ ਬੰਸ ਠਾਕਰ ਦਾਸ ਕਾ ਭਾਰਦਵਾਜੀ ਗੋਤਰਾ ਸਰਸੁਤ ਦੱਤ ਬਰਾਹਮਣ ਵਾਸੀ ਮਟਨ ਪਰਗਨਾ ਸ਼੍ਰੀ ਨਗਰ ਦੇਸ਼ ਕਸ਼ਮੀਰ ਖੋੜਸ ਮੁਖੀ ਬਰਾਹਮਣੋ ਕਾ ਸੰਗ ਲੈ ਕੇ ਚੱਕ ਨਾਨਕੀ ਆਇਆ ਪਰਗਨਾ ਕਹਿਲੂਰ ਮੇਂ ਸਬੰਤ ਸਤਰੈ ਸੈ ਬਤੀਸ ਜੇਠ ਮਾਸੇ ਸੁਦੀ ਇਕਾਦਸ਼ੀ ਕੇ ਦਿਹੁ ਗੁਰੂ ਤੇਗ ਬਹਾਦੁਰ ਮਹਿਲਾ ਨਾਮਾ........ਨੇ ਇਨੇ ਧੀਰਜ ਦਈ।"

ਦੁੱਖੀ ਬਰਾਹਮਣਾਂ ਦੇ ਫਰਿਆਦ ਕਰਨ ਦਾ ਮਤਲਬ ਸੀ ਕਿ ਅਜਿਹੇ ਸੰਕਟਮਈ ਹਾਲਾਤ ਵਿਚ ਉਨ੍ਹਾਂ ਦਾ ਸਹਾਰਾ ਹੁਣ ਸਿਰੀ ਗੁਰੂ ਤੇਗ ਬਹਾਦੁਰ ਜੀ ਹੀ ਰਹਿ ਗਏ ਹਨ। ਗੁਰੂ ਜੀ ਨੇ ਇਸ ਸੰਕਟ ਬਾਰੇ ਆਪਣੇ ਦਰਬਾਰ ਵਿਚ ਖੁੱਲ੍ਹਾ ਵਿਚਾਰ ਕੀਤਾ। ਵਿਚਾਰ-ਵਟਾਂਦਰੇ ਉਪਰੰਤ ਇਹ ਗੱਲ ਸਾਹਮਣੇ ਆਈ ਕਿ ਸਮੁੱਚੇ ਬਰਾਹਮਣ ਸਮਾਜ ਦਾ ਸਾਰਾ ਬਿਰਤਾਂਤ ਗੁਰੂ ਤੇਗ ਬਹਾਦੁਰ ਜੀ ਖੁਦ ਬਾਦਸ਼ਾਹ ਔਰੰਗਜ਼ੇਬ ਸਾਹਮਣੇ ਲਿਜਾਣ ਅਤੇ ਬਾਦਸ਼ਾਹ ਨੂੰ ਸਾਰੀ ਸਥਿਤੀ ਤੋਂ ਜਾਣੂੰ ਕਰਵਾਉਣ। ਕਸ਼ਮੀਰੀ ਬਰਾਹਮਣਾਂ ਦੇ ਜੱਥੇ ਦੀ ਚੱਕ ਨਾਨਕੀ ਵਿਖੇ ਆਉਣ ਦੀ ਖ਼ਬਰ ਸਾਰੇ ਦੇਸ਼ ਵਿਚ ਫੈਲ ਗਈ ਸੀ। ਜਿਸ ਕਰ ਕੇ ਭਾਰਤ ਦੇ ਹਰ ਖੇਤਰ ਦਾ ਬਰਾਹਮਣ ਚੱਕ ਨਾਨਕੀ ਵਿਖੇ ਇਕੱਠਾ ਹੋਣਾ ਸ਼ੁਰੂ ਹੋ ਗਿਆ। ਇਸ ਗੱਲ ਨੇ ਸਾਰੇ ਉੱਤਰੀ ਭਾਰਤ ਵਿਚ ਤਰਥੱਲੀ ਮਚਾ ਦਿੱਤੀ ਸੀ। ਹਕੂਮਤ ਵੀ ਗੁਰੂ ਤੇਗ ਬਹਾਦੁਰ ਜੀ ਦੀਆਂ ਗਤੀਵਿਧੀਆਂ ਬਾਰੇ ਚੌਕਸ ਹੋ ਗਈ। ਆਖਰਕਾਰ ਗੁਰੂ ਸਾਹਿਬ ਬਾਦਸ਼ਾਹ ਸਾਹਮਣੇ ਸਾਰਾ ਬਿਰਤਾਂਤ ਰੱਖਣ ਲਈ, ਉਨ੍ਹਾਂ ਨੂੰ ਮਿਲਣ ਵਾਸਤੇ ਚੱਕ ਨਾਨਕੀ ਤੋਂ 10-11 ਸਾਵਣ ਸੰਮਤ 1732 ਬਿ. ਮੁਤਾਬਕ 10-11 ਜੁਲਾਈ 1675 ਈ. ਨੂੰ ਦਿੱਲੀ ਲਈ ਚੱਲ ਪਏ। ਚੱਲਣ ਤੋਂ ਪਹਿਲਾਂ ਗੁਰੂ ਜੀ ਨੇ ਬਾਲ ਗੋਬਿੰਦ ਜੀ ਨੂੰ ਆਪਣਾ ਉਤਰਅਧਿਕਾਰੀ ਥਾਪਿਆ। ਭੱਟ ਵਹੀ ਤਲੌਂਡਾ ਪਰਗਨਾ ਜੀਂਦ ਅਨੁਸਾਰ :

> "ਸਾਵਨ ਪਰਬਿਸ਼ਟੇ ਅਠਵੇਂ ਕੇ ਦਿਹੁੰ ਗੁਰੂ ਗੋਬਿੰਦ ਦਾਸ ਜੀ ਕੋ ਗੁਰਗੱਦੀ ਦਾ ਟੀਕਾ ਦੇ ਕੇ ਦਿੱਲੀ ਕੀ ਤਰਫ਼ ਜਾਣੇ ਦੀ ਤਿਆਰੀ ਕੀ ਸਾਥ ਦੀਵਾਨ ਮਤੀ ਦਾਸ ਸਤੀ ਦਾਸ ਰਸੋਈਆ ਬੇਟੇ ਹੀਰਾ ਨੰਦ ਛਿੱਬਰ ਕੇ ਦਿਆਲ ਦਾਸ ਬੇਟਾ ਮਾਈ

ਦਾਸ ਕਾ ਜਲਹਾਨਾ ਬਲੌਤ ਆਇਆ।"[13]

ਜਿਵੇਂ ਕਿ ਪਿੱਛੇ ਲਿਖਿਆ ਜਾ ਚੁੱਕਿਆ ਹੈ ਕਿ ਹਕੂਮਤ ਗੁਰੂ ਤੇਗ ਬਹਾਦਰ ਜੀ ਉੱਪਰ ਨਜ਼ਰ ਰੱਖ ਰਹੀ ਸੀ ਇਸ ਲਈ ਜਿਉਂ ਹੀ ਗੁਰੂ ਜੀ ਚੱਕ ਨਾਨਕੀ ਤੋਂ ਚਲ ਕੇ ਬਿਲਾਸਪੁਰ ਰਿਆਸਤ ਦੀ ਜੂਹ ਵਿਚੋਂ ਨਿਕਲ ਕੇ ਮੁਗਲ ਹਕੂਮਤ ਦੇ ਖੇਤਰ ਵਿਚ ਦਾਖ਼ਲ ਹੋਏ ਤਾਂ ਮਲਿਕ ਪੁਰ ਰੰਘੜਾਂ ਦੇ ਅਸਥਾਨ ਤੇ ਹੀ ਰੋਪੜ ਪੁਲੀਸ ਚੌਂਕੀ ਦੇ ਦਰੋਗੇ ਮਿਰਜ਼ਾ ਨੂਰ ਮੁਹੰਮਦ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਮੁੱਖੀ ਸਿੱਖਾਂ ਨੂੰ ਗਰਿਫ਼ਤਾਰ ਕਰ ਲਿਆ। ਗਰਿਫ਼ਤਾਰ ਕਰ ਕੇ ਪਹਿਲਾਂ ਸਰਹਿੰਦ ਪਹੁੰਚਾਇਆ ਗਿਆ ਅਤੇ ਫਿਰ ਚਾਰ ਮਹੀਨਿਆਂ ਤਕ ਬਸੀ ਪਠਾਣਾਂ ਦੇ ਵੀ ਬੰਦੀਖਾਨੇ ਵਿਚ ਰੱਖ ਕੇ ਗੁਰੂ ਜੀ ਨੂੰ ਸਖ਼ਤ ਤਸੀਹੇ ਦਿੱਤੇ ਗਏ। ਚਾਰ ਮਹੀਨਿਆਂ ਪਿੱਛੋਂ ਗੁਰੂ ਜੀ ਨੂੰ ਦਿੱਲੀ ਲਿਜਾ ਕੇ ਕੁਤਵਾਲੀ ਵਿਚ ਬੰਦ ਕਰ ਦਿੱਤਾ ਗਿਆ। ਇੱਥੇ ਗੁਰੂ ਜੀ ਨੂੰ ਅੱਠ ਦਿਨ ਰੱਖਿਆ ਗਿਆ। ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਬਲੌਤੋਂ ਕਾ ਵਿਚ ਇਸ ਬਾਰੇ ਇਉਂ ਲਿਖਿਆ ਹੈ:

> ਗੁਰੂ ਤੇਗ ਬਹਾਦੁਰ ਜੀ ਮਹਲ ਨਾਮਾ ਕੋ ਨੂਰ ਮੁਹੰਮਦ ਖਾਂ ਮਿਰਜ਼ਾ ਚੌਂਕੀ ਰੋਪੜ ਵਾਲੇ ਨੇ ਸਾਲ ਸਤਰੈ ਸੈ ਬਤੀਸ ਸਾਵਨ ਪਰਬਿਸ਼ਟੇ ਬਾਰਾਂ ਕੇ ਦਿਹੁੰ ਗਾਉਂ ਮਲਿਕਪੁਰ ਰੰਘੜਾਂ ਪਰਗਨਾ ਘਨੌਲਾ ਸੇ ਪਕੜ ਕੇ ਸਰਹਿੰਦ ਪਹੁੰਚਾਇਆ ਗੈਲ ਦੀਵਾਨ ਮਤੀ ਦਾਸ ਸਤੀ ਦਾਸ ਬੇਟੇ ਹੀਰਾ ਮਲ ਛਿਬਰ ਕੇ ਗੈਲ ਦਿਆਲ ਦਾਸ ਬੇਟਾ ਮਾਈ ਦਾਸ ਬਲੌਤ ਕਾ ਪਕੜਿਆ ਆਇਆ ਗੁਰੂ ਜੀ ਚਾਰ ਮਾਸ ਬਸੀ ਪਠਾਨਾਂ ਕੇ ਬੰਦੀਖਾਨੇ ਮੇਂ ਬੰਦ ਰਹੇ ਆਠ ਦਿਵਸ ਦਿੱਲੀ ਕੋਤਵਾਲੀ ਮੇਂ ਕੈਦ ਰਹੇ।

'ਗੁਰੂ ਕੀਆਂ ਸਾਖੀਆਂ' ਵਿਚ ਇਸ ਬਾਰੇ ਥੋੜ੍ਹਾ ਜਿਹਾ ਹੋਰ ਵਿਸਥਾਰ ਵਿਚ ਲਿਖਿਆ ਗਿਆ ਹੈ:

> "ਹਾਕਮ ਸਰਹਿੰਦ ਸੇ ਪਤਾ ਚਲਾ ਕਿ ਗੁਰੂ ਤੇਗ ਬਹਾਦੁਰ ਕਸ਼ਮੀਰੀ ਬਰਾਹਮਣਾ ਕੀ ਫਰਿਆਦ ਲੈ ਕੇ ਦਿੱਲੀ ਜਾ ਰਹਾ ਹੈ ਇਨੈ ਹਿਰਾਸਤ ਮੇਂ ਲੇ ਲੇਨਾ ਜ਼ਰੂਰੀ ਹੈ। ਨਾਜ਼ਮ ਸਰਹਿੰਦ ਨੇ ਚੌਂਕੀ ਸਰਦਾਰ ਰੋਪੜ ਸੇ ਲਿਖਾ ਕੇ ਉਸੇ ਸਮੇਂ ਬਮੈ ਹਮਰਾਹੀ ਸਿਖਾਂ ਗਰਿਫ਼ਤਾਰ ਕਰ ਕੇ ਮੇਰੇ ਰੋਬਰੂ ਸਰਹਿੰਦ ਮੇਂ ਲਾਇ ਕੇ ਪੇਸ਼ ਕੀਆ ਜਾਏ। ਉਧਰ ਗੁਰੂ ਜੀ ਬਮੈ ਤੀਨ ਸਿਖੋਂ ਕੇ ਨਦੀ ਸਰਸਾ ਪਾਰ ਹੋਇ ਕੇ ਮਲਕਪੁਰ ਰੰਘੜਾਂ ਭਾਈ ਨਗਾਹੀਏ ਸਿੱਖ ਕੇ ਗ੍ਰਹਿ ਮੇਂ ਆਏ ਨਿਵਾਸ ਕੀਆ। ਸੁਬਹ ਗੁਰੂ ਜੀ ਕਾ ਬਚਨ ਪਾਇ ਭਾਈ ਮਤੀਦਾਸ ਕੂਏ ਸੇ ਪਾਨੀ ਲੇਨੇ ਆਇਆ। ਭਾਵੀ ਪਰਬਲ ਮਤੀਦਾਸ ਹਰਟ ਕੀ ਲੱਕੜੀ ਸੇ ਪਾਉਂ ਰਾਖ ਪਾਣੀ ਨਿਕਾਲਨੇ ਲਗਾ, ਇਸ ਕਾ ਪੈਰ ਫਿਸਲ ਗਿਆ। ਜਿਸ ਸੇ ਮਤੀਦਾਸ ਕੂਏ ਮੇਂ ਗਿਰ ਪੜਾ। ਇਸ ਕੇ ਗਿਰਨੇ ਕੀ ਆਵਾਜ ਸੁਣ ਕੇ ਗਿਰਦ ਨਿਵਾਹ ਕੇ ਲੋਕ ਆਏ ਜਮਾਂ ਹੂਏ। ਦੀਵਾਨ ਮਤੀ ਦਾਸ ਕੋ ਗਾਉਂ ਕੇ ਲੋਕਾਂ ਨੇ ਨਿਕਾਲਾ। ਪੂਛਨੇ ਸੇ ਪਤਾ ਚਲਾ ਕਿ ਇਹ ਗੁਰੂ ਜੀ ਸਮੇਤ ਨਗਾਹੀਏ ਕੇ ਘਰ ਮੇ ਠਹਿਰਾ ਹੂਆ ਹੈ। ਨਗਰ ਵਾਸੀ ਰੰਘੜਾਂ ਨੇ ਰੋਪੜ ਕੀ ਚੌਂਕੀ ਮੇਂ ਆਏ ਪਤਾ ਕੀਆ ਕਿ ਹਮਾਰੇ ਗਾਉਂ ਮੇਂ ਸਿੱਖੋਂ ਕਾ ਗੁਰੂ ਤੇਗ ਬਹਾਦੁਰ ਆਇਆ ਹੂਆ ਹੈ। ਚੌਂਕੀ ਸਰਦਾਰ ਨੇ ਮਲਕ ਪੁਰ ਜਾਏ ਗੁਰੂ ਜੀ ਕੋ ਤੀਨ ਸਿੱਖੋਂ ਹਮਰਾਹ ਪਕੜ ਰੋਪੜ ਮੇਂ ਲਿਆਂਦਾ। ਅਗਲੇ ਦਿਹੁੰ ਸੰਮਤ ਸਤਰਾਂ ਸੈ ਬਤੀਸ ਸਾਵਨ ਵਿਸ਼ਟੇ ਤੇਰਾਂ ਕੋ ਇਨੇ ਹਾਕਮ ਸਰਹਿੰਦ ਕੇ ਪੇਸ਼ ਕੀਆ ਗਿਆ। ਇਨ ਕੇ

ਬਸੀ ਪਠਾਣਾਂ ਦੀ ਹਵਾਲਾਤ ਮੇਂ ਬੰਦ ਕਰ ਕੇ ਦਿੱਲੀ ਦਰਬਾਰ ਮੇਂ ਇਤਲਾਹ ਭੇਜ ਦਈ ਗਈ।"[14]

ਕੇਸਰ ਸਿੰਘ ਛਿੱਬਰ ਨੇ ਵੀ ਇਸ ਗੱਲ ਦੀ ਇਉਂ ਪੁਸ਼ਟੀ ਕੀਤੀ ਹੈ :

ਪਿੰਡ ਤੇ ਰੰਘੜ ਆਏ ਧਾਏ।
ਗਹਿ ਲੀਤੇ ਸਾਹਿਬ ਅਤੇ ਸਤੀ ਦਾਸ ਜਾਇ।
ਮਤੀ ਦਾਸ ਭੀ ਖੂਹ ਤੇ ਕਢਿਆ ਮੰਗਾਇ।
ਭੇਜ ਆਦਮੀ ਫੌਜ ਰੋਪੜੋਂ ਮੰਗਾਈ।
ਜੋ ਕੁਛ ਆਹਾਂ ਸੋ ਖੋਹਿ ਲੀਤਾ ਸਾਹਿਬ ਦਿੱਤਾ ਪਕੜਾਈ।
ਰੋਪੜ ਵਾਲਿਆਂ ਆਦਮੀ ਭੇਜਿਆ ਸਰਹਿੰਦ।
ਆਉਣ ਫੌਜ ਲੈ ਜਾਉ ਅਸਾਂ ਸਾਹਿਬ ਕੀਤੇ ਬੰਦ।
ਸੋ ਪਿੰਜਰਾ ਲੋਹੇ ਕਾ ਕਰ ਲਿਆਇ।
ਸਾਹਿਬ ਤਿਸ ਵਿਚ ਲੀਤੇ ਪਾਇ।
ਚਉਥੇ ਮਹੀਨੇ ਸਾਹਿਬ ਦਿੱਲੀ ਜਾਇ ਪਹੁਤੇ।
ਵਿਚ ਮਾਰਗ ਦੁੱਖ ਪਾਇ ਬਹੁਤੇ।[15]

ਗੁਰੂ ਜੀ ਦੀ ਸ਼ਹਾਦਤ ਸਮੇਂ ਬਾਦਸ਼ਾਹ ਔਰੰਗਜ਼ੇਬ ਕਿੱਥੇ ਸੀ?

ਇਹ ਗੱਲ ਅਜੇ ਹੋਰ ਖੋਜ ਦੀ ਮੁਹਤਾਜ ਹੈ ਕਿ ਬਾਦਸ਼ਾਹ ਔਰੰਗਜ਼ੇਬ ਦਿੱਲੀ ਵਿਚ ਉਸ ਸਮੇਂ ਸੀ ਜਾਂ ਨਹੀਂ, ਪਰ ਹੁਣ ਤਕ ਦੀ ਖੋਜ ਇਹੀ ਦੱਸਦੀ ਹੈ ਕਿ ਉਸ ਸਮੇਂ ਬਾਦਸ਼ਾਹ ਔਰੰਗ-ਜ਼ੇਬ ਦਿੱਲੀ ਵਿਚ ਨਹੀਂ ਸੀ ਸਗੋਂ ਉਹ ਹਸਨ ਅਬਦਾਲ (ਪੱਛਮੀ ਪੰਜਾਬ) ਵਿਖੇ ਕਿਸੇ ਮੁਹਿੰਮ ਤੇ ਗਿਆ ਹੋਇਆ ਸੀ। ਸਾਕੀ ਮੁਸਤਾਅਦ ਖਾਂ ਦੀ ਲਿਖਤ ਅਨੁਸਾਰ ਬਾਦਸ਼ਾਹ ਔਰੰਗਜ਼ੇਬ ਨੇ ਮੁਹਰਮ ਦੀ ਗਿਆਰਾਂ ਤਾਰੀਖ ਅਨੁਸਾਰ 7 ਅਪਰੈਲ, 1674 ਈ. ਨੂੰ ਦਿੱਲੀ ਤੋਂ ਹਸਨ ਅਬਦਾਲ ਵੱਲ ਕੂਚ ਕੀਤਾ ਅਤੇ ਇੱਥੋਂ 24 ਫਰਵਰੀ, 1676 ਨੂੰ ਵਾਪਸ ਦਿੱਲੀ ਨੂੰ ਰਵਾਨਾ ਹੋਏ ਸਨ।[16] ਇਹ ਗੱਲ ਸਾਡੇ ਇਤਿਹਾਸਕਾਰਾਂ ਵੱਲੋਂ ਵੀ ਬੜੇ ਯਕੀਨ ਨਾਲ ਅਪਣਾ ਲਈ ਗਈ ਹੈ ਪਰ ਸੁਆਲ ਇੱਥੇ ਪੈਦਾ ਇਹ ਹੁੰਦਾ ਹੈ ਕਿ ਜੇਕਰ ਬਾਦਸ਼ਾਹ ਔਰੰਗਜ਼ੇਬ ਦਿੱਲੀ ਵਿਖੇ ਨਹੀਂ ਸੀ ਤਾਂ ਗੁਰੂ ਤੇਗ ਬਹਾਦੁਰ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਨਜ਼ਰਬੰਦ ਕਰ ਕੇ ਸਰਹਿੰਦ ਜਾਂ ਬਸੀ ਪਠਾਣਾਂ ਤੋਂ ਦਿੱਲੀ ਕਿਉਂ ਭੇਜਿਆ ਗਿਆ ਸੀ? ਦੂਸਰਾ, ਬਾਦਸ਼ਾਹ ਦੀ ਗੈਰ-ਮੌਜੂਦਗੀ ਵਿਚ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਕਿਸ ਨੇ ਦਿੱਤਾ ਸੀ ਜਦੋਂ ਕਿ ਮੌਤ ਦੀ ਸਜ਼ਾ ਦੇਣ ਦਾ ਅਧਿਕਾਰ ਸਿਰਫ ਬਾਦਸ਼ਾਹ ਨੂੰ ਹੀ ਹੁੰਦਾ ਹੈ, ਹੋਰ ਕਿਸੇ ਨੂੰ ਵੀ ਇਹ ਅਧਿਕਾਰ ਨਹੀਂ ਹੁੰਦਾ। ਸ਼ਾਹੀ ਕਾਜ਼ੀ ਭਾਵੇਂ ਕਿੰਨੇ ਵੀ ਉੱਚੇ ਰੁਤਬੇ ਦਾ ਮਾਲਕ ਹੋਵੇ ਪਰ ਉਹ ਬਾਦਸ਼ਾਹ ਦੀ ਗੈਰ-ਹਾਜ਼ਰੀ ਵਿਚ ਕਦੇ ਵੀ ਮੌਤ ਦੀ ਸਜ਼ਾ ਨਹੀਂ ਦੇ ਸਕਦਾ। ਜੇਕਰ ਇਹ ਵੀ ਮੰਨ ਲਿਆ ਜਾਵੇ ਕਿ ਔਰੰਗਜ਼ੇਬ ਨੇ ਹਸਨ ਅਬਦਾਲ ਤੋਂ ਹੀ ਗੁਰੂ ਜੀ ਦੀ ਸ਼ਹਾਦਤ ਦੇ ਹੁਕਮ ਕਰ ਦਿੱਤੇ ਹੋਣ ਤਾਂ ਵੀ ਇਹ ਗੱਲ ਜਚਦੀ ਨਹੀਂ ਹੈ। ਗੁਰੂ ਤੇਗ ਬਹਾਦੁਰ ਜੈਸੇ ਮਹਾਨ ਨੇਤਾ ਨੂੰ, ਜਿਸ ਦੇ ਦੁਆਲੇ ਘੱਟੋ-ਘੱਟ ਉੱਤਰੀ ਭਾਰਤ ਦਾ ਸਮੁੱਚਾ ਹਿੰਦੂ ਸਮਾਜ ਕੇਂਦਰਿਤ ਹੋ ਰਿਹਾ ਸੀ, ਐਵੇਂ ਸਰਸਰੀ ਤੌਰ ਤੇ ਮੌਤ ਦੀ ਸਜ਼ਾ ਦੇ ਹੁਕਮ ਘੱਟੋ-ਘੱਟ ਔਰੰਗਜ਼ੇਬ ਜੈਸੇ ਚਲਾਕ ਅਤੇ ਸਿਆਸੀ ਤੌਰ ਤੇ ਨਿਪੁੰਨ ਬਾਦਸ਼ਾਹ ਵੱਲੋਂ ਉਮੀਦ ਨਹੀਂ ਕੀਤੇ ਜਾ ਸਕਦੇ। ਔਰੰਗਜ਼ੇਬ ਨੇ ਤਾਂ ਗੁਰੂ ਹਰਿ ਕਰਿਸ਼ਨ ਜੀ ਅਤੇ

ਬਾਬਾ ਰਾਮ ਰਾਇ ਦੇ ਆਪਸੀ ਝਗੜੇ ਵਿਚ ਵੀ ਕਾਹਲੀ ਤੋਂ ਕੰਮ ਨਹੀਂ ਲਿਆ ਸੀ ਹਾਲਾਂ ਕਿ ਉਹ ਉਸ ਸਮੇਂ ਆਪਣੀ ਮਰਜ਼ੀ ਅਨੁਸਾਰ ਕੋਈ ਵੀ ਫੈਸਲਾ ਲੈ ਸਕਦਾ ਸੀ। ਉਸ ਨੇ ਬਾਬਾ ਰਾਮ ਰਾਇ ਦੀ ਸ਼ਕਾਇਤ ਬਾਰੇ ਪੂਰੀ ਜਾਣਕਾਰੀ ਪਰਾਪਤ ਕਰਨ ਲਈ ਗੁਰੂ ਹਰਿ ਕਰਿਸ਼ਨ ਜੀ ਨੂੰ ਦਿੱਲੀ ਬੁਲਾਇਆ ਸੀ ਅਤੇ ਸ਼ਾਇਦ ਗੁਰੂ ਹਰਿ ਕਰਿਸ਼ਨ ਜੀ ਦਾ ਪੱਖ ਜਾਣਨ ਉਪਰੰਤ ਔਰੰਗਜ਼ੇਬ ਨੇ ਇਹ ਸੱਚਾਈ ਲਭ ਲਈ ਸੀ ਕਿ ਅਸਲੀ ਗੁਰੂ ਕੌਣ ਹੈ। ਇਹੀ ਕਾਰਨ ਸੀ ਕਿ ਉਸ ਵੱਲੋਂ ਘੱਟੋ-ਘੱਟ ਗੁਰ-ਗੱਦੀ ਦੇ ਸੰਬੰਧ ਵਿਚ ਬਾਬਾ ਰਾਮਰਾਇ ਨੂੰ ਕੋਈ ਮਾਣਤਾ ਨਹੀਂ ਦਿੱਤੀ ਗਈ ਸੀ। ਗੁਰ-ਗੱਦੀ ਦੇ ਉਤਰਅਧਿਕਾਰੀ ਦਾ ਫੈਸਲਾ ਕਰਨ ਵਿਚ ਵੀ ਜੇਕਰ ਔਰੰਗਜ਼ੇਬ ਕਿਸੇ ਕਾਹਲੀ ਜਾਂ ਪੱਖਪਾਤ ਤੋਂ ਕੰਮ ਨਹੀਂ ਲੈ ਰਿਹਾ ਸੀ ਤਾਂ ਗੁਰੂ ਤੇਗ ਬਹਾਦੁਰ ਜੈਸੇ ਪਰਵਾਨਿਤ ਗੁਰੂ ਨੂੰ ਅਤੇ ਸਮਾਜਿਕ ਤੌਰ ਤੇ ਸਰਬ-ਪਰਵਾਨਿਤ ਨੇਤਾ ਨੂੰ ਇਤਨੀ ਕਾਹਲੀ ਨਾਲ ਅਤੇ ਆਪਣੀ ਗੈਰ-ਮੌਜੂਦਗੀ ਵਿਚ, ਬਿਨਾਂ ਕਿਸੇ ਸੱਚਾਈ ਨੂੰ ਜਾਣੇ ਦੇ ਸ਼ਹੀਦ ਕਰਨ ਦਾ ਹੁਕਮ ਨਹੀਂ ਕਰ ਸਕਦਾ ਸੀ।

ਇਕ ਹੋਰ ਪੱਖੋਂ ਵੀ ਔਰੰਗਜ਼ੇਬ ਦੀ ਦਿੱਲੀ ਤੋਂ ਗੈਰਹਾਜ਼ਰੀ ਸ਼ੱਕੀ ਬਣ ਜਾਂਦੀ ਹੈ। ਇਸ ਗੱਲ ਦੀ ਗਵਾਹੀ ਸਿਰਫ ਮੁਆਸਿਰਿ ਆਲਮਗੀਰੀ ਤੋਂ ਹੀ ਮਿਲਦੀ ਹੈ ਕਿ ਔਰੰਗਜ਼ੇਬ ਇਸ ਸਮੇਂ ਹਸਨ ਅਬਦਾਲ ਦੀ ਮੁਹਿੰਮ ਤੇ ਗਿਆ ਹੋਇਆ ਸੀ। ਜਿੱਥੋਂ ਤਕ ਮੁਆਸਿਰਿ ਆਲਮਗੀਰੀ ਦੀ ਲਿਖਤ ਦੀ ਪਰਮਾਣੀਕਤਾ ਦਾ ਸੰਬੰਧ ਹੈ ਇਸ ਬਾਰੇ ਕਿਸੇ ਨੇ ਅਜੇ ਤਕ ਕੋਈ ਆਲੋਚਨਾਤਮਿਕ ਅਧਿਐਨ ਨਹੀਂ ਕੀਤਾ ਹੈ। ਇਸ ਕਰ ਕੇ ਇਸ ਦੀ ਪਰਮਾਣੀਕਤਾ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਦੂਜਾ, ਹਸਨ ਅਬਦਾਲ ਦੀ ਕਿਹੜੀ ਇਤਨੀ ਵੱਡੀ ਮੁਹਿੰਮ ਸੀ ਕਿ ਬਾਦਸ਼ਾਹ ਨੂੰ ਖੁਦ ਫੌਜ ਦੀ ਅਗਵਾਈ ਕਰਨੀ ਪਈ ਸੀ ਅਤੇ ਲਗਾਤਾਰ ਦੋ ਸਾਲਾਂ ਦੇ ਅਰਸੇ ਤਕ ਉੱਥੇ ਰਹਿਣਾ ਪਿਆ ਸੀ। ਇਹ ਸਾਧਾਰਣ ਮੁਹਿੰਮ ਸੀ। ਇਹ ਵੀ ਹੋ ਸਕਦਾ ਹੈ ਕਿ ਫੌਜਾਂ ਨੂੰ ਹੱਲਾ ਸ਼ੇਰੀ ਦੇਣ ਲਈ ਜਾਂ ਦੁਸ਼ਮਣ ਨੂੰ ਹੌਂਸਲਾਹੀਣ ਕਰਨ ਲਈ ਇਹ ਗੱਲ ਧੁਮਾ ਦਿੱਤੀ ਗਈ ਹੋਵੇ ਕਿ ਬਾਦਸ਼ਾਹ ਖੁਦ ਫੌਜ ਦੀ ਅਗਵਾਈ ਕਰ ਰਿਹਾ ਹੈ। ਅਜਿਹੀਆਂ ਗੱਲਾਂ ਦੀ ਰੋਸ਼ਨੀ ਵਿਚ ਮੁਆਸਿਰੀ ਆਲਮਗੀਰੀ ਦੇ ਲੇਖਕ ਨੂੰ ਬਾਦਸ਼ਾਹ ਦੀ ਅਸਲ ਮੌਜੂਦਗੀ ਦਾ ਭੁਲੇਖਾ ਵੀ ਲੱਗ ਸਕਦਾ ਹੈ ਜਾਂ ਅਜਿਹਾ ਭੁਲੇਖਾ ਜਾਣ ਬੁੱਝ ਕੇ ਵੀ ਪਾਇਆ ਜਾ ਸਕਦਾ ਹੈ ਪਰ ਇਕ ਗੱਲ ਨਿਸ਼ਚਿਤ ਹੈ ਕਿ ਬਾਦਸ਼ਾਹ ਤੋਂ ਬਿਨਾਂ ਹੋਰ ਕਿਸੇ ਨੂੰ ਵੀ ਮੌਤ ਦੀ ਸਜ਼ਾ ਦੇਣ ਦਾ ਅਧਿਕਾਰ ਨਹੀਂ ਸ਼ੀ। ਇਹ ਵੀ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ 'ਬਚਿੱਤਰ ਨਾਟਕ' ਵਿਚਲੇ ਇਸ ਵੇਰਵੇ ਨੂੰ ਕਿਸੇ ਵੀ ਤਰ੍ਹਾਂ ਅਖੋਂ ਓਹਲੇ ਨਹੀਂ ਕਰ ਸਕਦੇ ਕਿ ਗੁਰੂ ਤੇਗ ਬਹਾਦੁਰ ਜੀ ਨੇ ਦਿੱਲੀ ਦੇ ਮਾਲਕ ਦੇ ਸਿਰ ਤੇ ਆਪਣੀ ਸ਼ਹਾਦਤ ਦਾ ਠੀਕਰ ਭੰਨ ਕੇ ਅਕਾਲ ਪੁਰਖ ਦੇ ਚਰਨਾਂ ਵੱਲ ਰਵਾਨਗੀ ਕਰ ਦਿੱਤੀ।

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕਿਯਾ ਪਯਾਨ।[17]

ਸਿੱਟੇ ਦੇ ਤੌਰ ਤੇ ਬਾਦਸ਼ਾਹ ਵੱਲੋਂ ਹੁਕਮ ਕੀਤਾ ਗਿਆ ਕਿ ਗੁਰੂ ਤੇਗ ਬਹਾਦੁਰ ਜੀ ਨੂੰ ਤਿੰਨ ਪੇਸ਼ਕਸ਼ਾਂ ਕੀਤੀਆਂ ਜਾਣ। ਇਸਲਾਮ ਕਬੂਲ ਕਰਨਾ ਜਾਂ ਮੌਤ ਕਬੂਲ ਕਰਨੀ। ਜੇਕਰ ਇਨ੍ਹਾਂ ਦੋਹਾਂ ਵਿਚੋਂ ਕੋਈ ਵੀ ਗੱਲ ਕਬੂਲ ਨਾ ਕਰਨ ਤਾਂ ਕੋਈ ਕਰਾਮਾਤ ਦਿਖਾਉਣੀ ਤਾਂ ਕੇ ਉਨ੍ਹਾਂ ਨੂੰ ਕਰਨੀ ਵਾਲਾ ਚਮਤਕਾਰੀ ਪੁਰਸ਼ ਮੰਨਿਆ ਜਾ ਸਕੇ। ਜਦੋਂ ਇਹ ਤਿੰਨੇ ਪੇਸ਼ਕਸ਼ਾਂ ਗੁਰੂ ਜੀ ਸਾਹਮਣੇ ਰੱਖੀਆਂ ਗਈਆਂ ਤਾਂ ਉਨ੍ਹਾਂ ਨੇ ਇਸਲਾਮ ਧਾਰਨ ਕਰਨ ਅਤੇ ਕਰਾਮਾਤ

ਦਿਖਾਉਣ, ਦੋਹਾਂ ਤੋਂ ਹੀ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਮਕਸਦ ਤਾਂ ਸਿਰਫ ਮਨੁੱਖ ਦੇ ਜੀਉਣ ਦਾ ਅਧਿਕਾਰ ਪਰਾਪਤ ਕਰਨ ਦਾ ਸੀ, ਕਰਾਮਾਤ ਦਿਖਾ ਕੇ ਜਾਂ ਇਸਲਾਮ ਕਬੂਲ ਕਰ ਕੇ ਆਪਣੀ ਰਿਹਾਈ ਕਰਵਾਉਣ ਦਾ ਮਤਲਬ ਨਹੀਂ ਸੀ। ਔਰੰਗਜ਼ੇਬ ਨੇ ਇਹ ਗੱਲ ਨਹੀਂ ਮੰਨੀ ਅਤੇ ਗੁਰੂ ਜੀ ਨੇ ਬਾਦਸ਼ਾਹ ਦੀਆਂ ਪੇਸ਼ਕਸ਼ਾਂ ਨਹੀਂ ਮੰਨੀਆਂ। ਅੰਤ ਨੂੰ ਗੁਰੂ ਜੀ ਨੂੰ ਡਰਾਉਣ ਧਮਕਾਉਣ ਲਈ ਪਹਿਲਾਂ ਉਨ੍ਹਾਂ ਦੇ ਮੁੱਖੀ ਸਾਥੀ ਸਿੱਖਾਂ ਭਾਈ ਮਤੀ ਦਾਸ, ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਭਾਂਤ-ਭਾਂਤ ਦੇ ਦਰਦਨਾਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਜੀ ਨੂੰ ਲੱਕੜਾਂ ਵਿਚਕਾਰ ਨਪੀੜ ਕੇ ਆਰੇ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਨਾਲ ਸਾੜਿਆ ਗਿਆ। ਗੁਰੂ ਜੀ ਸਭ ਕੁਝ ਦੇਖਦੇ ਰਹੇ ਅਤੇ ਅਡੋਲ ਰਹੇ। ਫਿਰ ਗੁਰੂ ਜੀ ਨੂੰ ਤਸੀਹੇ ਦੇ ਕੇ, ਚਾਂਦਨੀ ਚੌਕ ਦੇ ਵਿਚ ਇਕ ਬਰੋਟੇ ਦੇ ਦਰੱਖਤ ਹੇਠ ਸਭ ਲੋਕਾਂ ਦੇ ਸਾਹਮਣੇ ਮੱਘਰ ਸੁਦੀ ਪੰਚਮੀ ਸੰਮਤ 1732 ਬਿ. ਮੁਤਾਬਕ ਗਿਆਰਾਂ ਨਵੰਬਰ, ਸੰਨ 1675 ਈ. ਨੂੰ ਗੁਰੂ ਜੀ ਦੇ ਸੀਸ ਨੂੰ ਕੱਟ ਕੇ ਸ਼ਰੀਰ ਨਾਲੋਂ ਅਲੱਗ ਕਰ ਦਿੱਤਾ ਗਿਆ।

ਇਹ ਹਕੂਮਤ ਦੇ ਜ਼ੁਲਮ ਦੀ ਇੰਤਹਾ ਸੀ। ਗੁਰੂ ਜੀ ਦੁੱਖੀ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਆਪਣਾ ਆਪ ਵਾਰ ਗਏ ਸਨ। ਉਨ੍ਹਾਂ ਨੇ ਸੀਸ ਦੇਣਾ ਪਰਵਾਨ ਕਰ ਲਿਆ ਪਰ ਆਪਣਾ ਸਿਦਕ ਨਹੀਂ ਹਾਰਿਆ। ਇਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖੀਆਂ ਇਹ ਲਾਈਨਾਂ ਕਿੰਨੀਆਂ ਭਾਵਪੂਰਤ ਹਨ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ। ਸੀਸੁ ਦੀਆ ਪਰ ਸੀ ਨ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ। ਸੀਸ ਦੀਆਂ ਪਰ ਸਿਰਰੁ ਨ ਦੀਆ।
... ...

ਭਾਈ ਲਖੀ ਸ਼ਾਹ ਨੇ ਆਪਣੇ ਪੁਤਰਾਂ ਨਗਾਹੀਆ, ਹੇਮਾ ਅਤੇ ਹਾੜੀ ਅਤੇ ਕਾਹਨੇ ਦੇ ਲੜਕੇ ਧੂਮਾ ਦੀ ਸਹਾਇਤਾ ਨਾਲ ਗੁਰੂ ਜੀ ਦੇ ਪਵਿੱਤਰ ਸ਼ਰੀਰ ਨੂੰ ਚੁੱਕ ਕੇ ਆਪਣੇ ਘਰ ਲਿਜਾ ਕੇ ਅੱਗ ਦੀ ਭੇਂਟ ਕਰ ਦਿੱਤਾ ਸੀ। ਗੁਰੂ ਜੀ ਦੇ ਪਵਿੱਤਰ ਸੀਸ ਨੂੰ ਭਾਈ ਜੈਤਾ ਜੀ ਰੰਘਰੇਟਾ ਦਿੱਲੀ ਤੋਂ ਚੁੱਕ ਕੇ ਛੁਪਦਾ-ਛੁਪਾਉਂਦਾ ਚੱਕ ਨਾਨਕੀ ਵਿਖੇ ਲੈ ਆਇਆ ਸੀ ਜਿੱਥੇ ਗੁਰੂ ਗੋਬਿੰਦ ਜੀ ਵੱਲੋਂ ਗੁਰਦੁਆਰਾ ਸੀਸ ਗੰਜ ਵਾਲੇ ਅਸਥਾਨ ਤੇ ਸੰਸਕਾਰ ਕੀਤਾ ਗਿਆ ਸੀ।

ਗੁਰੂ ਤੇਗ ਬਹਾਦੁਰ ਜੀ ਦੀ ਵਿਚਾਰਧਾਰਾ

ਗੁਰੂ ਤੇਗ ਬਹਾਦੁਰ ਜੀ ਦੀ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੰਨ 1706 ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਦੂਜੀ ਵਾਰ ਸੰਪਾਦਨਾ ਕਰਨ ਸਮੇਂ ਦਰਜ ਕੀਤੀ ਗਈ ਸੀ। ਗੁਰੂ ਜੀ ਦੀ ਕੁੱਲ ਬਾਣੀ ਦੇ 57 ਸਲੋਕ ਅਤੇ 59 ਸ਼ਬਦ ਹਨ। ਸਲੋਕ ਤਾਂ ਇਕੱਠੇ ਹੀ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਦਿੱਤੇ ਗਏ ਹਨ ਅਤੇ ਸ਼ਬਦ ਵੱਖ-ਵੱਖ ਰਾਗਾਂ ਵਿਚ ਦਰਜ ਹਨ। ਸਲੋਕਾਂ ਨੂੰ ਭੋਗ ਦੇ ਸਮੇਂ ਪਾਠੀ ਸਿੰਘਾਂ ਵੱਲੋਂ ਬੜੀ ਹੀ ਦਿਲਖਿਚਵੀਂ ਆਵਾਜ਼ ਵਿਚ ਪੜ੍ਹਿਆ ਜਾਂਦਾ ਹੈ। ਇਨ੍ਹਾਂ ਬਾਰੇ ਇਕ ਰਵਾਇਤ ਇਹ ਵੀ ਹੈ ਕਿ ਇਹ ਸਲੋਕ ਗੁਰੂ ਜੀ ਨੇ ਹਿਰਾਸਤ ਦੇ ਅਰਸੇ ਦੌਰਾਨ ਰਚੇ ਸਨ ਅਤੇ

ਕਿਸੇ ਤਰੀਕੇ ਨਾਲ ਬਾਲ ਗੋਬਿੰਦ ਜੀ ਤਕ ਪਹੁੰਚਾ ਦਿੱਤੇ ਗਏ ਸਨ।

ਗੁਰੂ ਤੇਗ ਬਹਾਦੁਰ ਜੀ ਦੀ ਸਾਰੀ ਵਿਚਾਰਧਾਰਾ ਇਨ੍ਹਾਂ ਹੀ ਸਲੋਕਾਂ ਅਤੇ ਸ਼ਬਦਾਂ ਵਿਚੋਂ ਪਰਗਟ ਹੁੰਦੀ ਹੈ। ਅਸਲ ਵਿਚ ਸਲੋਕ ਦੂਸਰੇ ਸ਼ਬਦਾਂ ਦਾ ਸਾਰਅੰਸ਼ ਹੀ ਹਨ। ਸ਼ਬਦਾਂ ਵਿਚ ਪਰਗਟ ਕੀਤੇ ਗਏ ਵਿਚਾਰ ਸਲੋਕਾਂ ਵਿਚ ਸੰਖੇਪ ਰੂਪ ਵਿਚ ਦੇ ਦਿੱਤੇ ਗਏ ਹਨ। ਗੁਰੂ ਸਾਹਿਬ ਦੀ ਬਾਣੀ ਵਿਚੋਂ ਜੋ ਵਿਚਾਰਧਾਰਾ ਪਰਗਟ ਹੁੰਦੀ ਹੈ ਉਸ ਅਨੁਸਾਰ ਉਨ੍ਹਾਂ ਨੇ ਮਨੁੱਖੀ ਜੀਵਨ ਦੇ ਤਿੰਨ ਪੱਖਾਂ ਉੱਪਰ ਜ਼ਿਆਦਾ ਜ਼ੋਰ ਦਿੱਤਾ ਹੈ। ਪਹਿਲਾ ਪੱਖ ਅਕਾਲ ਪੁਰਖ ਦਾ ਨਾਮ ਸਿਮਰਣ ਬਾਰੇ ਹੈ। ਗੁਰੂ ਸਾਹਿਬ ਵਾਹਿਗੁਰੂ ਦਾ ਜਾਪ ਕਰਨ ਲਈ ਮਨੁੱਖ ਨੂੰ ਵਾਰ-ਵਾਰ ਤਾਕੀਦ ਕਰਦੇ ਹੋਏ ਕਹਿ ਰਹੇ ਹਨ ਕਿ ਉਸ ਦੀ ਉਮਰ ਦਿਨ ਪਰਤੀ ਦਿਨ ਘਟਦੀ ਜਾ ਰਹੀ ਹੈ ਇਸ ਲਈ ਉਸ ਨੂੰ ਬਿਨਾ ਕੋਈ ਸਮਾਂ ਜਾਇਆ ਕਰੇ ਰੱਬ ਦਾ ਨਾਮ ਜਪਣਾ ਚਾਹੀਦਾ ਹੈ। ਜਿਸ ਤਰ੍ਹਾਂ ਟੁੱਟੇ ਹੋਏ ਘੜੇ ਵਿਚੋਂ ਪਾਣੀ ਸਿੰਮ-ਸਿੰਮ ਕੇ ਘਟਦਾ ਹੈ, ਮਨੁੱਖੀ ਜੀਵਨ ਇਸੇ ਤਰ੍ਹਾਂ ਘਟਦਾ ਜਾ ਰਿਹਾ ਹੈ। ਜੀਵਨ ਦਾ ਉਤਨਾ ਸਮਾਂ ਹੀ ਸਾਰਥਿਕ ਹੈ ਜਿਤਨੇ ਸਮੇਂ ਵਿਚ ਉਸ ਨੇ ਵਾਹਿਗੁਰੂ ਦਾ ਨਾਮ ਚਿਤਵਿਆ ਹੈ।

ਦੂਜਾ ਪੱਖ ਹੈ ਮਨੁੱਖ ਨੂੰ ਸੰਸਾਰਿਕ ਪਦਾਰਥਾਂ ਤੋਂ ਮੁਕਤ ਹੋਣ ਦਾ। ਗੁਰੂ ਜੀ ਮਨੁੱਖ ਨੂੰ ਵਾਰ-ਵਾਰ ਖ਼ਬਰਦਾਰ ਕਰਦੇ ਹਨ ਕਿ ਇਸ ਸੰਸਾਰ ਉੱਪਰ ਜਿਨ੍ਹਾਂ ਨੂੰ ਵੀ ਉਹ ਆਪਨਾ ਸਮਝਦਾ ਹੈ ਸਭ ਅੰਤਮ ਸਮੇਂ ਉਸ ਦਾ ਸਾਥ ਛੱਡ ਜਾਂਦੇ ਹਨ। ਮਾਂ-ਬਾਪ, ਭੈਣ-ਭਰਾ, ਦੋਸਤ-ਮਿੱਤਰ, ਸੰਗੀ-ਸਾਥੀ ਇਹ ਸਭ ਅੰਤਮ ਸਮੇਂ ਨਾਲ ਨਹੀਂ ਰਹਿੰਦੇ। ਇਸ ਕਰ ਕੇ ਮਨੁੱਖ ਨੂੰ ਇਨ੍ਹਾਂ ਨਾਲ ਮੋਹ-ਮਮਤਾ ਨਹੀਂ ਵਧਾਉਣੀ ਚਾਹੀਦੀ। ਇਸ ਦੇ ਨਾਲ ਹੀ ਮਨੁੱਖ ਨੂੰ ਹਰ ਕਿਸਮ ਦੀ ਖੁਸ਼ੀ-ਗਮੀ, ਦੁੱਖ-ਸੁੱਖ ਅਤੇ ਅਮੀਰੀ-ਗਰੀਬੀ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ। ਗੁਰੂ ਸਾਹਿਬ ਪੂਰਨ ਮਨੁੱਖ ਉਸ ਨੂੰ ਸਮਝਦੇ ਹਨ ਜਿਸ ਨੂੰ ਕੋਈ ਲੋਭ-ਲਾਲਚ ਨਹੀਂ ਹੈ, ਜਿਹੜਾ ਸੁੱਖ-ਦੁੱਖ ਨੂੰ ਇਕ ਸਮਝਦਾ ਹੈ; ਜਿਸ ਦੇ ਦਿਲ ਵਿਚ ਮਾਨ ਅਤੇ ਅਪਮਾਨ ਦਾ ਕੋਈ ਅਹਿਸਾਸ ਨਹੀਂ ਅਤੇ ਜਿਹੜਾ ਸੋਨੇ ਅਤੇ ਲੋਹੇ ਨੂੰ ਇਕ ਸਮਾਨ ਸਮਝਦਾ ਹੈ। ਗੁਰੂ ਸਾਹਿਬ ਖ਼ੁਦ ਵੀ ਅਜਿਹੇ ਬੰਧਨਾਂ ਤੋਂ ਮੁਕਤ ਸਨ ਅਤੇ ਆਪਣੇ ਸਿੱਖ ਨੂੰ ਵੀ ਅਜਿਹੇ ਬੰਧਨਾਂ ਤੋਂ ਮੁਕਤ ਕਰਨਾ ਚਾਹੁੰਦੇ ਸਨ। ਅਜਿਹੇ ਬੰਧਨ-ਮੁਕਤ ਵਿਅਕਤੀ ਨੂੰ ਹੀ ਗੁਰੂ ਸਾਹਿਬ ਗਿਆਨੀ, ਚਤੁਰ-ਸੁਜਾਨ ਅਤੇ ਸੰਤ ਕਹਿੰਦੇ ਹਨ। ਬੰਧਨਾਂ ਵਿਚ ਜਕੜਿਆ ਵਿਅਕਤੀ ਉਨ੍ਹਾਂ ਦੀਆਂ ਨਿਗਾਹਾਂ ਵਿਚ ਮੂਰਖ ਹੈ, ਅਗਿਆਨੀ ਹੈ, ਬਾਵਰਾ ਹੈ ਅਤੇ ਅੰਧਾ ਹੈ।

ਤੀਜਾ ਪੱਖ ਹੈ ਮਨੁੱਖ ਦੀ ਸੁਤੰਤਰ ਹੋਂਦ ਦਾ। ਅਸਲ ਵਿਚ ਵਾਹਿਗੁਰੂ ਦਾ ਨਾਮ ਜਪ ਕੇ ਹੀ ਵਿਅਕਤੀ ਨਿਰਲੇਪਤਾ ਵੱਲ ਵਧਦਾ ਹੈ ਅਤੇ ਨਿਰਲੇਪਤਾ ਧਾਰਨ ਕਰ ਕੇ ਸੁਤੰਤਰਤਾ ਜਾਂ ਨਿਰਭੈਤਾ ਹਾਸਲ ਹੁੰਦੀ ਹੈ। ਗੁਰੂ ਸਾਹਿਬ ਦਾ ਵਿਚਾਰ ਸੀ ਕਿ ਨਿਰਭੈ ਅਰਥਾਤ ਸੁਤੰਤਰ ਵਿਅਕਤੀ ਉਹ ਹੀ ਹੈ ਜਿਹੜਾ ਨਾ ਤਾਂ ਕਿਸੇ ਨੂੰ ਭੈ ਦਿੰਦਾ ਹੈ ਅਤੇ ਨਾ ਹੀ ਕਿਸੇ ਦੇ ਭੈ ਵਿਚ ਆਉਂਦਾ ਹੈ। ਇਸ ਤਰ੍ਹਾਂ ਦੀ ਸਥਿਤੀ ਤਦ ਹੀ ਆਉਂਦੀ ਹੈ ਜੇਕਰ ਵਿਅਕਤੀ ਸੰਸਾਰਿਕ ਬੰਧਨਾਂ ਤੋਂ ਮੁਕਤ ਹੋਵੇਗਾ। ਸੰਸਾਰਿਕ ਬੰਧਨਾਂ ਵਿਚ ਜਕੜਿਆ ਵਿਅਕਤੀ ਨਾ ਹੀ ਨਿਰਭੈ ਹੋ ਸਕਦਾ ਹੈ ਤੇ ਨਾ ਹੀ ਸ਼ਕਤੀਸ਼ਾਲੀ। ਇਸ ਤਰ੍ਹਾਂ ਦੇ ਬਲ-ਰਹਿਤ ਵਿਅਕਤੀ ਨੂੰ ਅਨੇਕਾਂ ਤਰਾਂ ਦੇ ਬੰਧਨਾਂ ਵਿਚ ਜਕੜ ਲਿਆ ਜਾਂਦਾ ਹੈ। ਸ਼ਕਤੀਸ਼ਾਲੀ ਹੋਣ ਲਈ ਬੰਧਨ-ਮੁਕਤ ਹੋਣਾ ਪਏਗਾ ਅਤੇ ਸ਼ਕਤੀਸ਼ਾਲੀ ਵਿਅਕਤੀ ਸਭ ਕਿਸਮ ਦੇ ਬੰਧਨਾਂ ਤੋਂ ਛੁਟਕਾਰਾ ਵੀ ਪਰਾਪਤ ਕਰ ਲੈਂਦਾ ਹੈ।

ਬੰਧਨ-ਮੁਕਤ ਵਿਅਕਤੀ ਅਰਥਾਤ ਸ਼ਕਤੀਸ਼ਾਲੀ ਵਿਅਕਤੀ ਹਰ ਤਰ੍ਹਾਂ ਦੇ ਸਾਧਨ ਪੈਦਾ ਕਰ ਸਕਦਾ ਹੈ ਜਾਂ ਸਭ ਕੁਝ ਪਰਾਪਤ ਕਰ ਸਕਦਾ ਹੈ।

ਗੁਰੂ ਜੀ ਦੀ ਵਿਚਾਰਧਾਰਾ ਦਾ ਅਹਿਮ ਪੱਖ ਇਹ ਹੈ ਕਿ ਉਨ੍ਹਾਂ ਨੇ ਜੋ ਕੁਝ ਆਪਣੀ ਬਾਣੀ ਰਾਹੀਂ ਮਨੁੱਖਤਾ ਨੂੰ ਸੁਨੇਹਾ ਦਿੱਤਾ ਹੈ ਉਨ੍ਹਾਂ ਨੇ ਆਪਣਾ ਜੀਵਨ ਵੀ ਉਸੇ ਤਰ੍ਹਾਂ ਦਾ ਜੀਵਿਆ ਸੀ। ਉਹ ਦਿਨ ਰਾਤ ਅਕਾਲ ਪੁਰਖ ਦੇ ਸਿਮਰਨ ਵਿਚ ਲੀਨ ਰਹਿੰਦੇ ਸਨ। ਉਹ ਸੰਸਾਰ ਦੇ ਹਰ ਬੰਧਨ ਤੋਂ ਮੁਕਤ ਸਨ। ਨਾ ਉਨ੍ਹਾਂ ਦੇ ਰਾਹ ਵਿਚ ਪਤਨੀ ਅਤੇ ਪੁੱਤਰ ਕੋਈ ਰੋਕ ਬਣ ਸਕੇ ਅਤੇ ਨਾ ਹੀ ਕੋਈ ਮਾਇਕ ਲੋਭ ਲਾਲਚ ਹੀ ਉਨ੍ਹਾਂ ਨੂੰ ਡੁਲਾ ਸਕਿਆ। ਉਨ੍ਹਾਂ ਨੇ ਨਾ ਕਿਸੇ ਨੂੰ ਡਰਾਇਆ ਸੀ ਅਤੇ ਨਾ ਹੀ ਉਹ ਕਿਸੇ ਤੋਂ ਡਰੇ ਸਨ। ਅਖੀਰ ਇਕ ਸੂਰਮੇ ਮਰਦ ਦੀ ਤਰ੍ਹਾਂ ਅਤੇ ਇਕ ਨਿਰਲੇਪ ਸੰਤ ਦੀ ਤਰ੍ਹਾਂ ਮਨੁੱਖਤਾ ਦੇ ਭਲੇ ਲਈ ਆਪਣੀ ਸ਼ਹਾਦਤ ਦੇ ਗਏ ਸਨ ਪਰ ਆਪਣਾ ਸਿਦਕ ਨਹੀਂ ਛੱਡਿਆ ਸੀ। ਉਨ੍ਹਾਂ ਦੀ ਸ਼ਹਾਦਤ ਹੀ ਉਨ੍ਹਾਂ ਦੀ ਕਹਿਣੀ ਅਤੇ ਕਰਨੀ ਦੀ ਸੁਮੇਲਤਾ ਵਾਲੇ ਜੀਵਨ ਦਾ ਸਭ ਤੋਂ ਵੱਡਾ ਸਬੂਤ ਹੈ।

ਹਵਾਲੇ ਅਤੇ ਟਿੱਪਣੀਆਂ

1. ਤਿਰਲੋਚਨ ਸਿੰਘ, *ਗੁਰੂ ਤੇਗ ਬਹਾਦੁਰ : ਪਰਾਫਿਟ ਐਂਡ ਮਾਰਟਾਇਰ*, ਡੀ. ਜੀ. ਪੀ. ਕਮੇਟੀ, ਦਿੱਲੀ, 1967, ਪੰਨਾ 9 ਅਤੇ ਫੌਜਾ ਸਿੰਘ ਤਾਰਨ ਸਿੰਘ, *ਗੁਰੂ ਤੇਗ ਬਹਾਦੁਰ : ਜੀਵਨ ਅਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ 10.
2. ਭੱਟ ਵਹੀ ਪੂਰਬੀ ਦੱਖਣੀ।

ਨੋਟ : ਇਨ੍ਹਾਂ ਭੱਟ ਵਹੀਆਂ ਦਾ ਸਰਵੇਖਣ ਪੰਜਾਬ ਇਤਿਹਾਸ ਅਧਿਆਨ ਵਿਭਾਗ ਵੱਲੋਂ ਗਿਆਨੀ ਗਰਜਾ ਸਿੰਘ ਨੇ ਕੀਤਾ ਸੀ। ਇਹ ਸਾਰਾ ਖਰੜਾ ਅਣਛਪਿਆ ਕੁਝ ਫਾਈਲਾਂ ਦੇ ਰੂਪ ਵਿਚ ਪੰਜਾਬ ਇਤਿਹਾਸ ਅਧਿਐਨ ਵਿਭਾਗ ਦੀ ਵਿਭਾਗੀ ਲਾਇਬਰੇਰੀ ਵਿਚ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮੁੱਖ ਲਾਇਬ੍ਰੇਰੀ ਦੀ ਡਾ. ਗੰਡਾ ਸਿੰਘ ਕੁਲੈਕਸ਼ਨ ਵਿਚ ਪਿਆ ਹੈ।

3. ਭੱਟ ਵਹੀ ਪੂਰਬੀ ਦੱਖਣੀ ਖਾਤਾ ਬੜਤੀਆ ਕਾ।
4. ਡਾ. ਫੌਜਾ ਸਿੰਘ, *ਪੂਰਵ ਅੰਕਤ*, ਪੰਨਾ 22.
5. ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਟਿਆਲਾ, 1986, ਪੰਨੇ 66-67 ਅਤੇ ਫੌਜਾ ਸਿੰਘ ਤਾਰਨ ਸਿੰਘ, *ਪੂਰਵ ਅੰਕਤ*, ਪੰਨੇ 36-37.
6. ਫੌਜਾ ਸਿੰਘ ਵੱਲੋਂ ਦਿੱਤੇ ਗਏ ਹਵਾਲੇ ਅਨੁਸਾਰ, *ਉਕਤ*, ਪੰਨਾ 38.
7. ਫੌਜਾ ਸਿੰਘ, *ਪੂਰਵ ਅੰਕਤ*, ਪੰਨਾ 39.
8. *ਹੁਕਮਨਾਮੇ* (ਸੰ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨੇ 86-87
9. *ਉਕਤ*, ਪੰਨੇ 84-85.
10. ਭੱਟ ਵਹੀ ਤਲੌਂਡਾ ਪਰਗਨਾ ਜੀਂਦ ਅਨੁਸਾਰ : "ਗੁਰੂ ਤੇਗ ਬਹਾਦੁਰ ਜੀ ਮਹਲ ਨਾਮਾ...... ਆਸਾਮ-ਪਤੀ ਰਾਜਾ ਸੁਰਗਦੇਵ ਅੰਬੇਰਪਤੀ ਰਾਜਾ ਰਾਮ ਸਿੰਘ ਸੇ ਵਿਦਾਇਗੀ ਲੈ ਦਿੱਲੀ ਭਾਈ ਕਲਿਆਣੇ ਦੀ ਧਰਮਸ਼ਾਲਾ ਮੇਂ ਆਏ ਨਿਵਾਸ ਕੀਆ ਗੈਲ ਦੀਵਾਨ ਦਰਘਾ ਮਲ ਛਿਬਰ ਨਵਾਬ ਸੈਫ ਖਾਨ ਆਏ ਸਾਲ ਸਤਰੈ ਸੈ ਸਤਾਈਸ ਅਸਾੜ ਮਾਸ ਕੀ ਬਾਈਸ ਕੋ ਦੋ ਮਾਸ ਤੇਰਾਂ ਦਿਹੁੰ ਦਿੱਲੀ ਮੇਂ ਬਿਰਾਜੇ ਗੁਰੂ ਜੀ ਸ਼ਾਹੀ ਨਜਰਬੰਦੀ ਸੇ ਮੁਕਤ ਹੋਏ ਰਾਜਾ ਰਾਮ ਸਿੰਘ ਕੀ ਮਾਤਾ ਪੁਸ਼ਪਾ ਦੇਵੀ ਸੇ ਵਿਦਾਇਗੀ ਲੈ ਮਧੁਰ ਦੇਸ਼ ਆਏ।"
11. ਮੱਲਾ ਪਿੰਡ ਵਿਖੇ ਗੁਰੂ ਜੀ ਦੀ ਭੈਣ ਵੀਰੋ ਜੀ ਰਹਿੰਦੇ ਸਨ। ਇਹ ਪਿੰਡ ਜਿਲਾ ਫਰੀਦਕੋਟ ਵਿਚ ਹੈ
12. ਸਾਕੀ ਮੁਸਤਾਅਦ ਖਾਂ, *ਮੁਆਸਿਰਿ ਆਲਮਗੀਰੀ* (ਪੰਜਾਬੀ ਅਨੁਵਾਦ, ਦਰਸ਼ਨ ਸਿੰਘ ਅਵਾਰਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, ਪੰਨਾ 95.

13. ਇਸ ਗੱਲ ਦੀ ਪੁਸ਼ਟੀ *ਗੁਰੂ ਕੀਆਂ ਸਾਖੀਆਂ* ਤੋਂ ਵੀ ਹੁੰਦੀ ਹੈ। ਵੇਖੋ ਸਾਖੀ 24ਵੀ।
14. *ਗੁਰੂ ਕੀਆਂ ਸਾਖੀਆਂ*, ਸਾਖੀ 29ਵੀਂ, ਪੰਨੇ 73-74.
15. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (ਸੰ. ਰਤਨ ਸਿੰਘ ਜੱਗੀ), *ਪਰਖ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਚਰਣ ਨੌਵਾਂ।
16. *ਮੁਆਸਿਰਿ ਆਲਮਗੀਰੀ*, ਪੰਨੇ 114 ਅਤੇ 135.
17. *ਸ਼ਬਦਾਰਥ ਦਸਮ ਗ੍ਰੰਥ ਸਾਹਿਬ*, ਪੋਥੀ ਪਹਿਲੀ (ਸੰ. ਭਾਈ ਰਣਧੀਰ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 73.

2

ਪਰਚਾਰ ਦੌਰੇ : ਸਰਵੇਖਣ ਅਤੇ ਵਿਸ਼ਲੇਸ਼ਣ

ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਗੁਰੂ ਤੇਗ ਬਹਾਦੁਰ ਜੀ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਸਭ ਤੋਂ ਵੱਧ ਯਾਤਰਾਵਾਂ ਕੀਤੀਆਂ ਅਤੇ ਦੇਸ਼ ਵਿਆਪੀ ਦੌਰੇ ਕੀਤੇ। ਇਨ੍ਹਾਂ ਦੌਰਿਆਂ ਦੀ ਸਿੱਖ ਧਰਮ ਦੇ ਪਰਚਾਰ ਵਿਚ ਅਤੇ ਸਿੱਖ ਇਤਿਹਾਸ ਦੇ ਸੰਦਰਭ ਵਿਚ ਬਹੁਤ ਮਹੱਤਤਾ ਹੈ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਕਿੰਨੀ ਦਿਰੜਤਾ ਅਤੇ ਮਿਹਨਤ ਨਾਲ ਧਰਮ ਪਰਚਾਰ ਕੀਤਾ ਸੀ। ਪੰਜਾਬ ਦੇ ਮਾਲਵਾ ਖੇਤਰ ਦਾ ਤਕਰੀਬਨ ਹਰ ਪਿੰਡ ਗੁਰੂ ਤੇਗ ਬਹਾਦੁਰ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਨਾਲ ਵਰੋਸਾਇਆ ਹੋਇਆ ਹੈ। ਭਾਰਤ ਦਾ ਲਗਭਗ ਹਰ ਤੀਰਥ ਅਸਥਾਨ ਹਰਿਦੁਆਰ ਤੋਂ ਲੈ ਕੇ ਗੁਹਾਟੀ ਤਕ ਗੁਰੂ ਜੀ ਦੀ ਚਰਨ-ਛੋਹ ਪਰਾਪਤ ਹੈ। ਇਨਾਂ ਪਰਚਾਰ ਦੌਰਿਆਂ ਨੂੰ ਜੇਕਰ ਉਸ ਸਮੇਂ ਦੇ ਹਾਲਾਤ ਦੇ ਸੰਦਰਭ ਵਿਚ ਰੱਖ ਕੇ ਦੇਖਿਆ ਜਾਵੇ ਤਾਂ ਬਹੁਤ ਹੀ ਹੈਰਾਨੀ ਹੁੰਦੀ ਹੈ ਕਿ ਗੁਰੂ ਜੀ ਨੇ ਹਾਲਾਤ ਅਨੁਕੂਲ ਨਾ ਹੋਣ ਦੇ ਬਾਵਜੂਦ ਵੀ ਇਤਨੀ ਵੱਡੀ ਪੱਧਰ ਤੇ ਧਰਮ ਪਰਚਾਰ ਕੀਤਾ ਸੀ।

ਇਕ ਪਾਸੇ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਦੇਸ਼ ਭਰ ਦੇ ਗੈਰ-ਮੁਸਲਮਾਨ ਲੋਕਾਂ ਨੂੰ ਇਸਲਾਮ ਵਿਚ ਲਿਆਉਣ ਤੇ ਤੁਲੀ ਹੋਈ ਸੀ ਪਰ ਦੂਜੇ ਪਾਸੇ ਗੁਰੂ ਤੇਗ ਬਹਾਦੁਰ ਜੀ ਭਿੰਨ-ਭਿੰਨ ਅਸਥਾਨਾਂ ਤੇ ਜਾ ਕੇ ਧਰਮ ਪਰਚਾਰ ਕਰ ਰਹੇ ਸਨ। ਇਹ ਦੋ ਵਿਰੋਧੀ ਝੁਕਾਅ ਇਤਿਹਾਸਕਾਰਾਂ ਲਈ ਇਕ ਬਹੁਤ ਵੱਡੀ ਮੁਸ਼ਕਲ ਦਾ ਹੱਲ ਲਈ ਖੜੇ ਹਨ। ਹੱਲ ਇਹ ਹੈ ਕਿ ਭਾਰਤ ਭਰ ਵਿਚ ਜੇ ਕਿਸੇ ਨੇਤਾ ਨੇ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਨੂੰ ਵੰਗਾਰਿਆ ਸੀ ਤਾਂ ਉਹ ਸਿਰਫ ਗੁਰੂ ਤੇਗ ਬਹਾਦੁਰ ਜੀ ਹੀ ਸਨ। ਗੁਰੂ ਜੀ ਨੂੰ ਵਾਰ-ਵਾਰ ਗਰਿਫ਼ਤਾਰ ਕਰਨਾ ਅਤੇ ਅਖੀਰ ਗੁਰੂ ਜੀ ਨੂੰ ਹਕੂਮਤ ਵੱਲੋਂ ਸ਼ਹੀਦ ਕਰ ਦੇਣਾ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਗੁਰੂ ਜੀ ਦੇ ਅਧਿਆਤਮਕ ਪਰਚਾਰ ਦੌਰਿਆਂ ਨੇ ਔਰੰਗਜ਼ੇਬ ਨੂੰ ਬੇਚੈਨ ਕਰ ਰੱਖਿਆ ਸੀ। ਗੁਰੂ ਸਾਹਿਬ ਫਿਰਕੂ ਬੰਧਨਾਂ ਤੋਂ ਪਰੇ ਹੋ ਕੇ ਸਮੁੱਚੇ ਭਾਰਤੀ ਸਮਾਜ ਦੇ ਇਕ ਧਾਰਮਿਕ ਨੇਤਾ ਦੇ ਰੂਪ ਵਿਚ ਵਿਚਰ ਰਹੇ ਸਨ। ਧਾਰਮਿਕ ਨੇਤਾ ਦਾ ਇਹੀ ਸਰਬ-ਪਰਵਾਣਤ ਰੂਪ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਨੂੰ ਇਕ ਖ਼ਤਰਾ ਬਣਿਆ ਖੜਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਇਹ ਵਾਕ : "ਧਰਮ ਹੇਤ ਸਾਕਾ ਜਿਨ ਕੀਆ। ਸੀਸ ਦੀਆ ਪਰ ਸਿਰਰੁ ਨਾ ਦੀਆ" ਇਸ ਕਥਨ ਦੀ ਸਪਸ਼ਟ ਤੌਰ ਤੇ ਸ਼ਾਹਦੀ ਭਰ ਰਹੇ ਹਨ।

ਇਤਨੇ ਮਹਾਨ ਧਰਮ ਨਿਰਪੱਖ ਨੇਤਾ ਦੇ ਪਰਚਾਰ ਦੌਰਿਆਂ ਨੂੰ ਅਜੇ ਤਕ ਕਿਸੇ ਵੀ ਕਲਮ ਵੱਲੋਂ ਉਸ ਸੰਦਰਭ ਵਿਚ ਰੱਖ ਕੇ ਨਹੀਂ ਬਿਆਨਿਆ ਗਿਆ ਜਿਸ ਸੰਦਰਭ ਵਿਚ ਗੁਰੂ ਜੀ ਨੇ ਇਹ ਦੌਰੇ ਕੀਤੇ ਸਨ। ਸਗੋਂ ਇਨ੍ਹਾਂ ਨੂੰ ਫਿਰਕੂ ਦਰਿਸ਼ਟੀ ਜਾਂ ਇਕ ਉਦਾਸ ਬਿਰਤੀ ਵਿਚ ਰੱਖ ਕੇ

ਵਿਆਖਿਆ ਗਿਆ ਹੈ। ਗੁਰੂ ਤੇਗ ਬਹਾਦੁਰ ਜੀ ਦੇ ਦੌਰਿਆਂ ਨੂੰ ਵਰਨਣ ਕਰਨ ਵਾਲੀਆਂ ਜੋ ਲਿਖਤਾਂ ਸਾਡੇ ਪਾਸ ਹਨ ਉਹ ਅਤੀ ਨਿਰਾਸ ਕਰਨ ਵਾਲੀਆਂ ਹਨ। ਇਨ੍ਹਾਂ ਲਿਖਤਾਂ ਦਾ ਨਜ਼ਰੀਆ ਸੰਪਰਦਾਈ ਹੈ ਜਾਂ ਫਿਰ ਸਿੱਖ ਧਰਮ ਦੀ ਭਾਵਨਾ ਤੋਂ ਬਹੁਤ ਦੂਰ ਦਾ ਹੈ। ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ; ਪੰਡਿਤ ਤਾਰਾ ਸਿੰਘ ਦੀ ਸ਼੍ਰੀ ਗੁਰ ਤੀਰਥ ਸੰਗ੍ਰਹਿ; ਭਾਈ ਸੰਤੋਖ ਸਿੰਘ ਦਾ ਸੂਰਜ ਪ੍ਰਕਾਸ਼; ਗਯਾਨੀ ਗਯਾਨ ਸਿੰਘ ਦਾ ਗੁਰਧਾਮ ਸੰਗ੍ਰਹਿ; ਗਯਾਨੀ ਠਾਕਰ ਸਿੰਘ ਦੀ ਸ਼੍ਰੀ ਗੁਰਦੁਆਰੇ ਦਰਸ਼ਨ; ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨ ਕੋਸ਼ ਅਤੇ ਡਾ. ਫੌਜਾ ਸਿੰਘ ਵੱਲੋਂ ਸੰਪਾਦਿਤ ਕੀਤੀ ਗਈ ਯਾਤਰਾ ਅਸਥਾਨਾਂ ਤੇ ਯਾਦ ਚਿੰਨ੍ਹਾਂ ਵਾਲੀ ਪੁਸਤਕ, ਸਿੱਧੇ ਤੌਰ ਤੇ ਗੁਰੂ ਜੀ ਦੇ ਪਰਚਾਰ ਦੌਰਿਆਂ ਬਾਰੇ ਰੌਸ਼ਨੀ ਪਾਉਂਦੀਆਂ ਹਨ। ਇਸ ਵਿਚ ਨਿਸ਼ਚੇ ਹੀ ਸ਼ੱਕ ਨਹੀਂ ਕਿ ਇਨ੍ਹਾਂ ਲਿਖਤਾਂ ਵਿਚ ਬਹੁਤ ਸਾਰੇ ਅਜਿਹੇ ਅੰਸ਼ ਹਨ ਜੋ ਸਾਡੀ ਜਾਣਕਾਰੀ ਵਿਚ ਵਾਧਾ ਕਰਦੇ ਹਨ ਅਤੇ ਇਤਿਹਾਸ ਦੀ ਦਰਿਸ਼ਟੀ ਤੋਂ ਸੁਖਾਵੇਂ ਤੇ ਸਹਾਇਕ ਕਹੇ ਜਾ ਸਕਦੇ ਹਨ ਪਰ ਇਨ੍ਹਾਂ ਲਿਖਤਾਂ ਵਿਚ ਸਿਰਫ ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ ਨੂੰ ਛੱਡ ਕੇ, ਅਜਿਹੀਆਂ ਬਹੁਤ ਗੱਲਾਂ ਹਨ ਜਿਹੜੀਆਂ ਗੁਰੂ-ਆਸ਼ੇ ਨਾਲ ਜਾਂ ਗੁਰਬਾਣੀ ਨਾਲ ਮੇਲ ਨਹੀਂ ਖਾਂਦੀਆਂ। ਇਹ ਲਿਖਣ ਵਿਚ ਵੀ ਕੋਈ ਝਿਜਕ ਨਹੀਂ ਹੈ ਕਿ ਇਹ ਸਭ ਲਿਖਤਾਂ ਇਕ ਦੂਜੀ ਤੋਂ ਬਹੁਤ ਭਿੰਨ ਹਨ ਅਤੇ ਇਨ੍ਹਾਂ ਦੀ ਵਿਆਖਿਆ ਵੀ ਵੱਖਰੀ-ਵੱਖਰੀ ਹੈ। ਇਹ ਠੀਕ ਹੈ ਕਿ ਤੱਥਾਂ ਦੀ ਵਿਆਖਿਆ ਦਾ ਹੀ ਫ਼ਰਕ ਹੁੰਦਾ ਹੈ ਜਦੋਂ ਕਿ ਤੱਥ ਤਾਂ ਸਭ ਲਈ ਇਕੋ ਜਿਹੇ ਹੀ ਹੁੰਦੇ ਹਨ। ਬੇਸ਼ੱਕ ਇਨ੍ਹਾਂ ਲਿਖਤਾਂ ਦੇ ਲੇਖਕਾਂ ਨੇ ਗੁਰੂ ਜੀ ਦੇ ਦੌਰਿਆਂ ਨੂੰ ਕਲਮਬੰਦ ਕਰ ਕੇ ਸਾਡੇ ਲਈ ਪਰਚਾਰ ਦੌਰਿਆਂ ਦਾ ਅਧਿਐਨ ਕਰਨ ਦਾ ਰਸਤਾ ਖੋਹਲ ਦਿੱਤਾ ਹੈ ਪਰ ਉਨ੍ਹਾਂ ਨੇ ਇਤਿਹਾਸ ਅਤੇ ਮਿਥਿਹਾਸ, ਰਵਾਇਤ ਅਤੇ ਅਫ਼ਵਾਹ, ਸੰਪਰਦਾਈ ਅਤੇ ਜਾਤੀ ਝੁਕਾਅ ਇਤਨੇ ਰਲਗਡ ਕਰ ਦਿੱਤੇ ਹਨ ਕਿ ਸਾਡੇ ਲਈ ਉਨ੍ਹਾਂ ਨੂੰ ਅਲੱਗ-ਅਲੱਗ ਕਰਨਾ ਇਕ ਬਹੁਤ ਵੱਡੀ ਸਮੱਸਿਆ ਬਣ ਗਿਆ ਹੈ।

ਮਾਲਵਾ ਦੇਸ਼ ਰਟਨ ਦੇ ਦੌਰਿਆਂ ਦੀ ਸਾਖੀ ਪੋਥੀ 1830 ਅਤੇ 1840 ਈ. ਦੇ ਵਿਚਕਾਰਲੇ ਸਮੇਂ ਵਿਚ ਲਿਖੀ ਹੋਈ ਲਿਖਤ ਹੈ। ਇਸ ਲਿਖਤ ਦੇ ਲਿਖਾਰੀ ਦਾ ਨਾਂ ਭਾਵੇਂ ਇਸ ਵਿਚ ਦਿੱਤਾ ਹੋਇਆ ਨਹੀਂ ਹੈ ਪਰ ਫਿਰ ਵੀ ਇਸ ਦੀ ਸ਼ੈਲੀ, ਇਸ ਦੇ ਸੁਭਾਅ ਅਤੇ ਵਰਨਣ ਕਰਨ ਦੇ ਢੰਗ ਤੋਂ ਸਪਸ਼ਟ ਹੈ ਕਿ ਇਸ ਦਾ ਲੇਖਕ ਕੋਈ ਉਦਾਸੀ ਸਾਧ ਹੈ। ਇਸ ਵਿਚ ਪਰਚਾਰ ਦੌਰਿਆਂ ਦੀ ਸਾਰੀ ਵਿਆਖਿਆ ਮੰਗ ਕੇ ਖਾਣ ਵਾਲੇ ਸਾਧਾਂ ਸੰਤਾਂ ਵਾਲੀ ਹੀ ਹੈ। ਇਹ ਪਹਿਲੀ ਲਿਖਤ ਹੈ ਜਿਸ ਨੇ ਗੁਰੂ ਸਾਹਿਬ ਦੇ ਮੂੰਹੋਂ ਪੰਜਾਬ ਦੇ ਅਨੇਕਾਂ ਪਿੰਡਾਂ ਵਿਚਲੇ ਜੱਟ ਕਬੀਲਿਆਂ ਨੂੰ ਸਰਾਪ ਦਿਵਾਏ ਹਨ। ਕਿੰਨੀ ਅਜੀਬ ਗੱਲ ਹੈ ਕਿ ਪੰਜਾਬ ਦੇ ਇਤਿਹਾਸਕਾਰ ਤਾਂ ਮਾਲਵੇ ਦੇ ਜੱਟ ਕਬੀਲਿਆਂ ਨੂੰ ਧੜਾ-ਧੜ ਸਿੱਖ ਧਰਮ ਵਿਚ ਸ਼ਾਮਲ ਹੁੰਦਾ ਦਿਖਾ ਰਹੇ ਹਨ ਪਰ ਇਹ ਉਦਾਸੀ ਸਾਧ ਲੇਖਕ ਗੁਰੂ ਤੇਗ ਬਹਾਦੁਰ ਜੀ ਤੋਂ ਜੱਟ ਕਬੀਲਿਆਂ ਨੂੰ ਸਰਾਪ ਦਿਵਾ ਰਿਹਾ ਹੈ। ਮਿਸਾਲ ਦੇ ਤੌਰ ਤੇ ਸਾਖੀ ਪੋਥੀ ਦੀਆਂ ਇਹ ਟੂਕਾਂ ਦੇਖੋ : "ਅੱਗੇ ਡੇਰਾ ਗੁਰੂ ਜੀ ਨੇ ਸੇਖੇ ਕੀਤਾ। ਉੱਥੇ ਜਵੰਧਿਆਂ ਦੇ ਬਾਈ ਪਿੰਡ ਸਨਿ ਬਸਦੇ।......ਬਾਹੀਏ ਕਾ ਸਰਦਾਰ ਸੀ, ਓਸ ਦਾ ਨਾਉਂ ਥੀ ਤਲੋਕਾ।...... ਗੁਰੂ ਜੀ ਕੀ ਟਹਿਲ ਸੇਵਾ ਕੁਛ ਨਾ ਕੀਤੀ.......ਜੀਵੰਧਿਆ ਉੱਤੇ ਕੋਪ ਹੋਏ।......ਗੁਰੂ ਜੀ ਬਚਨ ਕੀਤਾ : ਏਦਾ ਕੀ ਨਾਉਂ ਹੈ? ਓਸ ਕਹਿਆ : ਏਸ ਕਾ ਨਾਉਂ ਤਲੋਕਾ ਹੈ ਜੀ। ਗੁਰੂ ਜੀ ਕਹਿੰਦੇ : ਇਹੁ ਤਾਂ ਅਕਲ ਕਾ ਅੰਧਾ ਹੈ। ਓਸ ਆਖਿਆ : ਜੀ ਇਹੁ ਤਾਂ

ਬਾਹੀਏ ਕਾ ਸਰਦਾਰ ਹੈ। ਗੁਰੂ ਜੀ ਹੱਥ ਉੱਤੇ ਹੱਥ ਮਾਰ ਕੇ ਕਹਿਆ : ਬਾਹੀਆ ਨਾ ਤੇਹੀਆ।"[1] ਇੱਥੋਂ ਹੀ ਹੋਰ ਲੇਖਕਾਂ ਨੇ 'ਜਵੰਧੇ ਅਕਲ ਕੇ ਅੰਧੇ'[2] ਦੀ ਕਹਾਉਤ ਘੜ ਲਈ।

ਇਸੇ ਤਰ੍ਹਾਂ ਗੁਰੂ ਜੀ ਜਦੋਂ ਭਿਖੀ ਜਾਂਦੇ ਹਨ ਤਾਂ ਉੱਥੇ ਭਾਈ ਦੇਸੂ ਨੂੰ ਸਿੱਖ ਬਣਾਇਆ। ਦੇਸੂ ਚਹਿਲ ਜੱਟ ਸੀ। ਜਦੋਂ ਉਹ ਸੁਲਤਾਨੀਆਂ ਜਾਂ ਸਰਵਰੀਆਂ ਦੇ ਦਬਾਅ ਹੇਠ ਆ ਕੇ ਸਿੱਖ ਧਰਮ ਤਿਆਗ ਬੈਠਾ ਤਾਂ ਸਾਖੀ ਪੋਥੀ ਦੇ ਲੇਖਕ ਨੇ ਸਾਰੇ ਚਹਿਲ ਕਬੀਲੇ ਨੂੰ ਹੀ ਸਰਾਪ ਦਿਵਾ ਦਿੱਤਾ। ਫਿਰ ਮੋੜਾਂ ਪਿੰਡ ਦੇ ਲੋਕਾਂ ਨੇ ਗੁਰੂ ਜੀ ਨੂੰ ਮਿਲ ਕੇ ਕਿਹਾ ਕਿ ਤੁਸੀਂ ਇਕੱਲੇ ਦੇਸੂ ਕਰ ਕੇ ਸਾਰੇ ਚਹਿਲਾਂ ਨੂੰ ਕਿਉਂ ਸਰਾਪ ਦੇ ਦਿੱਤਾ "ਜੀ ਮਿਹਰਬਾਨ! ਇਕ ਪਿੱਛੇ ਸਾਰੇ ਹੀ ਚਹਿਲ ਕਿਉਂ ਮਾਰੇ?" ਤਾਂ ਗੁਰੂ ਜੀ ਦੇ ਮੂੰਹੋਂ ਅਖਵਾਇਆ ਗਿਆ ਹੈ ਕਿ ਚੰਗਾ ਇਕੱਲੇ ਤਿਲੋਕੇ ਦੀ ਹੀ ਪੁੱਟੀ ਜਾਵੇਗੀ ਬਾਕੀ ਸਭ ਵਸਦੇ ਰਹਿਣਗੇ।[3]

ਸਿਰਫ ਇਹ ਹੀ ਨਹੀਂ ਸਾਖੀ ਪੋਥੀ ਵਿਚ ਕੁਝ ਥਾਂ ਫਿਰਕੂ ਨਫ਼ਰਤ ਵੀ ਭਰੀ ਗਈ ਹੈ। ਇਸ ਦਾ ਲੇਖਕ ਗੁਰੂ ਜੀ ਦੇ ਮੂੰਹੋਂ ਮੁਸਲਮਾਨਾਂ ਪਰਤੀ ਮਾੜੇ ਸ਼ਬਦ ਅਖਵਾ ਰਿਹਾ ਹੈ। ਇੱਥੋਂ ਤਕ ਕਿ ਉਨ੍ਹਾਂ ਦੇ ਘੋੜੇ ਨੂੰ ਵੀ ਮੁਸਲਮਾਨਾਂ ਪਰਤੀ ਫਿਰਕੂ ਸੋਚ ਦਾ ਪਰਤੀਕ ਬਣਾ ਰਿਹਾ ਹੈ। ਮਿਸਾਲ ਦੇ ਤੌਰ ਤੇ ਜਦੋਂ ਗੁਰੂ ਜੀ ਧੋਲੇ ਤੇ ਸੋਹੀਵਾਲ ਪਿੰਡਾਂ ਵਿਚ ਜਾਂਦੇ ਹਨ ਤਾਂ ਸਾਖੀ ਪੋਥੀ ਦਾ ਕਰਤਾ ਲਿਖ ਰਿਹਾ ਹੈ : "ਗੁਰੂ ਜੀ ਕਾ ਘੋੜਾ ਅੜੀ ਕਰ ਖਲੋਤਾ। ਗੁਰੂ ਕੇ ਕਾਂਮਚੀਆਂ ਮਾਰਣ, ਅੱਡੀਆਂ ਮਾਰਣ, ਘੋੜਾਂ ਦੁਇ ਕਦਮਾਂ ਪਿਛਾਹਾਂ ਜਾਇ, ਅਗਾਹਾਂ ਨਾ ਜਾਏ। ਗੁਰੂ ਜੀ ਨੇ ਕਹਿਆ : ਇਹ ਤੁਰਕਾਂ ਦੇ ਬੰਦੇ ਹਨ, ਘੋੜਾ ਤਦੀ ਨਹੀਂ ਜਾਂਦਾ ਅਗਾਂਹਾਂ।"[4] ਇਸ ਤੋਂ ਪਿੱਛੋਂ ਦੇ ਲੇਖਕਾਂ ਨੇ ਵੀ ਕੁਝ ਥਾਂ ਗੁਰੂ ਜੀ ਦੇ ਪਰਚਾਰ ਮਿਸ਼ਨ ਨੂੰ ਬਿਗਾੜ ਕੇ ਪੇਸ਼ ਕੀਤਾ ਹੈ। ਮਿਸਾਲ ਦੇ ਤੌਰ ਤੇ ਜਵੰਧਿਆਂ ਬਾਰੇ ਇਸ ਵਿਚ ਵਰਤੀ ਗਈ ਟੂਕ ਦੇਖੋ : "ਗੁਰੂ ਜੀ ਨੇ ਤੀਜੇ ਦਿਨ ਸਵੇਰੇ ਹੀ ਚਾਲੇ ਪਾ ਦਿੱਤੇ ਤੇ ਤਰਲੋਕੇ ਦੇ ਸ਼ਹਿਰ ਵੱਲ ਨੂੰ ਤੁਰ ਪਏ। ਸ਼ਹਿਰ ਦੇ ਦਰਵਾਜ਼ੇ ਤੋਂ ਬਾਹਰ ਰਸਤੇ ਉੱਤੇ ਕੁਝ ਬੱਚੇ ਖੇਡ ਰਹੇ ਸਨ। ਗੁਰੂ ਜੀ ਘੋੜੇ ਤੋਂ ਉਤਰੇ ਤੇ ਬੱਚਿਆਂ ਨੂੰ ਆਪਣੇ ਪਾਸ ਬਿਠਾ ਕੇ ਕਿਹਾ, "ਆਓ ਮੁੰਡਿਓ, ਪੂਰੀਏ"। ਗੁਰੂ ਜੀ ਨੇ ਬੱਚਿਆਂ ਦਾ ਹੱਥ ਫੜ ਕੇ ਇਹ ਸ਼ਬਦ ਉਨ੍ਹਾਂ ਨੂੰ ਰਟਾ ਦਿੱਤਾ : ਨਾ ਬਾਈਆ ਨਾ ਤੇਈਆ। ਏਥੇ ਹੋਸੀ ਥੇਹੀਆ-ਥੇਹੀਆ।"[5] ਭਾਵ ਕਿ ਇਹ ਸਾਰਾ ਬਾਈਆ ਤੇਈਆ ਸਭ ਥੇਹ ਹੋ ਜਾਵੇਗਾ। ਇਹ ਸਰਾਪ ਦੇਣ ਪਿੱਛੋਂ ਤਿਰਲੋਕੇ ਦੀ ਕੁੜੀ ਗੁਰੂ ਜੀ ਕੋਲੋਂ ਭੁਲ ਬਖ਼ਸ਼ਾਉਣ ਗਈ। ਗੁਰੂ ਜੀ ਨੇ ਭੁਲ ਬਖ਼ਸ਼ਦਿਆਂ ਹੋਇਆਂ ਕਿਹਾ :[6] "ਜਾ ਬੱਚਾ, ਤੁਹਾਡੀ ਕਿਤੇ-ਕਿਤੇ ਕੁੱਤੀ ਭੌਂਕਿਆ ਕਰੂਗੀ ਪਰ ਜੋ ਅਸੀਂ ਕਹਿ ਦਿੱਤਾ ਹੈ ਉਹ ਬਚਨ ਅਟੱਲ ਰਹੂਗਾ।" ਇਸ ਪੁਸਤਕ ਵਿਚ ਹੀ ਭਿਖੀ ਦੇ ਦੇਸੂ ਚਹਿਲ ਬਾਰੇ ਜੋ ਕੁਝ ਲਿਖਿਆ ਗਿਆ ਹੈ ਉਹ ਸਾਖੀ ਪੋਥੀ ਤੋਂ ਵੀ ਦੋ ਕਦਮ ਅੱਗੇ ਜਾ ਕੇ ਲਿਖਿਆ ਹੈ। "ਅੰਤਰਜਾਮੀ ਗੁਰੂ ਤੇਗ ਬਹਾਦੁਰ ਜੀ ਨੂੰ ਆਵੇਸ਼ ਹੋਇਆ ਤੇ ਉਨ੍ਹਾਂ ਦੇ ਮੂੰਹੋਂ ਸੁੱਤੇ ਸਿੱਧ ਹੀ ਨਿਕਲਿਆ : ਚਹਿਲੋ ਤੁਹਾਡੀ ਜੜ੍ਹ ਪੁੱਟੀ ਜਾਵੇਗੀ। ਉਸ ਸਮੇਂ ਇਕ ਚਹਿਲ ਗੋਤ ਦੀ ਲੜਕੀ ਜੋ ਮਾਨ ਜੱਟਾਂ ਦੇ ਵਿਆਹੀ ਹੋਈ ਸੀ ਗੁਰੂ ਸਾਹਿਬ ਦੇ ਦਰਬਾਰ ਵਿਚ ਬੈਠੀ ਸੀ। ਉਸ ਨੇ ਕਿਹਾ, ਹਜ਼ੂਰ! ਤੁਸੀਂ ਸਾਰੇ ਚਹਿਲਾਂ ਦੀ ਜੜ੍ਹ ਕਿਉਂ ਪੁੱਟਦੇ ਹੋ, ਸਾਰੇ ਚਹਿਲਾਂ ਨੇ ਤੁਹਾਡਾ ਕੀ ਵਿਗਾੜਿਆ ਹੈ?"[7]

ਇਸੇ ਤਰ੍ਹਾਂ ਹੀ ਸੋਹੀਵਾਲ ਪਿੰਡ ਬਾਰੇ ਲਿਖਿਆ ਹੈ। "ਗੁਰੂ ਜੀ ਨੇ ਪਿੰਡ ਦੇ ਵਸਨੀਕਾਂ ਤੋਂ ਪਿੰਡ ਦਾ ਨਾਂ ਪੁੱਛਿਆ। ਪਤਾ ਲਗਿਆ ਕਿ ਉਸ ਨੂੰ ਸੋਹੀਵਾਲ ਜਾਂ ਮੋਹੀਵਾਲ ਕਹਿੰਦੇ ਸਨ। ਗੁਰੂ ਜੀ ਨੇ ਬਚਨ ਕੀਤਾ : ਨਾ ਸੋਹੀ ਨਾ ਮੋਹੀ। ਇਹ ਹੋਸੀ ਥੇਹੀ-ਥੇਹੀ। ਇੱਥੇ ਹੋਸੀ ਮਿਰਗਾਂ ਦੀ

ਠੇਹੀ।" ਫਿਰ ਜਦੋਂ ਘੋੜਾ ਅੱਗੇ ਨਾ ਤੁਰਿਆ ਤਾਂ ਕਿਹਾ ਗਿਆ ਹੈ : "ਇਹ ਤਾਂ ਤੁਰਕਾਂ ਦੇ ਬੰਦੇ ਹਨ। ਮੋਟੀ ਅਕਲ ਦੇ ਆਦਮੀ ਹਨ। ਇਹ ਗੁਰੂ-ਪੀਰ ਨੂੰ ਨਹੀਂ ਜਾਣਦੇ।"[8] ਇਹ ਤਾਂ ਕੁਝ ਵੰਨਗੀ ਮਾਤਰ ਵੇਰਵੇ ਹਨ। ਸਾਰੀ ਪੁਸਤਕ ਹੀ ਅਜਿਹੇ ਹਵਾਲਿਆਂ ਨਾਲ ਭਰੀ ਪਈ ਹੈ। ਸਿਤਮ ਦੀ ਗੱਲ ਤਾਂ ਇਹ ਹੈ ਕਿ ਇਹ ਸ਼ਬਦ ਇਸ ਤਰਾਂ ਕੋਮਿਆਂ ਵਿਚ ਅਤੇ ਆਪਣੀ ਸਿੱਧੀ ਜ਼ਬਾਨ ਵਿਚ ਦਿੱਤੇ ਗਏ ਹਨ ਜਿਵੇਂ ਕਿ ਇਹ ਸਚਮੁੱਚ ਹੀ ਗੁਰੂ ਜੀ ਦੇ ਮੁਖ਼ਾਰਬਿੰਦ ਵਿਚੋਂ ਉਚਾਰੇ ਗਏ ਹੋਣ। ਇਨ੍ਹਾਂ ਗੱਲਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਲਿਖਣ ਵਾਲੇ ਦੀ ਸੋਚ ਕਿਹੋ ਜਿਹੀ ਹੈ। ਇਨ੍ਹਾਂ ਵੇਰਵਿਆਂ ਨੂੰ ਤਾਂ ਪੜ੍ਹ ਕੇ ਇਉਂ ਲਗਦਾ ਹੈ ਜਿਵੇਂ ਕਿ ਗੁਰੂ ਸਾਹਿਬ ਧਰਮ ਪਰਚਾਰ ਕਰਨ ਦੀ ਥਾਂ ਲੋਕਾਂ ਨਾਲ ਝਗੜਦੇ ਹੋਣ। ਪੁਰਾਤਨ ਲਿਖਾਰੀਆਂ ਦੀ ਸੋਚ ਤੇ ਪਹੁੰਚ ਤਾਂ ਸਮਝ ਵਿਚ ਆ ਸਕਦੀ ਹੈ ਪਰ ਆਧੁਨਿਕ ਲੇਖਕਾਂ ਵੱਲੋਂ ਵੀ ਇਸ ਤਰ੍ਹਾਂ ਲਿਖਣਾ ਸਮਝ ਵਿਚ ਨਹੀਂ ਆਉਂਦਾ। ਚਾਹੀਦਾ ਤਾਂ ਇਹ ਸੀ ਕਿ 1978 ਵਿਚ ਛਪਾਈ ਗਈ ਪੁਸਤਕ ਪਹਿਲੀਆਂ ਸਭ ਲਿਖਤਾਂ ਦਾ ਜਵਾਬ ਦਿੰਦੀ, ਗੁਰੂ ਜੀ ਦੀ ਵਿਚਾਰਧਾਰਾ ਨੂੰ ਹੋਰ ਨਿਖਾਰਦੀ, ਇਤਿਹਾਸ-ਮਿਥਿਹਾਸ ਅਤੇ ਰਵਾਇਤ-ਅਫ਼ਵਾਹ ਵਿਚਕਾਰ ਨਿਬੇੜਾ ਕਰਦੀ ਪਰ ਹੋਇਆ ਸਭ ਇਸ ਦੇ ਉਲਟ ਹੈ। ਇਤਿਹਾਸ ਅਤੇ ਮਿਥਿਹਾਸ ਨੂੰ ਹੋਰ ਰਲਗਡ ਕਰ ਦਿੱਤਾ ਗਿਆ ਹੈ; ਰਵਾਇਤ ਅਤੇ ਅਫ਼ਵਾਹ ਨੂੰ ਇਕੋ ਪਰਿਭਾਸ਼ਾ ਵਿਚ ਬੰਨ੍ਹ ਦਿੱਤਾ ਗਿਆ ਹੈ।

ਰਵਾਇਤ ਉਹ ਹੈ ਜੋ ਵਿਸ਼ਵਾਸ ਨੂੰ ਅੱਗੇ ਤੋਰਦੀ ਹੈ। ਵਿਸ਼ਵਾਸ, ਵਿਚਾਰਧਾਰਾ ਵਿਚੋਂ ਉਗਮਦਾ ਹੈ। ਸਾਡਾ ਵਿਸ਼ਵਾਸ ਹੁੰਦਾ ਹੈ ਕਿ ਫਲਾਣੀ ਗੱਲ ਫਲਾਣੇ ਤਰੀਕੇ ਅਨੁਸਾਰ ਹੋਣੀ ਚਾਹੀਦੀ ਹੈ। ਜੇ ਇਸ ਦੀ ਪੂਰਤੀ ਲਈ ਲਿਖਤੀ ਗਵਾਹੀ ਨਹੀਂ ਮਿਲਦੀ ਤਾਂ ਅਸੀਂ ਆਪਣੇ ਵਿਸ਼ਵਾਸ ਦੇ ਸਹਾਰੇ ਆਪਣੀ ਗੱਲ ਨੂੰ ਅੱਗੇ ਤੋਰਦੇ ਹਾਂ। ਇਸ ਵਿਸ਼ਵਾਸ ਦੇ ਸਹਾਰੇ ਤੁਰੀ ਹੋਈ ਗੱਲ ਰਵਾਇਤ ਦਾ ਰੂਪ ਧਾਰ ਲੈਂਦੀ ਹੈ। ਇਸ ਵਿਚ ਤਰਕ ਵੀ ਹੁੰਦਾ ਹੈ ਅਤੇ ਵਜ਼ਨਦਾਰ ਦਲੀਲ ਵੀ ਹੁੰਦੀ ਹੈ। ਅਫਵਾਹ ਉਹ ਹੈ ਜੋ ਮੂੰਹੋਂ ਮੂੰਹੀਂ ਤੁਰੀ ਆ ਰਹੀ ਗੱਲ ਨੂੰ ਆਪਣੀ ਸੋਚ, ਸੁਭਾਅ ਅਤੇ ਰਸਮਾਂ ਰਿਵਾਜਾਂ ਅਨੁਸਾਰ ਵਾਧਾ ਘਾਟਾ ਕਰ ਕੇ ਆਪਣੀ ਮਨਮਰਜ਼ੀ ਅਨੁਸਾਰ ਅਪਣਾ ਲੈਂਦੇ ਹਾਂ। ਇਸ ਵਿਚ ਵਿਸ਼ਵਾਸ ਦੀ ਗੱਲ ਨਹੀਂ ਹੁੰਦੀ ਅਤੇ ਨਾ ਹੀ ਗੱਲ ਹੁੰਦੀ ਹੈ ਤਰਕ ਜਾਂ ਦਲੀਲ ਦੀ। ਇਹ ਅਗਿਆਨੀ ਲੋਕਾਂ ਦੀ ਪਦਾਇਸ਼ ਹੁੰਦੀ ਹੈ। ਇਨ੍ਹਾਂ ਵਿਚ ਨਿਬੇੜਾ ਕਰਨਾ ਜ਼ਰੂਰੀ ਹੈ। ਇਕ ਧਰਮ ਪਰਚਾਰ ਕਰਨ ਵਾਲਾ ਨੇਤਾ ਲੋਕਾਂ ਨੂੰ ਆਪਣੇ ਨਾਲ ਜੋੜਦਾ ਹੈ ਪਰ ਇਹ ਕਦੇ ਨਹੀਂ ਸੁਣਿਆ ਕਿ ਧਰਮ ਪਰਚਾਰ ਕਰਨ ਵਾਲਾ ਨੇਤਾ ਲੋਕਾਂ ਨਾਲ ਲੜਦਾ ਫਿਰਦਾ ਹੋਵੇ। ਇਹ ਗੱਲ ਤਾਂ ਸਮਝ ਵਿਚ ਆ ਸਕਦੀ ਹੈ ਕਿ ਉਹ ਮਿਠਾ ਬੋਲ ਕੇ ਅਤੇ ਵਿਰੋਧੀ ਦੀਆਂ ਕੌੜੀਆਂ ਗੱਲਾਂ ਨੂੰ ਵੀ ਨਜ਼ਰਅੰਦਾਜ਼ ਕਰ ਕੇ ਲੋਕਾਂ ਨੂੰ ਆਪਣੇ ਪੈਰੋਕਾਰ ਬਣਾਵੇ ਪਰ ਇਹ ਨਹੀਂ ਕਿ ਲੋਕਾਂ ਦੇ ਕਬੀਲਿਆਂ ਦੇ ਕਬੀਲਿਆਂ ਨੂੰ ਖਾਹਮੁਖ਼ਾਹ ਦੇ ਕੌੜੇ ਬਚਨ ਬੋਲ ਕੇ ਆਪਣੇ ਵਿਰੋਧੀ ਬਣਾ ਲਵੇ। ਹੁਣ ਇਸ ਵਿਚ ਕੀ ਤਰਕ ਜਾਂ ਦਲੀਲ ਹੈ ਕਿ ਗੁਰੂ ਜੀ ਨੇ ਜਵੰਧਿਆਂ ਦੇ ਬਾਈ ਪਿੰਡਾਂ ਅਤੇ ਚਹਿਲ ਜੱਟ ਦੇ ਇਕ ਤਕੜੇ ਕਬੀਲੇ ਨੂੰ ਸਰਾਪ ਦੇ ਕੇ ਆਪਣਾ ਵਿਰੋਧੀ ਬਣਾ ਲਿਆ ਸੀ? ਜਦੋਂ ਕਿ ਸੱਚਾਈ ਇਹ ਹੈ ਕਿ ਇਹ ਜੱਟ ਕਬੀਲੇ ਪਹਿਲਾਂ ਛੇਵੇਂ ਗੁਰੂ ਹਰਿ ਗੋਬਿੰਦ ਸਾਹਿਬ ਸਮੇਂ ਅਤੇ ਪਿੱਛੋਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਸਮੇਂ ਲੜੀਆਂ ਗਈਆਂ ਲੜਾਈਆਂ ਵਿਚ ਜਾਨਾਂ ਦੀ ਬਾਜ਼ੀ ਲਗਾ ਕੇ ਲੜਦੇ ਰਹੇ ਸਨ। ਅਸਲ ਵਿਚ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਪੰਜਾਬ ਦੇ ਜੱਟ ਕਬੀਲੇ ਸਿੱਖ ਧਰਮ ਨੂੰ ਅਪਣਾ ਚੁੱਕੇ ਸਨ[9] ਅਤੇ

ਜ਼ੁਲਿਫ਼ਕਾਰ ਅਰਧਿਸਤਾਨੀ ਤਾਂ ਇੱਥੋਂ ਤਕ ਲਿਖ ਦਿੰਦਾ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ ਵੇਲੇ ਸਾਰੇ ਮਸੰਦ ਜੱਟ ਹੀ ਸਨ।[10] ਅੱਜ ਵੀ ਇਹ ਜੱਟ ਕਬੀਲੇ ਸਿੱਖ ਧਰਮ ਦੀ ਜਿੰਦ ਤੇ ਜਾਨ ਹਨ। ਮਾਲਵੇ ਵਿਚ ਅੱਜ ਨਾ ਕੋਈ ਸੁਲਤਾਨੀਆ ਹੈ ਤੇ ਨਾ ਹੀ ਕੋਈ ਸਰਵਰੀਆ। ਅੱਜ ਇਹ ਸਾਰੇ ਹੀ ਸਿੱਖ ਹਨ। ਇਸ ਗੱਲ ਤੋਂ ਇਨ੍ਹਾਂ ਨੂੰ ਸਿੱਖ ਧਰਮ ਵਿਚ ਲਿਆਉਣ ਦੀ ਗੱਲ ਠੀਕ ਸਾਬਤ ਹੁੰਦੀ ਹੈ ਕਿ ਸਰਾਪ ਦੇ ਕੇ ਸਿੱਖੀ ਤੋਂ ਬਾਹਰ ਕੱਢਣ ਦੀ ਗੱਲ ਸਾਬਤ ਹੁੰਦੀ ਹੈ। ਇਹ ਦਲੀਲ ਆਪਣੇ ਆਪ ਹੀ ਉਕਤ ਕਿਸਮ ਦੀਆਂ ਲਿਖਤਾਂ ਨੂੰ ਰੱਦ ਕਰ ਦਿੰਦੀ ਹੈ। ਅੱਜ ਭੀਖੀ, ਸੋਹੀਵਾਲ ਅਤੇ ਸੇਖੇ ਪਿੰਡਾਂ ਦਾ ਸਰਵੇਖਣ ਕਰ ਕੇ ਦੇਖਿਆ ਜਾਵੇ ਤਾਂ ਉੱਥੇ ਦਾ ਹਰ ਇਕ ਵਸਨੀਕ ਜਾਂ ਤਾਂ ਸਿੱਖ ਹੈ ਤੇ ਜਾਂ ਗੁਰੂ ਸਾਹਿਬਾਨ ਦਾ ਉਪਾਸਕ ਹੈ। ਅੱਜ ਦੇ ਸੰਦਰਭ ਵਿਚ ਤਾਂ ਇਹ ਲਿਖਤਾਂ ਉੱਕਾ ਹੀ ਮਹੱਤਵ ਨਹੀਂ ਰਖਦੀਆਂ।

1930 ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਮਹਾਨ ਲਿਖਤ ਮਹਾਨ ਕੋਸ਼ ਛਪਵਾਈ। ਇਸ ਵਿਚ ਪੰਜਾਬ ਦੇ ਤਕਰੀਬਨ ਹਰ ਇਕ ਪਿੰਡ ਦਾ ਸੰਖੇਪ ਵੇਰਵਾ ਹੈ ਅਤੇ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਦਾ ਵੀ। ਭਾਈ ਸਾਹਿਬ ਵੱਲੋਂ ਕਰਵਾਇਆ ਗਿਆ ਸਰਵੇਖਣ ਜਾਂ ਇਕੱਠੀ ਕੀਤੀ ਗਈ ਜਾਣਕਾਰੀ ਕਿੰਨੀ ਵਿਸ਼ਾ-ਸੰਗਤ ਜਾਂ ਢੁਕਵੀਂ ਹੈ ਉਸ ਦਾ ਅੰਦਾਜ਼ਾ ਇੱਥੋਂ ਹੀ ਲੱਗ ਜਾਂਦਾ ਹੈ ਕਿ ਇਸ ਵਿਚ ਇਕ ਵੀ ਐਸਾ ਸ਼ਬਦ ਨਹੀਂ ਹੈ ਜਿਹੜਾ ਅਢੁੱਕਵਾਂ ਹੋਵੇ। ਪਿੱਛੇ ਸੇਖਾ, ਸੋਹੀਵਾਲ ਅਤੇ ਭੀਖੀ ਪਿੰਡਾਂ ਦੀਆਂ ਮਿਸਾਲਾਂ ਦਿੱਤੀਆਂ ਗਈਆਂ ਹਨ। ਤੁਲਨਾਤਮਿਕ ਅਧਿਐਨ ਲਈ ਇੱਥੇ ਇਨ੍ਹਾਂ ਹੀ ਪਿੰਡਾਂ ਦਾ ਵੇਰਵਾ ਭਾਈ ਕਾਨ੍ਹ ਸਿੰਘ ਦੀ ਲਿਖਤ ਵਿਚੋਂ ਦਿੱਤਾ ਜਾਂਦਾ ਹੈ। "ਸੇਖਾ-ਰਾਜ ਪਟਿਆਲਾ, ਨਜ਼ਾਮਤ ਬਰਨਾਲਾ ਵਿਚ ਇਕ ਪਿੰਡ, ਜੋ ਮੂਲੋਵਾਲ ਤੋਂ ਪੰਜ ਕੋਹ ਪੱਛਮ ਹੈ ਅਤੇ ਰੇਲਵੇ ਸਟੇਸ਼ਨ ਸੇਖੇ ਤੋਂ ਇਕ ਮੀਲ ਦੱਖਣ ਹੈ। ਇਸ ਥਾਂ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਦੋ ਗੁਰਦੁਆਰੇ ਹਨ। ਪਿੰਡ ਤੋਂ ਪੂਰਵ ਵੱਲ ਇਕ ਫਰਲਾਂਗ ਦੇ ਕਰੀਬ, ਜਿੱਥੇ ਗੁਰੂ ਸਾਹਿਬ ਨੇ ਡੇਰਾ ਕੀਤਾ। ਇਸ ਨਾਲ ਰਿਆਸਤ ਪਟਿਆਲੇ ਵੱਲੋਂ ਚਾਰ ਹੱਲ ਦੀ ਜ਼ਮੀਨ ਹੈ। ਪਿੰਡ ਤੋਂ ਪੱਛਮ ਵੱਲ ਕਰੀਬ ਅੱਧੀ ਮੀਲ ਤੇ ਕੇਵਲ ਮੰਜੀ ਸਾਹਿਬ ਹੈ। ਇਸ ਥਾਂ ਗੁਰੂ ਸਾਹਿਬ ਇਕ ਮਾਈ ਦਾ ਪ੍ਰੇਮ ਦੇਖ ਕੇ ਦੁੱਧ ਛਕਣ ਠਹਿਰ ਗਏ ਸਨ। ਇਸ ਗੁਰਦੁਆਰੇ ਨਾਲ ਰਿਆਸਤ ਵੱਲੋਂ ਦੋ ਹੱਲ ਦੀ ਜ਼ਮੀਨ ਹੈ।"[11]

"ਸੋਹੀਵਾਲ, ਰਿਆਸਤ ਨਾਭੇ ਦੀ ਨਜ਼ਾਮਤ ਫੂਲ ਵਿਚ ਢਿੱਲੋਂ ਅਤੇ ਧੌਲੇ ਦੇ ਵਿਚਕਾਰ ਇਕ ਪਿੰਡ ਜਿਸ ਥਾਂ ਨੌਮੇ ਸਤਿਗੁਰੂ ਜੀ ਨੇ ਦੁਪਹਿਰਾ ਕੱਟਿਆ। ਇਸ ਥਾਂ ਗੁਰਦੁਆਰਾ ਨਹੀਂ ਹੈ। ਹੁਣ ਇਹ ਗੁਰਦੁਆਰਾ ਧੌਲੇ ਦੀ ਜ਼ਮੀਨ ਵਿਚ ਹੈ, ਦੇਖੋ ਧੌਲਾ।"[12]

"ਧੌਲਾ-ਰਿਆਸਤ ਨਾਭਾ, ਨਜ਼ਾਮਤ ਫੂਲ, ਤਸੀਲ ਥਾਣਾ ਧਨੌਲਾ ਵਿਚ ਇਕ ਪਿੰਡ ਹੈ। ਇਸ ਤੋਂ ਵਾਯਵੀਂ ਕੋਣ ਦੋ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਕੱਚੀ ਮੰਜੀ ਸਾਹਿਬ ਹੈ ਪਾਸ ਇਕ ਰਿਹਾਇਸ਼ੀ ਮਕਾਨ ਹੈ। ਪੁਜਾਰੀ ਸਿੰਘ ਹੈ। ਦੋ ਹੱਲ ਦੀ (70 ਘੁਮਾਉਂ) ਜ਼ਮੀਨ ਰਿਆਸਤ ਨਾਭੇ ਵੱਲੋਂ ਗੁਰਦੁਆਰੇ ਦੇ ਨਾਮ ਹੈ। ਰੇਲਵੇ ਸਟੇਸ਼ਨ ਹੰਢਿਆਏ ਤੋਂ ਤਿੰਨ ਮੀਲ ਦੱਖਣ ਪੱਛਮ ਹੈ।"[13]

"ਭਿੱਖੀ-ਰਿਆਸਤ ਪਟਿਆਲਾ, ਨਜ਼ਾਮਤ ਬਰਨਾਲਾ, ਤਸੀਲ ਥਾਣਾ ਮਾਨਸਾ ਵਿਚ ਇਕ ਕਸਬਾ ਹੈ ਜੋ ਰੇਲਵੇ ਸਟੇਸ਼ਨ ਨਰੇਂਦਰਪੁਰੇ ਤੋਂ ਅੱਠ ਮੀਲ ਉੱਤਰ ਹੈ। ਇਸ ਤੋਂ ਉੱਤਰ ਪੱਛਮ ਪਾਸ ਹੀ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਇੱਥੇ ਦਸ ਦਿਨ ਨਿਵਾਸ

ਕੀਤਾ। ਇੱਥੋਂ ਦੇ ਤਖਾਣਾਂ ਅਤੇ ਬਾਣੀਆਂ ਨੇ ਸੇਵਾ ਕੀਤੀ। ਚੌਧਰੀ ਗੈਂਡਾ ਚਾਹਲ ਗੋਤ ਦਾ ਜੋ ਸੁਲਤਾਨ ਦਾ ਉਪਾਸ਼ਕ ਸੀ ਸਤਿਗੁਰਾਂ ਦਾ ਉਪਦੇਸ਼ ਸੁਣ ਕੇ ਸਿੱਖ ਹੋਇਆ। ਮੰਦਿਰ ਸੁੰਦਰ ਬਣਿਆ ਹੋਇਆ ਹੈ। ਜਿਸ ਦੀ ਸੇਵਾ ਮਹਾਰਾਜਾ ਕਰਮ ਸਿੰਘ ਪਟਿਆਲਾ ਪਤਿ ਨੇ ਕਰਾਈ ਹੈ। ਪਾਸ ਰਿਹਾਇਸ਼ੀ ਮਕਾਨ ਹਨ। ਗੁਰਦੁਆਰੇ ਨਾਲ 140 ਘੁਮਾਉਂ ਜ਼ਮੀਨ ਅਤੇ 80 ਰੁਪਯੇ ਸਾਲਾਨਾ ਪਟਿਆਲੇ ਵੱਲੋਂ ਹਨ। ਪੁਜਾਰੀ ਸਿੰਘ ਹੈ।"[14]

ਪਾਠਕ ਇਨ੍ਹਾਂ ਟੂਕਾਂ ਨੂੰ ਪਿੱਛੇ ਵਰਨਣ ਕੀਤੀਆਂ ਗਈਆਂ ਲਿਖਤਾਂ ਵੱਲੋਂ ਮੁਹੱਈਆ ਕੀਤੀ ਗਈ ਜਾਣਕਾਰੀ ਨਾਲ ਤੁਲਨਾ ਕੇ ਦੇਖ ਲੈਣ। ਕਿੰਨਾ ਫ਼ਰਕ ਹੈ ਇਨ੍ਹਾਂ ਵਿਚ। ਇਤਿਹਾਸ, ਖੋਜ ਦੇ ਸਾਰੀ ਰਹਿਣ ਦਾ ਦੂਜਾ ਨਾਂ ਹੈ। ਇਕ ਖੋਜ ਤੋਂ ਅੱਗੇ ਹੋਰ ਖੋਜ ਫਿਰ ਇਸ ਤੋਂ ਅੱਗੇ ਹੋਰ ਅਤੇ ਹੋਰ। ਹਰ ਨਵੀਂ ਖੋਜ ਦਾ ਮਕਸਦ ਵਧੇਰੇ ਤੋਂ ਵਧੇਰੇ ਸੱਚਾਈ ਪਰਾਪਤ ਕਰਨ ਦਾ ਹੁੰਦਾ ਹੈ। ਖੋਜ, ਭੰਬਲਭੂਸਾ ਪੈਦਾ ਕਰਨ ਲਈ ਨਹੀਂ ਹੁੰਦੀ ਸਗੋਂ ਸਮੱਸਿਆਵਾਂ ਨੂੰ ਹੱਲ ਕਰਨ ਲਈ, ਅਸਪਸ਼ਟ ਗੱਲਾਂ ਨੂੰ ਸਪਸ਼ਟ ਕਰਨ ਲਈ ਅਤੇ ਇਤਿਹਾਸ ਤੇ ਮਿਥਿਹਾਸ ਦਾ ਨਿਬੇੜਾ ਕਰਨ ਲਈ ਹੁੰਦੀ ਹੈ। ਕਈ ਲਿਖਤਾਂ ਨੇ ਗੁਰੂ ਤੇਗ ਬਹਾਦੁਰ ਜੀ ਦੀ ਸਰਲ ਅਤੇ ਸਪਸ਼ਟ ਵਿਚਾਰਧਾਰਾ ਨੂੰ ਧੁੰਦਲਾਇਆ ਹੈ; ਲੋਕਾਂ ਨੂੰ ਰਾਹ ਤੋਂ ਕੁਰਾਹੇ ਪਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਮਾਜ ਦੇ ਮਹੱਤਵਪੂਰਨ ਵਰਗਾਂ ਨੂੰ ਇਕ ਦੂਜੇ ਨਾਲੋਂ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਭਾਈ ਕਾਨ੍ਹ ਸਿੰਘ ਨੇ ਇਸ ਖੇਤਰ ਵਿਚ ਸੱਚਾਈ ਨੂੰ ਨਿਖਾਰਨ ਦੀ ਕੋਸ਼ਿਸ਼ ਕੀਤੀ ਹੈ। ਡਾ. ਫੌਜਾ ਸਿੰਘ ਵਾਲੀ ਪੁਸਤਕ ਵਿਚ ਇਸ ਗੱਲ ਦੀ ਨਿੰਦਿਆ ਕੀਤੀ ਗਈ ਹੈ ਕਿ ਭਾਈ ਕਾਨ੍ਹ ਸਿੰਘ ਨੇ ਇਨ੍ਹਾਂ ਫ਼ਜ਼ੂਲ ਦੀਆਂ ਗੱਲਾਂ ਨੂੰ ਕਿਉਂ ਨਹੀਂ ਅਪਣਾਇਆ।

ਸਾਡੇ ਸਰਵੇਖਣ ਅਤੇ ਵਿਸ਼ਲੇਸ਼ਣ ਵਿਚ ਸਿਰਫ ਉਨ੍ਹਾਂ ਗੱਲਾਂ ਨੂੰ ਹੀ ਦਰਜ ਕੀਤਾ ਗਿਆ ਹੈ ਜੋ ਸਿੱਖ ਧਰਮ ਦੀ ਵਿਚਾਰਧਾਰਾ ਨਾਲ ਮੇਲ ਖਾਂਦੀਆਂ ਹਨ ਅਤੇ ਜਿਨ੍ਹਾਂ ਦਾ ਸੰਬੰਧ ਸਿਰਫ ਗੁਰੂ ਜੀ ਦੀ ਆਮਦ ਨਾਲ ਹੀ ਹੈ। ਇਸ ਗੱਲ ਦਾ ਨਿਰਣਾ ਕਰਨਾ ਔਖਾ ਹੈ ਕਿ ਗੁਰੂ ਸਾਹਿਬ ਕਿੱਥੇ ਕਿੰਨਾ ਚਿਰ ਠਹਿਰੇ ਸਨ ਤੇ ਕਿੱਥੇ ਕਦੋਂ ਗਏ ਸਨ। ਹਰ ਪਿੰਡ ਵਿਚ ਉੱਥੋਂ ਦੇ ਲੋਕਾਂ ਨੇ ਬਿਨਾ ਕੁਝ ਸੋਚੇ ਅਤੇ ਵਿਚਾਰੇ ਦੇ ਇਕ-ਇਕ ਪਿੰਡ ਵਿਚ ਮਹੀਨਾ-ਮਹੀਨਾ ਭਰ ਦਾ ਠਹਿਰਾ ਬਣਾ ਰੱਖਿਆ ਹੈ। ਇਹ ਅਸੰਭਵ ਹੈ। ਹਰ ਪਿੰਡ ਨੇ ਇਹ ਗੱਲ ਪਰਚਲਤ ਕਰ ਰੱਖੀ ਹੈ ਕਿ ਗੁਰੂ ਸਾਹਿਬ ਉੱਥੇ ਰਾਤ ਰਹੇ ਸਨ। ਇਹ ਵੀ ਸੰਭਵ ਨਹੀਂ ਹੈ। ਜਦੋਂ ਇਕ ਵਿਸ਼ੇਸ਼ ਖੇਤਰ ਵਿਚ ਗੁਰੂ ਜੀ ਵਿਚਰਦੇ ਸਨ ਤਾਂ ਉਨ੍ਹਾਂ ਦਾ ਪੂਰਾ ਲਾਓ ਲਸ਼ਕਰ ਉਨ੍ਹਾਂ ਦੇ ਨਾਲ ਹੁੰਦਾ ਸੀ। ਇਸ ਲਾਓ-ਲਸ਼ਕਰ ਵਿਚ ਗੁਰੂ ਜੀ ਦਾ ਪਰਿਵਾਰ ਹੋਰ ਮੁੱਖੀ ਸਿੱਖਾਂ ਦੇ ਪਰਿਵਾਰ, ਘੋੜੇ, ਊਠ ਅਤੇ ਰੱਥ ਹੁੰਦੇ ਸਨ। ਇਨੇ ਲਾਓ-ਲਸ਼ਕਰ ਸਮੇਤ ਹਰ ਇਕ ਪਿੰਡ ਵਿਚ ਜਾ ਕੇ ਰਹਿਣਾ ਸੰਭਵ ਨਹੀਂ ਹੁੰਦਾ ਸੀ। ਘੋੜਿਆਂ ਤੇ ਊਠਾਂ ਲਈ ਚਾਰਾ, ਸੰਗਤ ਲਈ ਲੰਗਰ ਦਾ ਪਰਬੰਧ ਹਰ ਥਾਂ ਤੇ ਸੰਭਵ ਨਹੀਂ ਹੁੰਦਾ ਸੀ। ਇਸ ਕਰ ਕੇ ਗੁਰੂ ਜੀ ਕਿਸੇ ਇਕ ਥਾਂ ਤੇ ਡੇਰਾ ਲਗਾ ਲੈਂਦੇ ਸਨ। ਇਸ ਥਾਂ ਤੋਂ ਗੁਰੂ ਸਾਹਿਬ ਪਰੋਗਰਾਮ ਮੁਤਾਬਕ ਬਾਕੀ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਉੱਥੋਂ ਦੀ ਸੰਗਤ ਦੇ ਬੁਲਾਵੇ ਤੇ ਜਾਂਦੇ ਸਨ। ਇਹ ਵੀ ਯਾਦ ਰੱਖਣ ਯੋਗ ਗੱਲ ਹੈ ਕਿ ਗੁਰੂ ਤੇਗ ਬਹਾਦੁਰ ਜੀ ਦੇ ਸਮੇਂ ਤਕ ਪੰਜਾਬ ਦੇ ਤਕਰੀਬਨ ਹਰ ਇਕ ਪਿੰਡ ਵਿਚ ਸਿੱਖ ਸੰਗਤਾਂ ਕਾਇਮ ਹੋ ਚੁੱਕੀਆਂ ਸਨ। ਇਸ ਲਈ ਇਸ ਗੱਲ ਦੀ ਸਮੱਸਿਆ ਨਹੀਂ ਸੀ ਕਿ ਕਿਸੇ ਪਿੰਡ ਵਿਚ ਗੁਰੂ ਸਾਹਿਬ ਦਾ ਸੁਆਗਤ ਹੁੰਦਾ ਸੀ ਜਾਂ ਨਹੀਂ। ਸੰਗਤਾਂ ਗੁਰੂ ਸਾਹਿਬ ਨੂੰ ਖੁਦ ਆ ਕੇ ਲਿਜਾਂਦੀਆਂ ਸਨ।[15] ਪਿੰਡ

ਵਿਚ ਗੁਰੂ ਸਾਹਿਬ ਦਾ ਡੇਰਾ ਜਾਂ ਠਹਿਰਾ ਪਿੰਡ ਤੋਂ ਬਾਹਰਵਾਰ ਹੁੰਦਾ ਸੀ। ਜੇ ਕਿਸੇ ਪਿੰਡ ਵਿਚ ਕੋਈ ਮੁੱਖੀ ਸਿੱਖ ਹੁੰਦਾ ਸੀ ਤਾਂ ਗੁਰੂ ਸਾਹਿਬ ਉਸ ਦੇ ਘਰ ਵੀ ਚਲੇ ਜਾਇਆ ਕਰਦੇ ਸਨ। ਨਹੀਂ ਤਾਂ ਠਹਿਰਾ ਆਮ ਤੌਰ ਤੇ ਸਾਂਝੀ ਥਾਂ ਉੱਪਰ ਹੀ ਹੁੰਦਾ ਸੀ।

ਪੰਜਾਬ ਦਾ ਮਾਲਵਾ ਖੇਤਰ ਸਾਰੇ ਦਾ ਸਾਰਾ ਹੀ ਆਮ ਤੌਰ ਤੇ ਘੱਟ ਉਪਜਾਊ ਹੁੰਦਾ ਸੀ। ਵਹਿਕ ਜ਼ਮੀਨ ਬਹੁਤ ਘੱਟ ਹੁੰਦੀ ਸੀ। ਚਾਰੇ ਪਾਸੇ ਜਾਂ ਤਾਂ ਘਣੇ ਜੰਗਲ ਹੁੰਦੇ ਸਨ ਤੇ ਜਾਂ ਰੇਤ ਦੇ ਟਿੱਬੇ। ਇਸ ਕਰ ਕੇ ਇਸ ਖੇਤਰ ਵਿਚ ਨਾ ਹੀ ਕਿਸੇ ਰਾਜਨੀਤਕ ਹਾਕਮ ਦੀ ਦਿਲਚਸਪੀ ਸੀ ਅਤੇ ਨਾ ਹੀ ਕਿਸੇ ਇਸਲਾਮੀ ਪਰਚਾਰਕ ਜਾਂ ਬਰਾਹਮਣ ਦੀ । ਅਜਿਹੀ ਕਿਸੇ ਕਿਸਮ ਦੀ ਦਿਲਚਸਪੀ ਨਾ ਹੋਣ ਕਰ ਕੇ ਮਾਲਵਾ ਇਕ ਕਿਸਮ ਦਾ ਅਣਗੌਲਿਆ ਖੇਤਰ ਸੀ। ਇੱਥੇ ਜੱਟ ਕਬੀਲਿਆਂ ਦਾ ਵਸੇਬਾ ਸੀ। ਜੱਟ ਕਬੀਲੇ ਮੁੱਖ ਤੌਰ ਤੇ ਖੇਤੀਬਾੜੀ ਕਰਨ ਵਾਲੇ ਅਤੇ ਡੰਗਰ ਪਾਲਣ ਵਾਲੇ ਲੋਕ ਸਨ। ਇਹ ਲੋਕ ਜੰਗਜੂ ਸਨ ਇਸ ਕਰ ਕੇ ਜੱਟ ਕਬੀਲਿਆਂ ਵਿਚ ਆਪਸ ਵਿਚ ਇਟ-ਖੜੱਕਾ ਰਹਿੰਦਾ ਸੀ। ਕਈਆਂ ਵਿਚ ਤਾਂ ਦੁਸ਼ਮਣੀ ਪੂਰੀ ਹੱਦ ਤਕ ਹੁੰਦੀ ਸੀ। ਇਨ੍ਹਾਂ ਦਾ ਮੁੱਖ ਝੁਕਾਅ ਸਿੱਖ ਧਰਮ ਵੱਲ ਸੀ।

ਮਾਲਵੇ ਵਿਚ ਪਾਣੀ ਦੀ ਬਹੁਤ ਘਾਟ ਸੀ। ਨਦੀਆਂ ਨਾਲੇ ਹੈ ਨਹੀਂ ਸਨ। ਬਰਸਾਤੀ ਢਾਬਾਂ ਜਾਂ ਛੱਪੜ ਹੀ ਹੁੰਦੇ ਸਨ। ਹਰ ਪਿੰਡ ਨੇ ਜਾਂ ਹਰ ਜੱਟ ਕਬੀਲੇ ਨੇ ਆਪਣੀ ਵੱਸੋਂ ਵੱਡੀ ਢਾਬ ਦੇ ਕਿਨਾਰੇ ਕੀਤੀ ਹੁੰਦੀ ਸੀ ਤਾਂ ਕਿ ਇੱਥੇ ਡੰਗਰਾਂ ਪਸ਼ੂਆਂ ਲਈ ਪਾਣੀ ਦੀ ਲੋੜ ਪੂਰੀ ਕੀਤੀ ਜਾਂਦੀ। ਢਾਬਾਂ ਜਾਂ ਛੱਪੜਾਂ ਵਿਚ ਬਰਸਾਤਾਂ ਵੇਲੇ ਪਾਣੀ ਭਰ ਜਾਂਦਾ ਸੀ। ਕਈ ਪਿੰਡਾਂ ਵਿਚ ਐਸੀਆਂ ਗੱਲਾਂ ਮਿਲਦੀਆਂ ਹਨ ਕਿ ਗੁਰੂ ਸਾਹਿਬ ਨੇ ਢਾਬਾਂ ਵਿਚੋਂ ਮਿੱਟੀ ਕੱਢਵਾਈ ਸੀ ਜਾਂ ਛੱਪੜ ਪੁਟਵਾ ਕੇ ਡੂੰਘੇ ਕਰਵਾਏ ਸਨ। ਇਹ ਇਕ ਬਹੁਤ ਵੱਡਾ ਕੰਮ ਸੀ ਲੋਕ ਭਲਾਈ ਦਾ। ਪੀਣ ਵਾਲਾ ਪਾਣੀ ਬਹੁਤ ਘੱਟ ਸੀ। ਸਿਰਫ ਖੂਹ ਹੀ ਇਕੋ ਇਕ ਸਰੋਤ ਸਨ। ਬਠਿੰਡਾ, ਮਾਨਸਾ ਅਤੇ ਕੁਝ ਵਾਂਗਰ ਦੇ ਇਲਾਕੇ ਵਿਚ ਪਾਣੀ ਬਹੁਤ ਡੂੰਘਾ ਸੀ। ਉਪਰਲੀ ਸਤਿਹ ਵਿਚ ਜਾਂ ਤਾਂ ਪਾਣੀ ਹੁੰਦਾ ਹੀ ਨਹੀਂ ਸੀ ਤੇ ਜਾਂ ਫਿਰ ਖਾਰਾ ਹੁੰਦਾ ਸੀ। ਡੂੰਘੇ ਖੂਹ ਲਗਵਾਉਣੇ ਕੋਈ ਸੌਖਾ ਕੰਮ ਨਹੀਂ ਸੀ। ਕੋਈ ਟਾਵਾਂ-ਟਾਵਾਂ ਖੂਹ ਹੀ ਡੂੰਘਾ ਸੀ। ਅਸੀਂ ਕਈ ਪਿੰਡਾਂ ਵਿਚ ਦੇਖਦੇ ਹਾਂ ਕਿ ਉੱਥੇ ਗੁਰੂ ਸਾਹਿਬ ਨੇ ਖਾਰੇ ਖੂਹ ਦਾ ਪਾਣੀ ਮਿੱਠਾ ਕੀਤਾ ਸੀ। ਭਾਵੇਂ ਕਿ ਮਿੱਠਾ ਕਰਨ ਦਾ ਢੰਗ ਗਲਤ ਬਤਾਇਆ ਗਿਆ ਹੈ ਜਿਵੇਂ ਕਿ ਮੂਲੋਵਾਲ ਦੇ ਇਕ ਖੂਹ ਵਿਚ ਕੁਝ ਗੁੜ ਘੋਲ ਕੇ ਪਾਣੀ ਮਿੱਠਾ ਕੀਤਾ ਦੱਸਿਆ ਗਿਆ ਹੈ ਪਰ ਪੁਰਾਤਨ ਲਿਖਤਾਂ ਦੇ ਲੇਖਕਾਂ ਨੇ ਹਰ ਗੱਲ ਨੂੰ ਅੱਖਰੀ ਅਰਥਾਂ ਵਿਚ ਰੱਖ ਕੇ ਵਰਨਣ ਕੀਤਾ ਹੈ ਜਦੋਂ ਕਿ ਇਸ ਦੇ ਅਰਥ ਮੁਹਾਵਰੇਦਾਰ ਬੋਲੀ ਦੇ ਹਨ। ਮਿੱਠੇ ਦਾ ਮਤਲਬ ਗੁੜ ਵਾਲੀ ਮਿਠਾਸ ਤੋਂ ਨਹੀਂ ਹੈ ਸਗੋਂ ਪਾਣੀ ਦੇ ਪੀਣ ਵਾਲੇ ਸੁਆਦ ਦੇ ਠੀਕ ਹੋਣ ਤੋਂ ਹੈ। ਖੂਹ ਦਾ ਪਾਣੀ ਮਿੱਠਾ ਕਰਨ ਦਾ ਮਤਲਬ ਹੈ ਕਿ ਗੁਰੂ ਜੀ ਨੇ ਖੂਹ ਨੂੰ ਹੋਰ ਡੂੰਘਾ ਕਰਵਾਇਆ ਸੀ। ਗੁਰੂ ਜੀ ਪਾਸ ਸਿੱਖ ਸੰਗਤਾਂ ਦੀ ਬਹੁਤਾਤ ਸੀ। ਪਿੰਡਾਂ ਦੇ ਲੋਕ ਵੀ ਗੁਰੂ ਜੀ ਦੇ ਹੁਕਮ ਅਧੀਨ ਸਨ। ਇਸ ਲਈ ਗੁਰੂ ਜੀ ਦੇ ਹੁਕਮ ਮੁਤਾਬਕ ਸਿੱਖ ਸੰਗਤਾਂ ਇਕੱਠੀਆਂ ਹੋ ਕੇ ਉਸ ਕੰਮ ਨੂੰ ਦਿਨਾਂ ਵਿਚ ਹੀ ਕਰ ਦਿੰਦੀਆਂ ਸਨ ਜਿਹੜਾ ਆਮ ਤੌਰ ਤੇ ਘੱਟ ਵਿਅਕਤੀਆਂ ਵੱਲੋਂ ਹੁੰਦਾ ਹੀ ਨਹੀਂ ਸੀ। ਕਈ ਪਿੰਡਾਂ ਵਿਚ ਨਵੇਂ ਖੂਹ ਲਗਵਾਉਣ ਦੀ ਜਾਣਕਾਰੀ ਮਿਲਦੀ ਹੈ। ਜਿਵੇਂ ਘੂਕੇ ਵਾਲੀ (ਗੁਰੂ ਕਾ ਬਾਗ), ਚੱਕ ਗੁਰੂ (ਬੰਗੇ ਨੇੜੇ)। ਉਨ੍ਹਾਂ ਦਿਨਾਂ ਵਿਚ ਖੂਹ ਲਗਵਾਉਣਾ ਇਕ ਬਹੁਤ ਵੱਡਾ ਪਰਾਜੈਕਟ ਹੁੰਦਾ ਸੀ ਜਿਹੜਾ ਵਿਅਕਤੀਗਤ

ਪਹੁੰਚ ਤੋਂ ਦੂਰ ਦੀ ਗੱਲ ਹੁੰਦੀ ਸੀ। ਗੁਰੂ ਜੀ ਨੇ ਲੋਕਾਂ ਦੀ ਪਾਣੀ ਦੀ ਸਹੂਲਤ ਨੂੰ ਮੁੱਖ ਰੱਖ ਕੇ ਖੂਹ ਲਗਵਾਏ ਸਨ।

ਮਾਲਵੇ ਦੇ ਸਫਰਾਂ ਦਾ ਅਧਿਐਨ ਕਰਦਿਆਂ ਇਕ ਗੱਲ ਹੋਰ ਸਾਹਮਣੇ ਆਉਂਦੀ ਹੈ। ਉਹ ਹੈ ਕਿ ਸੰਗਰੂਰ ਇਲਾਕੇ ਦੇ ਕਈ ਪਿੰਡਾਂ ਵਿਚ ਗੁਰੂ ਸਾਹਿਬ ਦੀ ਆਮਦ ਵੇਲੇ ਕੁਝ ਬਿਮਾਰੀਆਂ ਫੈਲਣ ਦੀ ਜਾਣਕਾਰੀ ਮਿਲਦੀ ਹੈ। ਜਿਵੇਂ ਕਿ ਹੰਢਿਆਏ ਅਤੇ ਸੇਖੇ ਆਦਿ ਪਿੰਡਾਂ ਵਿਚ ਗਲਘੋਟੂ ਦੀ ਬਿਮਾਰੀ ਜਾਂ ਸੋਕੇ ਦੀ ਬਿਮਾਰੀ ਜਾਂ ਮਿਆਦੀ ਤਾਪ ਦੀ ਬਗੈਰਾ-ਬਗੈਰਾ। ਪੁਰਾਤਨ ਲਿਖਤਾਂ ਵਿਚ ਭਾਵੇਂ ਇਸ ਗੱਲ ਨੂੰ ਕਿਸੇ ਹੋਰ ਢੰਗ ਨਾਲ ਵਿਆਖਿਆ ਗਿਆ ਹੈ ਪਰ ਇਸ ਤੋਂ ਇਹ ਸਮਝਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਧਰਮ ਪਰਚਾਰ ਦੌਰਿਆਂ ਦੌਰਾਨ ਲੋਕਾਂ ਨੂੰ ਕੁਝ ਬਿਮਾਰੀਆਂ ਤੋਂ ਨਿਜਾਤ ਦਿਵਾਈ ਸੀ। ਕਈ ਥਾਈਂ ਜ਼ਿਕਰ ਆਉਂਦਾ ਹੈ ਕਿ ਗੁਰੂ ਜੀ ਨੇ ਫਲਾਣੇ ਪਿੰਡ ਦੇ ਲੋਕਾਂ ਨੂੰ ਫਲਾਣੀ ਛੱਪੜੀ ਵਿਚ ਨਹਾਉਣ ਲਈ ਕਿਹਾ ਅਤੇ ਛੱਪੜੀ ਵਿਚ ਨਹਾਉਣ ਨਾਲ ਬਿਮਾਰੀ ਠੀਕ ਹੋ ਗਈ। ਇਹ ਸਭ ਸਿਰਫ ਵਿਆਖਿਆ ਕਰਨ ਦਾ ਫ਼ਰਕ ਹੈ। ਲੋੜ ਸਿਰਫ ਅਸਲੀਅਤ ਨੂੰ ਸਮਝਣ ਦੀ ਹੈ। ਅੱਜ ਜਿੰਨੇ ਸਰੋਵਰ ਮਾਲਵੇ ਦੀ ਧਰਤੀ ਤੇ ਮਿਲਦੇ ਹਨ ਸਭ ਦੇ ਪਿਛੋਕੜ ਵਿਚ ਉਨ੍ਹਾਂ ਦਾ ਪਹਿਲਾ ਰੂਪ ਕੋਈ ਨਾ ਕੋਈ ਛੱਪੜੀ ਜਾਂ ਢਾਬ ਹੀ ਹੁੰਦੀ ਸੀ। ਸਰੋਵਰ ਸਿੱਖ ਧਰਮ ਦੇ ਸਮਾਜਿਕ ਸੰਕਲਪ ਨਾਲ ਸੰਬੰਧਤ ਹਨ। ਸਿੱਖ ਧਰਮ ਵਿਚ ਸਮਾਜਿਕ ਬਰਾਬਰਤਾ ਦਾ ਸਿਧਾਂਤ ਹੈ। ਸਰੋਵਰ ਇਸ ਸਿਧਾਂਤ ਨੂੰ ਅਮਲੀ ਰੂਪ ਦੇਣ ਵਾਲੇ ਅਸਥਾਨ ਹਨ। ਸਰੋਵਰ ਵਿਚ ਹਰ ਜਾਤ ਦਾ ਵਿਅਕਤੀ ਇਸ਼ਨਾਨ ਕਰੇਗਾ। ਇਸ ਨਾਲ ਸਮਾਜਿਕ ਊਚ-ਨੀਚ ਦਾ ਭੇਦ ਖਤਮ ਹੁੰਦਾ ਹੈ। ਵੈਸੇ ਵੀ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਤਨ ਅਤੇ ਮਨ ਦੀ ਮਲੀਨਤਾ ਖ਼ਤਮ ਹੁੰਦੀ ਹੈ। ਗੁਰੂ ਜੀ ਨੇ ਲੋਕਾਂ ਨੂੰ ਲੋਕਾਂ ਦੀ ਬੋਲੀ ਵਿਚ ਹੀ ਗੱਲ ਸਮਝਾਈ ਸੀ। ਲੋਕ ਬੋਲੀ ਸੀ ਉਨ੍ਹਾਂ ਦਾ ਅੰਧ ਵਿਸ਼ਵਾਸ। ਇਕ ਅੰਧਵਿਸ਼ਵਾਸ ਨੂੰ ਖ਼ਤਮ ਕਰਨ ਲਈ ਦੂਸਰੇ ਅੰਧਵਿਸ਼ਵਾਸ ਦੀ ਲੋੜ ਪੈਂਦੀ ਹੈ। ਜੇ ਇਕ ਅੰਧਵਿਸ਼ਵਾਸ ਇਹ ਕਹਿੰਦਾ ਸੀ ਕਿ ਸ਼ੂਦਰ ਦਾ ਛਾਇਆ ਪੈਣ ਨਾਲ ਉੱਚੀ ਕੁੱਲ ਦਾ ਵਿਅਕਤੀ ਭਿੱਟਿਆ ਜਾਂਦਾ ਹੈ ਤਾਂ ਗੁਰੂ ਜੀ ਨੇ ਅਜਿਹੇ ਅੰਧਵਿਸ਼ਵਾਸ ਨੂੰ ਖ਼ਤਮ ਕਰਨ ਲਈ ਇਹ ਪਰਚਾਰ ਦਿੱਤਾ ਕਿ ਫਲਾਣੀ ਛੱਪੜੀ ਵਿਚ ਇਸ਼ਨਾਨ ਕਰਨ ਨਾਲ ਰੋਗ ਦੂਰ ਹੋ ਜਾਣਗੇ। ਇਹ ਗੱਲ ਗੁਰੂ ਸਾਹਿਬ ਨੇ ਕਹੀ ਸੀ ਜਾਂ ਨਹੀਂ ਪਰ ਲੋਕਾਂ ਵਿਚ ਇਹ ਗੱਲ ਜ਼ਰੂਰ ਪਰਚਲਤ ਹੋ ਗਈ ਸੀ। ਇਸ ਸੰਕਲਪ ਨਾਲ ਬਿਮਾਰੀ ਦੂਰ ਹੋਈ ਜਾਂ ਨਹੀਂ ਪਰ ਇਹ ਛੱਪੜ ਜਾਂ ਢਾਬਾਂ ਪਵਿੱਤਰ ਤੀਰਥ ਅਸਥਾਨ ਜ਼ਰੂਰ ਬਣ ਗਏ ਹਨ ਅਤੇ ਇਨ੍ਹਾਂ ਤੀਰਥ ਅਸਥਾਨਾਂ ਨੇ ਬਰਾਹਮਣਵਾਦੀ ਤੀਰਥ ਅਸਥਾਨਾਂ ਦੀ ਜਾਂ ਬਰਾਹਮਣਵਾਦੀ ਸਾਮਰਾਜ ਦੀ ਹੈਂਕੜ ਖ਼ਤਮ ਕੀਤੀ ਹੈ। ਅੱਜ ਇਹ ਤੀਰਥ ਅਸਥਾਨ ਸਿੱਖ ਸੰਗਤਾਂ ਦੇ ਜਾਂ ਮਾਲਵੇ ਦੇ ਲੋਕਾਂ ਦੇ ਸਾਂਝੇ ਅਸਥਾਨ ਹਨ। ਇਸ ਕਰ ਕੇ ਇਸ ਗੱਲ ਵਿਚ ਤਾਂ ਅੰਤਰ ਹੋ ਸਕਦਾ ਹੈ ਕਿ ਕਿਸੇ ਲੇਖਕ ਨੇ ਇਨ੍ਹਾਂ ਛੱਪੜੀਆਂ ਜਾਂ ਢਾਬਾਂ ਵਿਚ ਨਹਾਉਣ ਦੀ ਗੱਲ ਨੂੰ ਕਿਵੇਂ ਬਿਆਨਿਆ ਹੈ ਪਰ ਇਸ ਗੱਲ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਇਹ ਛੱਪੜੀਆਂ ਢਾਬਾਂ ਹੀ ਅੱਜ ਪਵਿੱਤਰ ਤੀਰਥਾਂ ਦਾ ਰੂਪ ਧਾਰਨ ਕਰੀ ਬੈਠੀਆਂ ਹਨ।

ਗੁਰੂ ਤੇਗ ਬਹਾਦੁਰ ਜੀ ਦੇ ਮਾਲਵੇ ਦੇ ਸਫ਼ਰਾਂ ਦੀ ਜਾਂ ਬਾਕੀ ਦੇ ਇਲਾਕੇ ਦੇ ਸਫਰਾਂ ਦੀ ਕੋਈ ਮਿਤੀ ਕਿਸੇ ਤਰ੍ਹਾਂ ਵੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਸਿਰਫ ਇਨ੍ਹਾਂ ਯਾਤਰਾਵਾਂ ਬਾਰੇ ਮੋਟੇ ਤੌਰ ਤੇ ਇਹ ਹੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿਚੋਂ ਕੁਝ ਤਾਂ ਗੁਰੂ ਜੀ ਵੱਲੋਂ 1664 ਈ.

ਵਿਚ ਗੁਰਗੱਦੀ ਧਾਰਨ ਕਰਨ ਤੋਂ ਤੁਰੰਤ ਪਿੱਛੋਂ ਕੀਤੇ ਗਏ ਸਨ ਜਦੋਂ ਕਿ ਗੁਰੂ ਜੀ ਖੇਮਕਰਨ ਅਤੇ ਚੋਲ੍ਹਾ ਸਾਹਿਬ ਪਹੁੰਚੇ ਸਨ। ਉਸ ਸਮੇਂ ਉਹ ਹਰੀਕੇ ਪੱਤਣ ਰਾਹੀਂ ਡਰੋਲੀ ਭਾਈ ਕੀ ਜਾਂ ਮੱਲਾ ਪਿੰਡ ਵੱਲ ਵੀ ਆਏ ਸਨ। ਡਰੋਲੀ ਭਾਈ ਕੀ ਵਿਖੇ ਗੁਰੂ ਸਾਹਿਬ ਦੀ ਮਾਸੀ ਅਤੇ ਮਾਸੜ ਜੀ ਸਨ ਅਤੇ ਮੱਲਾ ਵਿਖੇ ਉਨ੍ਹਾਂ ਦੀ ਵੱਡੀ ਭੈਣ ਬੀਬੀ ਵੀਰੋ ਜੀ ਰਹਿੰਦੇ ਸਨ। ਇਸ ਲਈ ਅਜਿਹੀਆਂ ਰਿਸ਼ਤੇਦਾਰੀਆਂ ਵਿਚ ਗੁਰੂ ਤੇਗ ਬਹਾਦੁਰ ਜੀ ਦਾ ਆਉਣਾ ਜਾਣਾ ਅਕਸਰ ਰਹਿੰਦਾ ਹੀ ਸੀ। ਆਉਂਦੇ ਜਾਂਦੇ ਰਸਤੇ ਵਿਚਲੇ ਪਿੰਡਾਂ ਵਿਚ ਠਹਿਰਨਾ ਜਾਂ ਉੱਥੋਂ ਦੇ ਸਿੱਖ ਮੁਖੀਆਂ ਨੂੰ ਮਿਲਣਾ ਕੁਦਰਤੀ ਗੱਲ ਸੀ। ਇਸ ਲਈ ਇਕ ਤਾਂ ਕਈ ਪਿੰਡਾਂ ਵਿਚ, ਰਸਤੇ ਉੱਪਰ ਹੋਣ ਕਰ ਕੇ, ਕਈ ਕਈ ਵਾਰ ਆਉਣ ਜਾਣ ਦੀ ਗੱਲ ਹੋ ਸਕਦੀ ਹੈ। ਦੂਜਾ ਇਹ ਕਹਿਣਾ ਮੁਸ਼ਕਲ ਹੈ ਕਿ ਕਿਸ ਰਸਤੇ ਜਾਂ ਤਰਤੀਬ ਨਾਲ ਜਾਂ ਕਿਸ-ਕਿਸ ਦਿਨ ਜਾਂ ਮਿਤੀ ਨੂੰ ਗੁਰੂ ਜੀ ਫਲਾਣੇ ਪਿੰਡ ਵਿਚ ਗਏ ਸਨ। ਅਸੀਂ ਸਫਰਾਂ ਦਾ ਨਿਰੀਖਸ਼ਣ ਕਰਦਿਆਂ ਸਿਰਫ ਗੁਰੂ ਜੀ ਦੀ ਆਉਣ ਦੀ ਗੱਲ ਨੂੰ ਹੀ ਸਾਹਮਣੇ ਰੱਖਿਆ ਹੈ।

ਇਸੇ ਤਰ੍ਹਾਂ ਮਾਲਵੇ ਦੇ ਸਫ਼ਰ ਕੁਝ ਕੁ ਉਸੇ ਸਮੇਂ ਵੀ ਹੋ ਸਕੇ ਸਨ ਜਦੋਂ ਗੁਰੂ ਸਾਹਿਬ 1665 ਈ. ਦੀ ਨਵੰਬਰ ਵਿਚ ਚੱਕ ਨਾਨਕੀ ਦੀ ਨੀਂਹ ਰਖਵਾਉਣ ਪਿੱਛੋਂ ਪਟਣੇ ਸਾਹਿਬ ਜਾਣ ਲਈ ਧਮਧਾਨ ਸਾਹਿਬ ਨੂੰ ਰਵਾਨਾ ਹੋਏ ਸਨ। ਧਮਧਾਨ ਸਾਹਿਬ ਨੂੰ ਜਾਣ ਲਈ ਰੋਪੜ, ਪਟਿਆਲਾ ਅਤੇ ਸਮਾਣਾ ਜਾਂ ਘੁੜਾਮ ਵਿਚੋਂ ਦੀ ਰਸਤਾ ਜਾਂਦਾ ਸੀ। ਕੁਦਰਤੀ ਗੱਲ ਹੈ ਕਿ ਧਮਧਾਨ ਸਾਹਿਬ ਨੂੰ ਜਾਂਦਿਆਂ ਰਸਤੇ ਵਿਚਲੇ ਪਿੰਡਾਂ ਜਾਂ ਕਸਬਿਆਂ ਵਿਚ ਗੁਰੂ ਜੀ ਠਹਿਰੇ ਹੋਣਗੇ। ਇਸੇ ਤਰ੍ਹਾਂ ਜਦੋਂ ਗੁਰੂ ਸਾਹਿਬ 1673 ਜਾਂ 74 ਵਿਚ ਚੱਕ ਨਾਨਕੀ ਤੋਂ ਮਾਲਵੇ ਦੇ ਸਫ਼ਰਾਂ ਲਈ ਚਲੇ ਸਨ ਤਾਂ ਵੀ ਉਨ੍ਹਾਂ ਦਾ ਰਸਤਾ ਉਹੀ ਰੋਪੜ, ਪਟਿਆਲਾ (ਉਸ ਸਮੇਂ ਬਹਾਦੁਰਗੜ੍ਹ) ਹੀ ਸੀ। ਇਸ ਤਰ੍ਹਾਂ ਕੁਝ ਪਿੰਡਾਂ ਵਿਚ ਗੁਰੂ ਸਾਹਿਬ ਇਕ ਤੋਂ ਵੱਧ ਵਾਰ ਆਏ ਸਨ ਪਰ ਇਹ ਕਹਿਣਾ ਸੰਭਵ ਨਹੀਂ ਹੈ ਕਿ ਕਿਹੜੀ-ਕਿਹੜੀ ਤਾਰੀਖ਼ ਨੂੰ ਆਏ ਸਨ। ਅੱਜ ਰੋਪੜ, ਪਟਿਆਲਾ ਅਤੇ ਇੱਥੋਂ ਤਕ ਕਿ ਕੁਝ ਸੰਗਰੂਰ ਦੇ ਪਿੰਡਾਂ ਵਿਚ ਇਹ ਗੱਲ ਪਰਚਲਤ ਹੋਈ ਪਈ ਹੈ ਕਿ ਗੁਰੂ ਸਾਹਿਬ ਇਨ੍ਹਾਂ ਪਿੰਡਾਂ ਵਿਚ ਦਿੱਲੀ ਨੂੰ ਸ਼ਹਾਦਤ ਦੇਣ ਜਾਣ ਸਮੇਂ ਆਏ ਸਨ। ਇਹ ਗੱਲ ਗਲਤ ਹੈ। ਗੁਰੂ ਜੀ ਦੀ ਗਰਿਫ਼ਤਾਰੀ ਦਿੱਲੀ ਜਾਂ ਆਗਰੇ ਤੋਂ ਨਹੀਂ ਹੋਈ ਸਗੋਂ ਰੋਪੜ ਜ਼ਿਲੇ ਦੇ ਪਿੰਡ ਮਲਿਕਪੁਰ ਰੰਘੜਾਂ ਤੋਂ ਹੋਈ ਸੀ। ਇਸ ਨਾਲ ਉਪਰੋਕਤ ਇਲਾਕੇ ਵਾਲੇ ਪਿੰਡਾਂ ਵਿਚਲੀ ਇਹ ਦੰਦ-ਕਥਾ ਗਲਤ ਹੋ ਜਾਂਦੀ ਹੈ ਕਿ ਗੁਰੂ ਸਾਹਿਬ ਉਨ੍ਹਾਂ ਪਿੰਡਾਂ ਵਿਚ ਦਿੱਲੀ ਨੂੰ ਸ਼ਹਾਦਤ ਦੇਣ ਜਾਣ ਸਮੇਂ ਆਏ ਸਨ।

ਮਾਲਵੇ ਦਾ ਮੁੱਖ ਪਰਚਾਰ ਦੌਰਾ 1673-74 ਅਤੇ 1675 ਦੇ ਪਹਿਲੇ ਅੱਧ ਵਿਚ ਕੀਤਾ ਗਿਆ ਸੀ। ਸਿਰਫ ਇਹੀ ਦੌਰਾ ਸੀ ਜਿਹੜਾ ਗੁਰੂ ਸਾਹਿਬ ਨੇ ਮਾਲਵੇ ਵੀ ਧਰਤੀ ਉੱਪਰ ਇਕ ਨਿਯਤ ਪਰੋਗਰਾਮ ਅਨੁਸਾਰ ਕੀਤਾ ਸੀ। ਇਸ ਦੌਰੇ ਦੌਰਾਨ ਹੀ ਪਟਿਆਲਾ, ਸੰਗਰੂਰ, ਬਠਿੰਡਾ, ਮਾਨਸਾ ਅਤੇ ਫਰੀਦਕੋਟ ਦੇ ਜ਼ਿਲਿਆਂ ਦੀ ਧਰਤੀ ਨੂੰ ਪਵਿੱਤਰ ਕੀਤਾ ਗਿਆ ਸੀ। ਇੱਥੇ ਇਕ ਸਮੱਸਿਆ ਹੋਰ ਸਾਹਮਣੇ ਆ ਜਾਂਦੀ ਹੈ। ਕਈ-ਕਈ ਪਿੰਡਾਂ ਦੇ ਝੁੰਡ ਦੋ-ਦੋ ਚਾਰ-ਚਾਰ ਮੀਲ ਦੀ ਵਿੱਥ ਤੇ ਹਨ ਅਤੇ ਕਈ ਇਸ ਤੋਂ ਵੀ ਨੇੜੇ। ਹਰ ਪਿੰਡ ਦੇ ਲੋਕ ਸਿਰਫ ਇਸੇ ਗੱਲ ਤੇ ਹੀ ਜ਼ਿੱਦ ਕਰਦੇ ਰਹਿੰਦੇ ਹਨ ਕਿ ਗੁਰੂ ਸਾਹਿਬ ਪਹਿਲਾਂ ਉਨ੍ਹਾਂ ਦੇ ਪਿੰਡ ਵਿਚ ਪਹੁੰਚੇ ਸਨ ਤੇ ਫੇਰ ਦੂਸਰੇ ਪਿੰਡ ਗਏ ਸਨ। ਜਾਂ ਇਹ ਕਿ ਗੁਰੂ ਸਾਹਿਬ ਨੇ ਸਿਰਫ ਉਨ੍ਹਾਂ ਦੇ ਪਿੰਡ ਹੀ ਰਾਤ ਕੱਟੀ ਸੀ

ਦੂਸਰੇ ਪਿੰਡ ਤਾਂ ਸਿਰਫ ਦੁਪਹਿਰਾ ਕੱਟਣ ਲਈ ਹੀ ਠਹਿਰੇ ਸਨ ਜਾਂ ਦੂਸਰੇ ਪਿੰਡ ਤਾਂ ਸਿਰਫ ਜੰਗਲ ਪਾਣੀ ਹੀ ਜਾਇਆ ਕਰਦੇ ਸਨ। ਇਹ ਅਫ਼ਵਾਹੀਆਂ ਗੱਲਾਂ ਹਨ। ਕੁਝ ਪਿੰਡਾਂ ਨੂੰ ਜਾਂ ਜੱਟ ਕਬੀਲਿਆਂ ਨੂੰ ਵਰ ਜਾਂ ਸਰਾਪ ਦੇਣ ਦੀਆਂ ਗੱਲਾਂ ਵੀ ਪਿੰਡਾਂ ਦੀ ਜਾਂ ਕਬੀਲਿਆਂ ਦੀ ਆਪਸੀ ਦੁਸ਼ਮਣੀ ਜਾਂ ਈਰਖਾ ਭਾਵਨਾ ਵਿਚੋਂ ਹੀ ਉਤਪੰਨ ਹੋਈਆਂ ਹਨ। ਜਿਹੜੇ ਪਿੰਡ ਦੋ-ਦੋ ਚਾਰ-ਚਾਰ ਜਾਂ ਪੰਜ-ਪੰਜ ਕਿਲੋਮੀਟਰਾਂ ਦੀ ਵਿੱਥ ਤੇ ਹਨ ਉੱਥੇ ਇਹ ਗੱਲ ਨਿਸ਼ਚਿਤ ਕਰਨੀ ਬਿਲਕੁਲ ਸੰਭਵ ਨਹੀਂ ਹੈ ਕਿ ਗੁਰੂ ਸਾਹਿਬ ਕਿਹੜੇ ਪਿੰਡ ਵਿਚ ਪਹਿਲਾਂ ਗਏ ਸਨ ਅਤੇ ਕਿਹੜੇ ਵਿਚ ਪਿੱਛੋਂ। ਨਾ ਹੀ ਇਹ ਗੱਲ ਨਿਸ਼ਚਿਤ ਕਰਨ ਦੀ ਲੋੜ ਹੈ। ਗੱਲ ਸਿਰਫ ਗੁਰੂ ਜੀ ਦੇ ਪਵਿੱਤਰ ਚਰਨ ਪਾਉਣ ਦੀ ਹੈ। ਸਰਵੇਖਣ ਕਰਦਿਆਂ ਇਕ ਬੜੀ ਅਜੀਬ ਗੱਲ ਸਾਹਮਣੇ ਆਈ ਹੈ। ਅੱਜ ਕਈ ਗੁਰਦੁਆਰਿਆਂ ਵਿਚ ਉੱਥੋਂ ਦੇ ਸੰਤਾਂ, ਮਹੰਤਾਂ, ਪਰਬੰਧਕਾਂ ਜਾਂ ਕਮੇਟੀਆਂ ਨੇ ਐਵੇਂ ਹੀ ਗੁਰੂ ਜੀ ਦੇ ਫ਼ਰਜ਼ੀ ਹੁਕਮਨਾਮੇ ਪਰਿੰਟ ਕਰਵਾ ਕੇ ਅਤੇ ਫਰੇਮ ਕਰਵਾ ਕੇ ਰੱਖੇ ਹੋਏ ਹਨ।

ਸਫਰਾਂ ਦਾ ਜਾਂ ਪਰਚਾਰ ਦੌਰਿਆਂ ਦਾ ਬਿਰਤਾਂਤ ਬਿਆਨ ਕਰਦਿਆਂ ਪਹਿਲਾਂ ਹਰ ਪਿੰਡ ਦੀ ਸਥਿਤੀ ਵਰਨਣ ਕੀਤੀ ਗਈ ਹੈ। ਜਿੱਥੇ ਕਿਤੇ ਪਿੰਡ ਦੀ ਮੋਹੜੀ ਗੱਡਣ ਦੀ ਵਿਵਾਦ-ਰਹਿਤ ਗਵਾਹੀ ਮਿਲੀ ਹੈ ਉਹ ਰੱਖ ਲਈ ਗਈ ਹੈ। ਕਿਸੇ ਵੀ ਵਿਵਾਦ-ਗਰਸਤ ਗੱਲ ਨੂੰ ਅਪਣਾਇਆ ਨਹੀਂ ਗਿਆ। ਪਿੰਡਾਂ ਦੀ ਮੋਹੜੀ ਗੱਡਣ ਪਿੱਛੇ ਵੀ ਕੁਝ ਜੱਟ ਕਬੀਲਿਆਂ ਦੀ ਆਪਸੀ ਈਰਖਾ ਕੰਮ ਕਰਦੀ ਹੈ। ਇਸ ਲਈ ਇਸ ਗੱਲ ਨੂੰ ਆਮ ਤੌਰ ਤੇ ਅਪਣਾਇਆ ਹੀ ਨਹੀਂ ਗਿਆ। ਸਿਰਫ ਉਹੀ ਗਵਾਹੀ ਅਪਣਾਈ ਗਈ ਹੈ ਜੋ ਨਿਸ਼ਚਤ ਤੌਰ ਤੇ ਲਿਖਤੀ ਰੂਪ ਵਿਚ ਮਿਲੀ ਹੈ। ਗੁਰਦੁਆਰੇ ਦੀ ਉਸਾਰੀ ਦੇ ਪਿਛੋਕੜ ਵਿਚ ਵੀ ਬਹੁਤਾ ਨਹੀਂ ਪਿਆ ਗਿਆ ਕਿਉਂਕਿ ਇੱਥੇ ਵੀ ਵਿਅਕਤੀਆਂ ਦੀਆਂ ਈਰਖਾਵਾਂ ਤੇ ਲਾਲਸਾਵਾਂ ਕੰਮ ਕਰਦੀਆਂ ਹਨ। ਗੁਰਦੁਆਰਿਆਂ ਦੀ ਉਸਾਰੀ ਬਾਰੇ ਮੂੰਹ-ਜ਼ਬਾਨੀ ਗੱਲਾਂ ਨੂੰ ਛੱਡ ਕੇ ਸਿਰਫ ਲਿਖਤੀ ਤੌਰ ਤੇ ਠੋਸ ਗਵਾਹੀਆਂ ਨੂੰ ਹੀ ਅਪਣਾਇਆ ਗਿਆ ਹੈ। ਜੇਕਰ ਕਿਸੇ ਅਸਥਾਨ ਤੇ ਇਕ ਤੋਂ ਵੱਧ ਗੁਰੂ ਸਾਹਿਬਾਨ ਆਏ ਹਨ ਤਾਂ ਮੁੱਖ ਗੱਲ ਸਿਰਫ ਗੁਰੂ ਤੇਗ ਬਹਾਦੁਰ ਜੀ ਦੇ ਸੰਬੰਧ ਵਿਚ ਹੀ ਲਿਖੀ ਗਈ ਹੈ। ਬਾਕੀ ਗੁਰੂ ਸਾਹਿਬਾਨ ਦੀ ਆਮਦ ਦਾ ਸਿਰਫ ਚਲੰਤ ਵੇਰਵਾ ਹੀ ਦਿੱਤਾ ਗਿਆ ਹੈ। ਹਰ ਪਿੰਡ ਦੀ ਐਂਟਰੀ ਦਾ ਵਰਨਣ ਕਰਨ ਲਗਿਆਂ ਪਹਿਲਾਂ ਜਾਤੀ ਸਰਵੇਖਣ ਦੀ ਗੱਲ ਕੀਤੀ ਹੈ। ਪਿੱਛੋਂ, ਉਨ੍ਹਾਂ ਲਿਖਤਾਂ ਦਾ ਤੁਲਨਾਤਮਿਕ ਵੇਰਵਾ ਦਿੱਤਾ ਗਿਆ ਹੈ ਜਿਹੜੀਆਂ ਗੁਰੂ ਜੀ ਦੇ ਸਫ਼ਰਾਂ ਨੂੰ ਬਿਆਨ ਕਰਦੀਆਂ ਹਨ। ਇਨ੍ਹਾਂ ਪੁਸਤਕਾਂ ਦੀਆਂ ਟੂਕਾਂ ਇਸ ਕਰ ਕੇ ਦਿੱਤੀਆਂ ਹਨ ਕਿ ਪਾਠਕਾਂ ਸਾਹਮਣੇ ਮੌਜੂਦਾ ਸਰਵੇਖਣ ਅਤੇ ਮੁੱਢਲੀਆਂ ਲਿਖਤਾਂ ਦੀ ਤੁਲਨਾਤਮਿਕ ਜਾਣਕਾਰੀ ਰੱਖੀ ਜਾ ਸਕੇ। ਪਿੰਡਾਂ ਦੀ ਸਫਰ-ਲੜੀ ਸਿਰਫ ਪਿੰਡਾਂ ਦੀ ਸਥਿਤੀ ਨੂੰ ਹੀ ਮੁੱਖ ਰੱਖ ਕੇ ਬਣਾਈ ਗਈ ਹੈ। ਭਾਵ ਕਿ ਜਿਹੜੇ ਪਿੰਡ ਜਿਸ ਕਤਾਰ ਵਿਚ ਸਥਿਤੀ ਅਨੁਸਾਰ ਆਉਂਦੇ ਹਨ ਉਨ੍ਹਾਂ ਨੂੰ ਉਸੇ ਕਤਾਰ ਵਿਚ ਰੱਖਿਆ ਗਿਆ ਹੈ। ਇਹ ਗੱਲ ਨਿਸ਼ਚਤ ਨਹੀਂ ਹੈ ਕਿ ਗੁਰੂ ਸਾਹਿਬ ਵੀ ਇਸੇ ਕਤਾਰ-ਲੜੀ ਅਨੁਸਾਰ ਹੀ ਸਫ਼ਰ ਕਰਦੇ ਹੋਣਗੇ। ਇਸ ਤਰ੍ਹਾਂ ਜਾਤੀ ਤੌਰ ਤੇ ਕੀਤੇ ਗਏ ਸਰਵੇਖਣ ਦੀ ਰਿਪੋਰਟ ਅਤੇ ਮੁੱਢਲੀਆਂ ਲਿਖਤਾਂ ਦਾ ਤੁਲਨਾਤਮਿਕ ਅਤੇ ਵਿਸ਼ਲੇਸ਼ਣਾਤਮਿਕ ਅਧਿਐਨ ਪਾਠਕਾਂ ਦੇ ਸਾਹਮਣੇ ਹੈ।

ਹਵਾਲੇ ਅਤੇ ਟਿੱਪਣੀਆਂ

1. *ਸਾਖੀ ਪੋਥੀ*, ਖਾਲਸਾ ਸਮਾਚਾਰ, ਅੰਮ੍ਰਿਤਸਰ, 1962, ਪੰਨਾ 7.
2. ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਅੰਬਾਲਾ, 1884, ਪੰਨਾ 78.
3. *ਉਕਤ*, ਪੰਨੇ 15, 16 ਤੇ 18-19.
4. *ਸਾਖੀ ਪੋਥੀ*, ਪੰਨਾ 11.
5. ਫੌਜਾ ਸਿੰਘ (ਸੰ.) *ਗੁਰੂ ਤੇਗ ਬਹਾਦਰ : ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨੇ 93-94.
6. *ਉਕਤ*, ਪੰਨਾ 94.
7. *ਉਕਤ*, ਪੰਨੇ 116-117.
8. *ਉਕਤ*, ਪੰਨਾ 101.
9. ਵੇਖੋ ਡਬਲਯੂ. ਐਲ. ਐਮ. ਗਰੈਗਰ, ਦ *ਹਿਸਟਰੀ ਆਫ ਦਾ ਸਿਖਸ*, ਵਾਲਿਊਮ 1, ਲੰਡਨ. 1846, ਪੰਨਾ 115.
10. ਡਾ. ਗੰਡਾ ਸਿੰਘ ਦਾ ਲੇਖ 'ਗੁਰੂ ਨਾਨਕ ਐਂਡ ਨਾਨਕ ਪੰਥੀਜ਼' ਪੁਸਤਕ *ਸੋਰਸਜ਼ ਔਨ ਦ ਲਾਈਫ ਐਂਡ ਟੀਚਿੰਗਜ਼ ਆਫ ਗੁਰੂ ਨਾਨਕ* (ਐਨ ਇਸ਼ੂ ਆਫ ਦ *ਪੰਜਾਬ ਪਾਸਟ ਐਂਡ ਪਰੈਜੈਂਟ*), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 52.
11. *ਮਹਾਨ ਕੋਸ਼*, ਪੰਨਾ 170.
12. *ਉਕਤ*, ਪੰਨਾ 173.
13. *ਉਕਤ*, ਪੰਨਾ 504.
14. *ਉਕਤ*, ਪੰਨਾ 686.
15. ਇਹ ਗੱਲ ਮਹਿਮਾ ਪ੍ਰਕਾਸ਼ ਦੀ ਹੇਠ ਲਿਖੀ ਤੁਕ ਤੋਂ ਵੀ ਸਾਬਤ ਹੋ ਜਾਂਦੀ ਹੈ :

    ਗੁਰ ਲਖੀ ਜੰਗਲ ਕੀਆ ਪਿਆਨਾ। ਸਿਖਨ ਕੀ ਸ਼ਰਧਾ ਮਨ ਜਾਨਾ।
    ਗੁਰ ਦਰਸ਼ਨ ਸ਼ਰਧਾ ਜਿਨ-ਜਿਨ ਕੀਨਾ। ਤਹ-ਤਹ ਗਏ ਦਿਆਲ ਪ੍ਰਬੀਨਾ।

    ਸਰੂਪ ਦਾਸ ਭੱਲਾ : *ਮਹਿਮਾ ਪ੍ਰਕਾਸ਼*, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971, ਪੰਨਾ 666

3

ਪੰਜਾਬ ਵਿਚਲੇ ਪਰਚਾਰ ਦੌਰੇ

ਬਾਬਾ ਬਕਾਲਾ : 11 ਅਗਸਤ, 1664 ਈ. ਨੂੰ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ (ਨਾਨਕ) ਦੇ ਤੌਰ ਤੇ ਪਰਗਟ ਹੋਏ ਸਨ। ਇਸ ਸਮੇਂ ਆਪ ਆਪਣੇ ਨਾਨਕਾ ਘਰ ਬਾਬਾ ਬਕਾਲੇ ਵਿਖੇ ਰਹਿ ਰਹੇ ਸਨ।[1] ਇਸ ਸਮੇਂ ਭਾਈ ਮੱਖਣ ਸ਼ਾਹ ਲੁਬਾਣਾ ਉਨ੍ਹਾਂ ਦੇ ਮੁੱਖੀ ਸਿੱਖਾਂ ਵਿਚੋਂ ਇਕ ਪਰਮੁੱਖ ਸਿੱਖ ਸ਼ੀ ਜਿਸ ਨੇ ਗੁਰੂ ਤੇਗ ਬਹਾਦੁਰ ਜੀ ਨੂੰ ਗੁਰਿਆਈ ਤਿਲਕ ਲਾਉਣ ਸਮੇਂ ਬਹੁਤ ਸਰਗਰਮ ਰੋਲ ਅਦਾ ਕੀਤਾ ਸੀ। ਅਕਤੂਬਰ, 1664 ਈ. ਦੀ ਦੀਵਾਲੀ ਤਕ ਗੁਰੂ ਸਾਹਿਬ ਤਕਰੀਬਨ, ਬਾਬਾ ਬਕਾਲੇ ਹੀ ਰਹਿੰਦੇ ਰਹੇ ਭਾਵੇਂ ਕਿ ਵਿਚ ਦੀ ਕੁਝ ਇਕ ਵਾਰ ਆਪ ਕੀਰਤਪੁਰ ਸਾਹਿਬ ਵਿਖੇ ਸਵਰਗਵਾਸੀ ਗੁਰੂ ਹਰਿ ਕਰਿਸ਼ਨ ਜੀ ਅਤੇ ਸਵਰਗਵਾਸੀ ਗੁਰੂ ਹਰਿ ਰਾਇ ਜੀ ਦੇ ਪਰਿਵਾਰਾਂ ਨਾਲ ਅਫਸੋਸ ਸਾਂਝਾ ਕਰਨ ਲਈ ਆਉਂਦੇ ਰਹੇ ਸਨ।

ਬਾਬਾ ਬਕਾਲਾ ਵਿਖੇ ਗੁਰੂ ਤੇਗ ਬਹਾਦਰ ਜੀ ਆਪਣੇ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਦੇ ਅਕਾਲ ਚਲਾਣੇ (1645 ਈ.) ਸਮੇਂ ਹੀ ਆ ਗਏ ਸਨ ਅਤੇ ਉਸ ਸਮੇਂ ਤੋਂ ਲੈ ਕੇ ਗੁਰਿਆਈ ਧਾਰਨ ਕਰਨ, ਤਕਰੀਬਨ 20 ਸਾਲਾਂ ਦੇ ਸਮੇਂ ਤਕ, ਇੱਥੇ ਹੀ ਰਹਿੰਦੇ ਰਹੇ ਸਨ। ਇਸ ਲਈ ਬਾਬਾ ਬਕਾਲਾ ਵਿਖੇ ਆਪ ਜੀ ਨਾਲ ਸੰਬੰਧਿਤ ਅਨੇਕਾਂ ਅਸਥਾਨ ਅਤੇ ਅਨੇਕਾਂ ਰਵਾਇਤਾਂ ਪਰਚਲਤ ਹਨ। ਅੱਜ ਕੱਲ੍ਹ ਆਪ ਜੀ ਦੀ ਰਿਹਾਇਸ਼ ਵਾਲੀ ਥਾਂ ਤੇ ਦੋ ਆਲੀਸ਼ਾਨ ਗੁਰਦੁਆਰੇ ਸਥਾਪਤ ਹਨ : ਇਕ ਸਿਰੀ ਦਰਬਾਰ ਸਾਹਿਬ ਅਤੇ ਦੂਸਰਾ ਭੋਰਾ ਸਾਹਿਬ। ਗੁਰਦੁਆਰਾ ਭੋਰਾ ਸਾਹਿਬ ਵਾਲੀ ਥਾਂ ਤੇ ਆਪ ਅਕਾਲ ਪੁਰਖ ਦਾ ਸਿਮਰਨ ਕਰਦਿਆਂ ਸਮਾਧੀ ਲਗਾ ਕੇ ਬੈਠਿਆ ਕਰਦੇ ਸਨ। ਇਨ੍ਹਾਂ ਦੋ ਗੁਰਦੁਆਰਿਆਂ ਤੋਂ ਇਲਾਵਾ ਇੱਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਵੀ ਗੁਰਦੁਆਰੇ ਹਨ।

ਸਠਿਆਲਾ : ਸਠਿਆਲਾ, ਬਾਬਾ ਬਕਾਲਾ ਤੋਂ ਤਿੰਨ ਮੀਲ ਉੱਤਰ ਵੱਲ ਹੈ। ਗੁਰੂ ਤੇਗ ਬਹਾਦੁਰ ਜੀ ਬਾਬਾ ਬਕਾਲਾ ਵਿਖੇ ਰਹਿੰਦੇ ਹੋਏ ਹੀ ਅਕਸਰੇ ਇੱਥੇ ਆਇਆ ਕਰਦੇ ਸਨ। ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਸਸ਼ੋਭਤ ਹੈ। ਦੋ ਹੋਰ ਗੁਰਦੁਆਰੇ, ਬੁੰਗਾ ਸਾਹਿਬ ਅਤੇ ਗੁਰਦੁਆਰਾ ਨਾਨਕਸਰ ਵੀ ਇੱਥੇ ਸਥਾਪਤ ਹਨ। ਭਾਈ ਕਾਨ੍ਹ ਸਿੰਘ ਨੇ ਇਸ ਬਾਰੇ ਇਉਂ ਲਿਖਿਆ ਹੈ; "ਸਠਿਆਲਾ-ਇਕ ਪਿੰਡ ਜੋ ਜਿਲਾ ਤਸੀਲ ਅੰਮ੍ਰਿਤਸਰ ਵਿਚ ਹੈ। ਇੱਥੇ ਸ਼੍ਰੀ ਗੁਰੂ ਹਰਿਗੋਬਿੰਦ ਜੀ ਤੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ ਵਿਰਾਜਣ ਦੇ ਦੋ ਪਵਿੱਤਰ ਅਸਥਾਨ ਹਨ।"[2]

ਕਾਲੇਕੇ : ਪਿੰਡ ਕਾਲੇਕੇ, ਬਾਬਾ ਬਕਾਲਾ ਤੋਂ ਸਿੱਧਾ ਤਿੰਨ ਮੀਲ ਹੈ ਪਰ ਸਿੱਧਾ ਰਾਹ ਨਾ ਹੋਣ ਕਰ ਕੇ ਰਈਆ ਅਤੇ ਫਤੂਵਾਲ ਵਿਚੋਂ ਦੀ ਹੋ ਕੇ ਜਾਣਾ ਪੈਂਦਾ ਹੈ। ਇਸ ਤਰ੍ਹਾਂ ਰਸਤਾ ਕੁਝ

ਲੰਮੇਰਾ ਬਣ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੇ ਇੱਥੇ ਆਉਣ ਦੀ ਰਵਾਇਤ ਹੈ ਪਰ ਜਿਹੜਾ ਇੱਥੇ ਗੁਰਦੁਆਰਾ ਹੈ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਹੈ। ਇਹ ਗੱਲ ਇਕ ਹੈਰਾਨੀ ਜਿਹੀ ਪੈਦਾ ਕਰਦੀ ਹੈ। ਸਾਡੇ ਇੱਥੇ ਸਰਵੇਖਣ ਸਮੇਂ ਇਹ ਗੁਰਦੁਆਰਾ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਸੀ ਪਰ ਪਿੱਛੋਂ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਦਲ ਦਿੱਤਾ ਗਿਆ ਸੀ।

ਸ੍ਰੀ ਅੰਮ੍ਰਿਤਸਰ : ਗੁਰੂ ਤੇਗ ਬਹਾਦੁਰ ਜੀ ਨੇ ਬਾਬਾ ਬਕਾਲਾ ਤੋਂ ਅੰਮ੍ਰਿਤਸਰ ਪਹੁੰਚਣ ਦਾ ਪਰੋਗਰਾਮ ਬਣਾਇਆ ਸੀ ਤਾਂ ਕਿ ਗੁਰਗੱਦੀ ਧਾਰਨ ਕਰਨ ਉਪਰੰਤ ਸਿੱਖ ਧਰਮ ਦੇ ਪਰਮੁੱਖ ਅਸਥਾਨਾਂ ਉੱਪਰ ਜਾ ਕੇ ਉੱਥੋਂ ਦੀਆਂ ਸਿੱਖ ਸੰਗਤਾਂ ਨੂੰ ਧਰਵਾਸ ਦਿੱਤਾ ਜਾਵੇ। ਗੁਰੂ ਸਾਹਿਬ ਬਾਬਾ ਬਕਾਲਾ ਤੋਂ ਚੱਲ ਕੇ ਕਾਲੇਕੇ ਆਦਿ ਪਿੰਡਾਂ ਵਿਚੋਂ ਦੀ ਹੁੰਦੇ ਹੋਏ 22 ਨਵੰਬਰ, 1664 ਈ. ਨੂੰ ਅੰਮ੍ਰਿਤਸਰ ਪਹੁੰਚੇ ਸਨ।[3] ਅੰਮ੍ਰਿਤਸਰ ਪਹੁੰਚਣ ਤੇ ਗੁਰੂ ਜੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗਏ। ਪਰਚਲਤ ਸਿੱਖ ਰਵਾਇਤ ਅਨੁਸਾਰ, ਗੁਰੂ ਜੀ ਦੇ ਇੱਥੇ ਪਹੁੰਚਣ ਤੇ, ਇੱਥੋਂ ਦੇ ਪੁਜਾਰੀਆਂ[4] ਨੇ ਵੀ ਦਰਬਾਰ ਸਾਹਿਬ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਸਨ ਅਤੇ ਗੁਰੂ ਸਾਹਿਬ ਅਕਾਲ ਤਖ਼ਤ ਦੇ ਨਾਲ ਲਗਵੇਂ ਇਕ ਅਸਥਾਨ ਤੇ ਬੈਠ ਗਏ ਸਨ। ਇਸ ਅਸਥਾਨ ਤੇ ਅੱਜ ਕੱਲ ਗੁਰਦੁਆਰਾ ਥੜ੍ਹਾ ਸਾਹਿਬ ਸਸ਼ੋਭਤ ਹੈ।[5] ਪਰ ਗੁਰੂ ਦੀਆਂ ਸਾਖੀਆਂ ਵਿਚ ਇਸ ਦੇ ਬਿਲਕੁਲ ਉਲਟ ਗੱਲ ਦੱਸੀ ਗਈ ਹੈ। ਇਸ ਅਨੁਸਾਰ "ਕੁੱਛ ਦਿਹੁੰ ਬਕਾਲਾ ਗਾਂਵ ਮੇਂ ਨਿਵਾਸ ਕਰ ਕੇ ਅੰਮ੍ਰਿਤਸਰ ਜਾਨੇ ਕੀ ਤਿਆਰੀ ਕੀ। ਗੁਰੂ ਜੀ ਬਕਾਲਾ ਸੇ ਚਲੇ ਸਨ। ਮੱਘਰ ਮਾਸ ਕੀ ਪੂਰਨਿਮਾਂ ਕੇ ਦਿਹੁੰ ਗੁਰੂ ਰਾਮਦਾਸ ਜੀ ਕੀ ਨਗਰੀ ਗੁਰੂ ਚੱਕ ਮੇਂ ਆਏ ਪਹੁੰਚੇ। ਸਤਿਗੁਰੂ, ਪਿਤਾ ਗੁਰੂ ਜੀ ਕੇ ਅਸਥਾਨ ਅਕਾਲ ਬੁੰਗੇ ਕੇ ਪਾਸ ਜਾਇ ਡੇਰਾ ਕੀਆ। ਸਿੱਖ ਸੰਗਤਾਂ ਗੁਰੂ ਤੇਗ ਬਹਾਦੁਰ ਜੀ ਕਾ ਗੁਰੂ ਕੀ ਨਗਰੀ ਆਨਾ ਸੁਨ ਦਰਸ਼ਨ ਪਾਨੇ ਆਈਆਂ। ਬਾਬਾ ਹਰਿ ਜੀ ਬੇਟੇ ਕੰਵਲ ਨੈਨ ਕੋ ਗੈਲ ਲੈ ਕੇ ਆਇ ਪਰਸਪਰ ਆਪਸ ਮੇਂ ਚਰਨਬੰਦਨਾ ਕਰ ਕੇ ਇਕ ਦੂਜੇ ਸੇ ਕੁਸਲ ਖੇਮ ਪੂਛੀ। ਗੁਰੂ ਜੀ ਨੇ ਮੱਖਣ ਸ਼ਾਹ ਆਦਿ ਮੁੱਖੀ ਸਿੱਖਾਂ ਕੋ ਗੈਲ ਲੈ ਸ਼੍ਰੀ ਹਰਿਮੰਦਰ ਜੀ ਕਾ ਦਰਸ਼ਨ ਪਾਇਆ। ਅਗਲੇ ਦਿਵਸ ਏਕਮ ਕੇ ਦਿਹੁੰ ਸੁਧਾ ਸਰੋਵ ਸੇ ਚਲ ਕਰ ਵੱਲੇ ਵੇਰਕਾ ਆਇ ਗਏ।"[6]

ਵੇਰਕਾ : ਵੇਰਕਾ ਇਸ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਵਿਚ ਹੀ ਰਲ ਗਿਆ ਹੈ ਪਰ ਪਹਿਲਾਂ ਇਹ ਇਕ ਅਲੱਗ ਪਿੰਡ ਹੁੰਦਾ ਸੀ। ਇੱਥੇ ਮੁੱਖ ਤੌਰ ਤੇ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ ਪਰ ਗੁਰੂ ਤੇਗ ਬਹਾਦੁਰ ਜੀ ਵੀ ਅੰਮ੍ਰਿਤਸਰ ਆਉਣ ਵੇਲੇ ਇੱਥੇ ਆਏ ਸਨ ਭਾਵੇਂ ਕਿ ਉਨ੍ਹਾਂ ਦੀ ਯਾਦ ਵਿਚ ਕੋਈ ਗੁਰਦੁਆਰਾ ਨਹੀਂ ਹੈ।

ਵੱਲਾ : ਪਿੰਡ ਵੱਲਾ, ਅੰਮ੍ਰਿਤਸਰ ਤੋਂ ਉੱਤਰ ਵੱਲ ਚਾਰ ਕੁ ਮੀਲ ਦੀ ਵਿੱਥ ਤੇ ਸਥਿਤ ਹੈ। ਸਥਾਨਕ ਰਵਾਇਤਾਂ ਮੁਤਾਬਕ ਇੱਥੇ ਮਾਤਾ ਹਰੋਂ ਜੀ ਸਿੱਖ ਧਰਮ ਦੀ ਪਰਚਾਰਕ ਸੀ। ਉਸੇ ਦੀ ਬੇਨਤੀ 'ਤੇ ਹੀ ਗੁਰੂ ਸਾਹਿਬ ਇੱਥੇ ਆਏ ਸਨ। ਗੁਰੂ ਜੀ ਪਹਿਲਾਂ ਪਹਿਲਾਂ ਪਿੰਡ ਤੋਂ ਅੱਧਾ ਕੁ ਮੀਲ ਬਾਹਰਵਾਰ ਰੇਲਵੇ ਲਾਈਨ ਵੱਲ, ਗੁਰਦੁਆਰਾ ਦਮਦਮਾ ਸਾਹਿਬ ਵਾਲੀ ਥਾਂ ਤੇ ਬੈਠੇ ਸਨ। ਇੱਥੋਂ ਮਾਤਾ ਹਰੋਂ ਜੀ ਦੀ ਅਗਵਾਈ ਹੇਠ ਪਿੰਡ ਦੀਆਂ ਸੰਗਤਾਂ ਗੁਰੂ ਜੀ ਨੂੰ ਪਿੰਡ ਅੰਦਰ ਲੈ ਗਈਆਂ। ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਨੇ ਪਿੰਡ ਦੀ ਸੇਵਾ-ਭਾਵਨਾ ਤੋਂ ਖੁਸ਼ ਹੋ ਕੇ ਵਰ ਦਿੱਤਾ ਸੀ ਕਿ "ਵੱਲਾ ਗੁਰੂ ਕਾ ਗੱਲਾ", ਪਿੱਛੋਂ ਇਸ ਥਾਂ ਤੇ ਇਕ ਪੱਕਾ ਕੋਠਾ ਬਣਾ ਦਿੱਤਾ

ਗਿਆ ਸੀ। ਇਸ ਕਰ ਕੇ ਇਸ ਦਾ ਨਾਂ ਗੁਰਦੁਆਰਾ ਕੋਠਾ ਸਾਹਿਬ ਹੈ।[7]

ਘੂਕੇਵਾਲੀ (ਗੁਰੂ ਕਾ ਬਾਗ) : ਪਿੰਡ ਘੂਕੇ ਵਾਲੀ, ਜਿੱਥੇ ਕਿ ਗੁਰਦੁਆਰਾ ਗੁਰੂ ਕਾ ਬਾਗ ਸਥਿਤ ਹੈ, ਅੰਮ੍ਰਿਤਸਰ ਤੋਂ ਤਕਰੀਬਨ ਬਾਰਾਂ ਮੀਲ ਉੱਤਰ-ਪੱਛਮ ਵੱਲ ਹੈ। ਅੰਮ੍ਰਿਤਸਰ-ਅਜਨਾਲਾ ਸੜਕ ਤੇ ਸਥਿਤ ਕੁੱਕੜਾਂ ਵਾਲੇ ਪਿੰਡ ਤੋਂ ਉੱਤਰ ਵੱਲ ਸਿਰਫ ਚਾਰ ਕੁ ਮੀਲ ਦੀ ਵਿੱਥ 'ਤੇ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਆਏ ਸਨ। ਗੁਰੂ ਜੀ ਦੀ ਯਾਦ ਵਾਲੀ ਇਕ ਜਗਾਹ ਪਿੰਡ ਦੇ ਅੰਦਰ ਹੈ ਅਤੇ ਇਕ ਜਗਾਹ ਪਿੰਡ ਦੇ ਬਾਹਰ ਵਾਰ ਗੁਰੂ ਕੇ ਬਾਗ ਵਿਚ ਹੈ। ਗੁਰੂ ਕੇ ਬਾਗ ਵਿਚ ਗੁਰੂ ਤੇਗ ਬਹਾਦਰ ਜੀ ਨੇ ਇਕ ਖੂਹ ਵੀ ਲਗਵਾਇਆ ਸੀ ਜਿਹੜਾ ਕਿ ਲੰਗਰ ਦੀ ਪੁਰਾਣੀ ਬਿਲਡਿੰਗ ਦੇ ਬਿਲਕੁਲ ਦਰਵਾਜ਼ੇ ਦੇ ਕੋਲ ਸੀ। ਇਸ ਖੂਹ ਦੇ ਅੰਦਰਲੇ ਪਾਸੇ ਗੁਰੂ ਜੀ ਦੇ ਆਪਣੇ ਸਮੇਂ ਦਾ ਇਕ ਪੱਥਰ ਲਗਿਆ ਹੋਇਆ ਹੈ। ਇਸ ਪੱਥਰ ਉੱਪਰ ਲਿਖਿਆ ਹੋਇਆ ਹੈ "ਟਹਿਲ ਕਰਵਾਈ ਗੁਰੂ ਤੇਗ ਬਹਾਦੁਰ ਜੀ"। ਪਹਿਲਾਂ ਇੱਥੇ ਗੁਰੂ ਅਰਜਨ ਦੇਵ ਜੀ ਆਏ ਸਨ। ਇੱਥੇ ਉਨ੍ਹਾਂ ਨੇ ਕਾਫੀ ਜ਼ਮੀਨ ਮੁੱਲ ਖ਼ਰੀਦੀ ਸੀ। ਪਿੱਛੋਂ ਜਦੋਂ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ ਤਾਂ ਜਿਵੇਂ ਕਿ ਉੱਪਰ ਲਿਖਿਆ ਜਾ ਚੁਕਿਆ ਹੈ ਕਿ ਉਨ੍ਹਾਂ ਨੇ ਇਕ ਖੂਹ ਵੀ ਲਗਵਾਇਆ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਜ਼ਮੀਨ ਵਿਚ ਬਾਗ ਵੀ ਲਗਵਾਇਆ ਸੀ ਜਿਸ ਕਰ ਕੇ ਇਸ ਨੂੰ ਗੁਰੂ ਕਾ ਬਾਗ ਕਰ ਕੇ ਹੀ ਜਾਣਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇੱਥੇ ਗੁਰਦੁਆਰਾ ਬਣਵਾਇਆ ਅਤੇ ਕਾਫੀ ਜ਼ਮੀਨ ਹੋਰ ਲਗਵਾਈ। 1920-21 ਵਿਚ ਇਸ ਗੁਰੂ ਕੇ ਬਾਗ ਵਿਚ ਅੰਗਰੇਜ਼ ਸਰਕਾਰ ਨੇ ਸਿੱਖਾਂ ਨੂੰ ਲੱਕੜੀਆਂ ਕੱਟਣ ਤੋਂ ਰੋਕ ਦਿੱਤਾ ਸੀ ਜਿਸ ਕਰ ਕੇ ਇੱਥੇ ਸਿੱਖਾਂ ਨੂੰ ਬਹੁਤ ਤਕੜਾ ਮੋਰਚਾ ਲਾਉਣਾ ਪਿਆ ਸੀ।[8]

ਖੇਮਕਰਨ : ਖੇਮਕਰਨ ਕਸਬਾ, ਅੰਮ੍ਰਿਤਸਰ ਜ਼ਿਲੇ ਵਿਚ ਪਾਕਿਸਤਾਨ ਦੀ ਬਿਲਕੁਲ ਹੱਦ ਉੱਪਰ ਸਥਿਤ ਹੈ। ਇੱਥੇ ਪਹਿਲਾਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਆਏ ਸਨ ਜਿਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਥੰਮ ਸਾਹਿਬ ਕਸਬੇ ਦੇ ਅੰਦਰ ਸਥਿਤ ਹੈ। ਪਿੱਛੋਂ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ। ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਖੇਮਕਰਨ ਕਸਬੇ ਤੋਂ ਬਿਲਕੁਲ ਬਾਹਰ ਵਾਰ ਚੜ੍ਹਦੇ ਵੱਲ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਤਰਨ-ਤਾਰਨ, ਖਡੂਰ ਸਾਹਿਬ ਅਤੇ ਗੋਇੰਦਵਾਲ ਤੋਂ ਹੁੰਦੇ ਹੋਏ ਇੱਥੇ ਪਹੁੰਚੇ ਸਨ। ਖੇਮਕਰਨ ਦਾ ਚੌਧਰੀ ਰਘੁਪਤ ਰਾਇ ਗੁਰੂ ਘਰ ਦਾ ਸ਼ਰਧਾਲੂ ਸੀ। ਇਸ ਦੀ ਬੇਨਤੀ ਤੇ ਹੀ ਗੁਰੂ ਸਾਹਿਬ ਇੱਥੇ ਆਏ ਸਨ। ਗੁਰੂ ਦੀਆਂ ਸਾਖੀਆਂ ਵਿਚ ਲਿਖਿਆ ਹੈ, "ਭਾਈ ਰਘੁਪਤ ਰਾਇ ਨਿਝਰ ਖੇਮਕਰਨੀਆਂ ਆਪਣੇ ਬੇਟੇ ਮੂਲਚੰਦ ਕੇ ਸਾਥ ਅਮਾਵਸ ਕੇ ਮੇਲੇ ਤੇ (ਗੋਇੰਦਵਾਲ ਸਾਹਿਬ) ਆਇਆ ਹੋਇਆ ਸੀ। ਗੁਰੂ ਜੀ ਅੱਗੇ ਬਿਨੇ ਕਰ ਕੇ ਆਪਣੀ ਨਗਰੀ ਖੇਮਕਰਨ ਮੇਂ ਲੈ ਆਇਆ। ਯਹਾਂ ਗਾਉਂ ਕੀ ਸੰਗਤ ਨੇ ਬੜੀ ਟਹਿਲ ਕੀ, ਪੰਦਰਾਂ ਦਿਵਸ ਸਤਿਗੁਰੂ ਜੀ ਇਸ ਨਗਰੀ ਮੇਂ ਰਹੇ। ਭਾਈ ਰਘੁਪਤ ਰਾਇ ਨੇ ਏਕ ਸੁੰਦਰ ਘੋੜੀ ਗੁਰੂ ਜੀ ਕੀ ਅਸਵਾਰੀ ਕੇ ਲੀਏ ਭੇਂਟਾ ਕੀ।"[9] ਭਾਈ ਕਾਨ੍ਹ ਸਿੰਘ ਨਾਭਾ ਵੀ ਲਗਭਗ ਇਸੇ ਤਰ੍ਹਾਂ ਲਿਖਦੇ ਹਨ : "ਖੇਮਕਰਨ ਤੋਂ ਦੱਖਣ ਵੱਲ ਗੁਰੂ ਤੇਗ ਬਹਾਦੁਰ ਸਾਹਿਬ ਦਾ ਗੁਰਦੁਆਰਾ ਗੁਰੂਸਰ ਹੈ। ਇਹ ਪਹਿਲਾਂ ਸਾਧਾਰਣ ਜਿਹਾ ਦਰਬਾਰ ਸੀ। ਹੁਣ ਸੰਮਤ 1960 (ਸੰਨ 1903) ਤੋਂ ਲਾਲਾ ਕਾਸ਼ੀ ਰਾਮ ਰਈਸ ਫਿਰੋਜ਼ਪੁਰ ਨੇ ਦਰਬਾਰ ਅਤੇ ਰਿਹਾਇਸ਼ੀ ਮਕਾਨਾਂ ਦੀ ਸੇਵਾ ਕਰਾਈ ਹੈ। ਮਹੰਤ ਨਿਰਮਲਾ ਹੈ। ਹਾੜ ਦੀ ਪੂਰਨਮਾਸ਼ੀ ਨੂੰ ਮੇਲਾ ਲਗਦਾ ਹੈ। ਇਹ

ਅਸਥਾਨ ਰੇਲਵੇ ਸਟੇਸ਼ਨ ਤੋਂ ਅਗਨੀ ਕੋਣ (ਦੱਖਣ) ਦੋ ਫਰਲਾਂਗ ਦੇ ਕਰੀਬ ਹੈ।"[10]

ਚੋਲ੍ਹਾ : ਪਿੰਡ ਚੋਲ੍ਹਾ, ਪੱਟੀ ਤੋਂ ਸਰਹਾਲੀ ਕਲਾਂ ਰਾਹੀਂ ਦੱਖਣ ਵੱਲ ਬਾਰਾਂ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ। ਪਹਿਲਾਂ ਇਸ ਪਿੰਡ ਦਾ ਨਾਂ ਭੈਣੀ ਸੀ। ਇੱਥੇ ਪਹਿਲਾਂ ਪਹਿਲ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਆਏ ਸਨ। ਇੱਥੇ ਗੁਰਦੁਆਰਾ ਵੀ ਉਨ੍ਹਾਂ ਦੀ ਹੀ ਯਾਦ ਵਿਚ ਹੈ। ਇੱਥੋਂ ਦੀ ਇਕ ਮਾਈ ਬਹੁਤ ਹੀ ਵਧੀਆ ਖਾਣਾ ਤਿਆਰ ਕਰ ਕੇ ਗੁਰੂ ਜੀ ਲਈ ਲੈ ਕੇ ਆਈ ਸੀ। ਇਸ ਖਾਣੇ ਨੂੰ ਚੋਲ੍ਹਾ ਕਿਹਾ ਜਾਂਦਾ ਸੀ। ਇਸੇ ਕਰ ਕੇ ਹੀ ਇਸ ਪਿੰਡ ਦਾ ਨਾਂ ਚੋਲ੍ਹਾ ਪਰਚਲਤ ਹੋ ਗਿਆ।[11] ਸਰੂਪ ਸਿੰਘ ਕੋਸ਼ਿਸ ਇੱਥੇ ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਵੀ ਗੱਲ ਕਰਦਾ ਹੈ : "ਨਦੀ ਬਿਆਸ ਕੇ ਕਿਨਾਰੇ ਚੋਲ੍ਹਾ ਨਗਰੀ ਮੇਂ ਪਹੁੰਚ ਕੇ ਕੁਝ ਦਿਵਸ ਭਾਈ ਹੀਰੇ ਵਾਢੀ ਕੇ ਘਰ ਗੁਜ਼ਾਰ ਕੇ ਆਗੇ ਜਾਨੇ ਕੀ ਤਿਆਰੀ ਕੀ।"[12] ਸਥਾਨਕ ਰਵਾਇਤ ਅਨੁਸਾਰ ਗੁਰੂ ਤੇਗ ਬਹਾਦੁਰ ਜੀ ਇੱਥੇ ਖੇਮਕਰਨ ਤੋਂ ਵਾਪਸ ਆਉਂਦੇ ਹੋਏ ਠਹਿਰੇ ਸਨ।

ਕਰਤਾਰਪੁਰ : ਕਰਤਾਰਪੁਰ ਦੁਆਬੇ ਦਾ ਇਕ ਮਸ਼ਹੂਰ ਸਨਅਤੀ ਸ਼ਹਿਰ ਹੈ। ਇਸ ਨੂੰ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ। ਗੁਰੂ ਹਰਿ ਗੋਬਿੰਦ ਸਾਹਿਬ ਨੇ ਇੱਥੇ ਮੁਗਲ ਫੌਜਾਂ ਨਾਲ ਲੜਾਈ ਕੀਤੀ ਸੀ। ਗੁਰੂ ਤੇਗ ਬਹਾਦੁਰ ਜੀ ਦਾ ਸੰਬੰਧ ਇਸ ਅਸਥਾਨ ਨਾਲ ਬਚਪਨ ਤੋਂ ਹੀ ਸੀ। ਆਪ ਆਪਣੇ ਪਿਤਾ ਗੁਰੂ ਨਾਲ ਕਰਤਾਰਪੁਰ ਦੀ ਲੜਾਈ ਵਿਚ ਵੀ ਸ਼ਾਮਲ ਸਨ। ਪਿੱਛੋਂ ਆਪ ਦਾ ਮਾਤਾ ਗੁਜਰੀ ਜੀ ਨਾਲ ਵਿਆਹ ਵੀ ਇੱਥੇ ਹੀ ਹੋਇਆ ਸੀ। ਕਰਤਾਰਪੁਰ ਦੇ ਮਾਤਾ ਗੁਜਰੀ ਮਹੱਲੇ (ਪੁਰਾਣਾ ਨਾਂ ਰਬਾਬੀਆਂ ਦਾ ਮਹੱਲਾ) ਵਿਚ-'ਗੁਰਦੁਆਰਾ ਵਿਵਾਹ-ਅਸਥਾਨ' ਹੈ। ਗੁਰੂ ਦੇ ਤੌਰ ਤੇ ਪਰਗਟ ਹੋਣ ਉਪਰੰਤ ਵੀ ਗੁਰੂ ਤੇਗ ਬਹਾਦੁਰ ਜੀ ਇੱਥੇ ਅਕਸਰ ਆਉਂਦੇ ਰਹਿੰਦੇ ਸਨ।[13]

ਪਲਾਹੀ ਨਗਰ : ਇਹ ਅਸਥਾਨ ਫਗਵਾੜੇ ਤੋਂ ਪੰਜ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇੱਥੇ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਜੀ ਵੀ ਆ ਚੁੱਕੇ ਸਨ। ਗੁਰੂ ਤੇਗ ਬਹਾਦਰ ਜੀ ਇੱਥੇ ਗੁਰੂ ਬਣਨ ਤੋਂ ਪਹਿਲਾਂ ਵੀ ਰਹਿੰਦੇ ਰਹੇ ਸਨ ਅਤੇ ਗੁਰੂ ਬਣਨ ਤੋਂ ਪਿੱਛੋਂ ਵੀ ਇੱਥੇ ਆਉਂਦੇ ਰਹੇ ਸਨ।[14]

ਹਕੀਮਪੁਰ : ਪਿੰਡ ਹਕੀਮਪੁਰ, ਪਿੰਡ ਚੱਕ ਗੁਰੂ ਤੋਂ ਛੇ ਕਿਲੋਮੀਟਰ ਅਤੇ ਬੰਗਾ ਤੋਂ ਅੱਠ ਕਿਲੋਮੀਟਰ ਦੀ ਵਿੱਥ 'ਤੇ ਹੈ। ਪਹਿਲਾਂ ਇੱਥੋਂ ਗੁਰੂ ਨਾਨਕ ਦੇਵ ਜੀ, ਗੁਰੂ ਹਰਿ ਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਜੀ ਵੀ ਰਹਿ ਚੁੱਕੇ ਸਨ। ਗੁਰੂ ਤੇਗ ਬਹਾਦੁਰ ਜੀ ਵੀ ਕਾਫੀ ਸਮਾਂ ਪਰਿਵਾਰ ਸਮੇਤ ਇੱਥੇ ਠਹਿਰੇ ਸਨ। ਸਥਾਨਕ ਰਵਾਇਤਾਂ ਅਨੁਸਾਰ ਗਰੂ ਤੇਗ ਬਹਾਦਰ ਜੀ ਇੱਥੇ ਪੱਕੀ ਰਿਹਾਇਸ਼ ਸਥਾਪਤ ਕਰਨਾ ਚਾਹੁੰਦੇ ਸਨ ਪਰ ਇਹ ਗੱਲ ਨਾ ਹੋ ਸਕੀ। ਇੱਥੇ ਹੀ ਬੰਦਾ ਸਿੰਘ ਬਹਾਦੁਰ ਦੀ ਸੁਪਤਨੀ ਮਾਤਾ ਰਾਜ ਕੌਰ ਜੀ ਦਾ ਸੰਸਕਾਰ ਕੀਤਾ ਗਿਆ ਸੀ ਜਿਨ੍ਹਾਂ ਦੀ ਸਮਾਧੀ ਨਵੀਂ ਬਿਲਡਿੰਗ ਵਿਚ ਆ ਚੁਕੀ ਹੈ।[15]

ਚੱਕ ਗੁਰੂ : ਚੱਕ ਗੁਰੂ ਬੰਗਾ ਤੋਂ ਫਗਵਾੜੇ ਵੱਲ ਤੇਰਾਂ ਕਿਲੋਮੀਟਰ ਦੀ ਵਿੱਥ 'ਤੇ ਹੈ। ਬੰਗਾ-ਫਗਵਾੜਾ ਸੜਕ ਉੱਪਰ ਨੌਵੇਂ ਕਿਲੋਮੀਟਰ 'ਤੇ ਸਥਿਤ ਪਿੰਡ ਬਹਿਰਾਮਪੁਰ ਤੋਂ ਲਿੰਕ ਰੋਡ ਜਾਂਦੀ ਹੈ। ਇਸ ਦੇ ਲਾਗੇ ਰਾਮੂ ਕਾ ਚੱਕ, ਸਰਾਲਾ ਅਤੇ ਭਰੋਮਾਜਰਾ ਆਦਿ ਪਿੰਡ ਹਨ। ਇੱਥੇ ਗੁਰੂ ਤੇਗ ਬਹਾਦੁਰ ਜੀ ਪਰਿਵਾਰ ਸਮੇਤ ਆਏ ਸਨ। ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਗੁਰ ਪਲਾਹ ਸਾਹਿਬ ਹੈ। ਗੁਰਦੁਆਰਾ ਸਾਹਿਬ ਦੇ ਉੱਤਰ ਵੱਲ ਇਕ ਖੂਹ ਹੈ ਜਿਸ ਨੂੰ ਮਾਤਾ ਗੁਜਰੀ

ਜੀ ਦਾ ਖੂਹ ਕਿਹਾ ਜਾਂਦਾ ਹੈ। ਇੱਥੇ ਗੁਰੂ ਸਾਹਿਬ ਕਾਫੀ ਦਿਨ ਠਹਿਰੇ ਦੱਸੇ ਜਾਂਦੇ ਹਨ।

ਨਵਾਂ ਸ਼ਹਿਰ : ਗੁਰੂ ਤੇਗ ਬਹਾਦੁਰ ਜੀ ਦੀ ਨਵਾਂ ਸ਼ਹਿਰ ਵਿਖੇ ਆਉਣ ਦੀ ਗਵਾਹੀ ਇੱਥੇ ਦਾ ਗੁਰਦੁਆਰਾ ਪਾਤਸ਼ਾਹੀ ਨੌਵੀਂ ਦੇ ਰਿਹਾ ਹੈ ਜਿਹੜਾ ਅੱਜ ਕੱਲ ਨਿਹੰਗ ਸਿੰਘਾ ਦੇ ਪਰਬੰਧ ਹੇਠ ਹੈ। ਨਵਾਂ ਸ਼ਹਿਰ ਵਿਖੇ ਇਕ ਮਾਈ ਸਿੱਖ ਧਰਮ ਦਾ ਪਰਚਾਰ ਕਰਦੀ ਹੁੰਦੀ ਸੀ। ਇਸ ਮਾਈ ਨੇ ਇਲਾਕੇ ਦੀਆਂ ਬੀਬੀਆਂ ਨੂੰ ਇਕੱਠਿਆਂ ਕਰ ਕੇ ਗੁਰੂ ਸਾਹਿਬ ਨੂੰ ਆਉਣ ਦੀ ਬੇਨਤੀ ਕੀਤੀ ਸੀ।

ਦੁਰਗਾਪੁਰ : ਪਿੰਡ ਦੁਰਗਾਪੁਰ ਨਵਾਂ ਸ਼ਹਿਰ ਦੇ ਨਾਲ ਲਗਵਾਂ ਹੀ ਹੈ। ਇੱਥੇ ਪਹਿਲਾਂ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੀ ਆ ਚੁੱਕੇ ਸਨ। ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਵੀ ਰਵਾਇਤ ਹੈ। ਇਸ ਗੁਰਦੁਆਰੇ ਦੀ ਸੇਵਾ ਬਾਬਾ ਰਾਮ ਸਿੰਘ ਜੀ ਨਾਮਧਾਰੀ ਮੁੱਖੀ ਨੇ ਵੀ ਕੀਤੀ ਸੀ। ਭਾਈ ਕਾਨ੍ਹ ਸਿੰਘ ਨੇ ਇਸ ਬਾਰੇ ਇਉਂ ਲਿਖਿਆ ਹੈ: "ਦੁਰਗਾਪੁਰ ਜਿਲਾ ਜਲੰਧਰ, ਤਸੀਲ ਨਵਾਂ ਸ਼ਹਿਰ, ਥਾਣਾ ਰਾਹੋਂ ਦਾ ਇਕ ਪਿੰਡ ਜੋ ਰੇਲਵੇ ਸਟੇਸ਼ਨ ਨਵਾਂ ਸ਼ਹਿਰ ਤੋਂ ਡੇਢ ਮੀਲ ਪੂਰਵ ਹੈ। ਇਸ ਪਿੰਡ ਤੋਂ ਲਹਿੰਦੇ ਵੱਲ ਪਾਸ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਗੁਰੂ ਜੀ ਜੀਂਦੋਵਾਲ ਤੋਂ ਕੀਰਤਪੁਰ ਜਾਂਦੇ ਹੋਏ ਇੱਥੇ ਠਹਿਰੇ ਸਨ। ਪਹਿਲਾਂ-ਪਹਿਲਾਂ ਗੁਰੂ ਜੀ ਦੇ ਬੈਠਣ ਵਾਲੀ ਥਾਂ ਸਾਧਾਰਣ ਜਿਹਾ ਨਿਸ਼ਾਨ ਸੀ। ਸੰਮਤ 1920 ਵਿਚ ਗੁਰਸਿੱਖਾਂ ਨੇ ਗੁਰਦੁਆਰਾ ਬਣਾਇਆ ਹੈ। ਬਾਬਾ ਰਾਮ ਸਿੰਘ ਜੀ ਭੈਣੀ ਵਾਲੇ ਨਾਮਧਾਰੀਏ ਦੀ ਪ੍ਰੇਰਣਾ ਨਾਲ ਦਸ ਘੁੰਮਾਉ ਜ਼ਮੀਨ ਵੀ ਗੁਰਦੁਆਰੇ ਨਾਲ ਪਿੰਡ ਨੇ ਲਾ ਦਿੱਤੀ ਹੈ, ਜਿਸ ਦੀ ਆਮਦਨ ਨਾਲ ਗੁਰਦੁਆਰੇ ਦਾ ਨਿਰਬਾਹ ਹੁੰਦਾ ਹੈ। ਪੁਜਾਰੀ ਨਾਮਧਾਰੀਆ ਸਿੰਘ ਹੈ।"[16]

ਕੀਰਤਪੁਰ ਸਾਹਿਬ : ਕੀਰਤਪੁਰ ਸਾਹਿਬ, ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਨਗਰਾਂ ਵਿਚੋਂ ਇਕ ਪਰਮੁੱਖ ਨਗਰ ਹੈ। ਇਹ ਰੋਪੜ ਆਨੰਦਪੁਰ ਸਾਹਿਬ ਸੜਕ ਉੱਪਰ ਆਨੰਦਪੁਰ ਸਾਹਿਬ ਤੋਂ 9 ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਸ਼ਿਵਾਲਿਕ ਪਹਾੜੀਆਂ ਦੇ ਬਿਲਕੁਲ ਪੈਰਾਂ ਵਿਚ ਸਤਲੁਜ ਦਰਿਆ ਦੇ ਉੱਪਰ ਅਤੇ ਭਾਖੜਾ ਮੇਨ ਨਹਿਰ ਦੇ ਐਨ ਦੋਵਾਂ ਕੰਢਿਆਂ ਉੱਤੇ ਸਥਿਤ ਹੋਣ ਕਾਰਨ ਇਸ ਦੀ ਭੂਗੋਲਿਕ ਸਥਿਤੀ ਬੜੀ ਹੀ ਰਮਣੀਕ ਹੈ।

ਇਹ ਨਗਰ ਗੁਰੂ ਹਰਿ ਗੋਬਿੰਦ ਸਾਹਿਬ ਦੁਆਰਾ ਵਸਾਇਆ ਗਿਆ ਸੀ। ਇਸ ਦੀ ਸਥਾਪਨਾ ਬਾਰੇ ਭਾਵੇਂ ਸਾਡੇ ਲੇਖਕਾਂ ਵਿਚ ਇਕ ਮੱਤ ਨਹੀਂ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਨੂੰ ਸੰਮਤ 1686 ਬਿ. ਅਸਾੜ ਪਰਵਿਸ਼ਟ ਦੇ ਮੁਤਾਬਕ ਸੰਨ 1629 ਈ. ਵਿਚ ਸਥਾਪਿਤ ਹੋਇਆ ਦੱਸਿਆ ਹੈ।[17] ਗਯਾਨੀ ਗਯਾਨ ਸਿੰਘ ਨੇ ਇਸ ਦੇ ਬੰਨੇ ਜਾਣ ਦਾ ਸਾਲ ਸੰਮਤ 1682 ਬਿ. ਮੁਤਾਬਕ ਸੰਨ 1625 ਈ. ਦਾ ਲਿਖਿਆ ਹੈ।[18] ਗਯਾਨੀ ਠਾਕਰ ਸਿੰਘ ਨੇ ਹਾੜ ਸੰਮਤ 1686 ਬਿ. ਮੁਤਾਬਕ 1629 ਈ. ਦਾ ਦਰਜ ਕੀਤਾ ਹੈ।[19] ਭਾਈ ਕਾਨ੍ਹ ਸਿੰਘ ਨੇ ਸੰਮਤ 1683 ਬਿ. ਮੁਤਾਬਕ ਸੰਨ 1626 ਈ. ਦਾ ਸਾਲ ਦਿੱਤਾ ਹੈ।[20] ਭੱਟ ਵਹੀਆਂ ਅਨੁਸਾਰ ਕੀਰਤਪੁਰ ਸਾਹਿਬ ਬਾਰੇ ਜੋ ਜਾਣਕਾਰੀ ਮਿਲਦੀ ਹੈ, ਉਹ ਇਸ ਤਰ੍ਹਾਂ ਹੈ:

> "ਰਾਜਾ ਕਲਿਆਣ ਚੰਦ ਚੰਦਰਬੰਸੀ ਚੰਦੇਲਗੋਤਰ ਕਹਿਲੂਰਪਤੀ ਬੇਟੇ ਤਾਰਾ ਚੰਦ ਗੈਲ ਲੈ ਸਾਲ ਸੋਲਾਂ ਸੇ ਸਤਾਸੀ ਬੇਸਾਖ ਸੁਦੀ ਚਾਉਥ ਗੁਰੂ ਚੱਕ ਕੇ ਮਲਹਾਨ ਨਵਾਂ ਗਾਂਵ ਬਸਾਨੇ ਲਈ ਗੁਰੂ ਹਰਿ ਗੋਬਿੰਦ ਜੀ ਮਹਲ ਛਟੇ ਕੋ ਨਗਰ ਜਊਵਾਲ, ਕਲਿਆਣਪੁਰ, ਭਟੋਲੀਆਂ, ਭਗੁਵਾਨ ਕੀ ਧਰਤੀ ਪੁੰਨ ਅਰਥ ਭੇਟ

ਕੀ।"

"ਗੁਰੂ ਹਰਿ ਗੋਬਿੰਦ ਜੀ ਮਹਲ ਛਟੇ ਨੇ, ਬੇਟਾ ਗੁਰਦਿੱਤਾ ਜੀ ਕੋ ਨਗਰ ਜਊਵਾਲ, ਭਾਈ ਹਰੀਏ ਬਡ੍ਹੰਗ ਕੇ ਘਰ ਭੇਜਾ, ਗੈਲ ਬਾਬਾ ਸ਼੍ਰੀ ਚੰਦ ਜੀ ਆਏ, ਕਮਲੀਏ ਅਲਮਸਤ ਕੋ ਸਾਥ ਲੇ ਕੇ। ਗੈਲ ਬਾਬਾ ਬੁੱਢਾ, ਰਾਮਦਾਸ ਸਿੰਘ ਪਰੋਹਤ ਖੇਮਾ ਚੰਦਨੀਆ ਆਇਆ। ਸਾਲ ਸੋਲਾਂ ਸੇ ਸਤਾਸੀ ਬੈਸਾਖ ਮਾਸ ਕੀ ਪੂਰਣਿਆ ਕੇ ਦਿਹੁੰ ਗੁਰੂ ਬਾਬਾ ਸ਼੍ਰੀ ਚੰਦ ਜੀ ਕੇ ਪਾਵਨ ਹਾਥੋਂ ਸੇ ਮੋੜ੍ਹੀ ਗਾੜ੍ਹੀ। ਬਾਊਲੀ ਕਾ ਟੱਕ ਲਾਇਆ। ਨਗਰੀ ਕਾ ਨਾਉਂ ਕੀਰਤਪੁਰ ਰਾਖਾ।"[21]

ਦਸਮ ਗਰੰਥ ਦੀ ਇਕ ਰਚਨਾ ਚਰਿਤੋਪਖਯਾਨ ਦੇ ਪੰਦਰਵੇਂ ਚਰਿੱਤਰ ਵਿਚ ਵੀ ਕੀਰਤਪੁਰ ਸਾਹਿਬ ਦਾ ਜ਼ਿਕਰ ਇਉਂ ਆਉਂਦਾ ਹੈ :

ਭਾਨ ਕਰੋ ਕਰਤ ਬਡੋ ਸੁਪਨ ਦਯੋ ਪਤਿਆਇ।
ਤਾਂ ਤੇ ਹੋਂ ਹਰਿ ਰਾਇ ਕੇ ਜਰਤ ਕੀਰਤਪੁਰ ਜਾਇ।
ਲੋਗ ਹਟਕਿ ਬਹੁ ਰਹੇ ਨ ਤਿਨ ਬਚ ਮਾਨਯੋ।
ਰਾਮਦਾਸ ਪੁਰ ਛਾਡਿ, ਕੀਰਤਪੁਰ ਆਇਕੇ।
ਹੋ ਇਕ ਪਗ ਠਾਂਢੇ ਜਹੀ ਮ੍ਰਿਦੰਗ ਬਜਾਇਕੇ।

ਇਸ ਤਰ੍ਹਾਂ ਉਪਰੋਕਤ ਟੂਕਾਂ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਕੀਰਤਪੁਰ ਸਾਹਿਬ ਦੀ ਸਥਾਪਨਾ 1629-30 ਈ. ਦੇ ਸਾਲਾਂ ਵਿਚ ਕੀਤੀ ਗਈ ਸੀ। ਬਾਬਾ ਸ਼੍ਰੀ ਚੰਦ ਜੀ ਨੇ ਇਸ ਦੀ ਮੋੜ੍ਹੀ ਗੱਡੀ ਸੀ ਅਤੇ ਬਾਬਾ ਗੁਰਦਿੱਤਾ ਜੀ ਦੀ ਦੇਖ ਰੇਖ ਹੇਠ ਇੱਥੇ ਵੱਖ-ਵੱਖ ਰਿਹਾਇਸ਼ੀ ਇਮਾਰਤਾਂ ਦੀ ਉਸਾਰੀ ਕਰਵਾਈ ਗਈ ਸੀ। ਇਹ ਥਾਂ ਚਾਰ ਪਿੰਡਾਂ ਦੀ ਸਾਂਝੀ ਥਾਂ ਸੀ ਜੋ ਬਿਲਾਸਪੁਰ ਦੇ ਰਾਜਾ ਕਲਿਆਣ ਚੰਦ ਵੱਲੋਂ ਗੁਰੂ ਜੀ ਨੂੰ ਭੇਂਟ ਕੀਤੀ ਗਈ ਸੀ। ਬਾਬਾ ਸ਼੍ਰੀ ਚੰਦ ਜੀ ਨਗਰ ਦੀ ਮੋੜ੍ਹੀ ਗੱਡ ਕੇ ਕੁਝ ਸਮੇਂ ਪਿੱਛੋਂ ਸਵਰਗਵਾਸ ਹੋ ਗਏ ਸਨ। ਗੁਰੂ ਹਰਿ ਗੋਬਿੰਦ ਜੀ ਨੇ ਇਸੇ ਹੀ ਨਗਰ ਨੂੰ ਆਪਣਾ ਹੈਡਕੁਆਰਟਰ ਬਣਾਇਆ ਅਤੇ ਪਿੱਛੋਂ ਗੁਰੂ ਹਰਿ ਰਾਇ ਜੀ ਤਕਰੀਬਨ ਸਾਰਾ ਸਮਾਂ ਇੱਥੇ ਹੀ ਰਹਿੰਦੇ ਰਹੇ ਸਨ। ਗੁਰੂ ਹਰਿ ਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ (1645 ਈ.) ਤੋਂ ਪਿੱਛੋਂ ਤੇਗ ਬਹਾਦੁਰ ਜੀ ਆਪਣੀ ਮਾਤਾ ਨਾਨਕੀ ਜੀ ਨਾਲ ਇੱਥੋਂ ਆਪਣੇ ਨਾਨਕਾ ਪਿੰਡ ਬਾਬਾ ਬਕਾਲਾ ਚਲੇ ਗਏ ਸਨ। ਉੱਥੋਂ ਸਿਰਫ ਗੁਰੂ ਬਣਨ ਪਿੱਛੋਂ ਹੀ ਕੀਰਤਪੁਰ ਸਾਹਿਬ ਵਿਖੇ ਆਏ ਸਨ ਪਰ ਉਨ੍ਹਾਂ ਨੇ ਆਪਣੀ ਰਿਹਾਇਸ਼ ਕੀਰਤਪੁਰ ਸਾਹਿਬ ਵਿਖੇ ਨਾ ਰੱਖੀ ਅਤੇ ਇੱਥੋਂ ਨੌ ਕਿਲੋਮੀਟਰ ਦੂਰ ਚੱਕ ਨਾਨਕੀ ਦੇ ਨਾਂ ਹੇਠ ਨਵਾਂ ਨਗਰ ਵਸਾ ਲਿਆ ਸੀ।

ਕੀਰਤਪੁਰ ਸਾਹਿਬ ਵਿਚ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਜੀ, ਬਾਬਾ ਗੁਰਦਿਤਾ ਅਤੇ ਬਾਬਾ ਸ਼੍ਰੀ ਚੰਦ ਜੀ ਨਾਲ ਸੰਬੰਧਿਤ ਧਾਰਮਿਕ ਅਸਥਾਨ ਹਨ।

ਆਨੰਦਪੁਰ ਸਾਹਿਬ : ਗੁਰੂ ਤੇਗ ਬਹਾਦੁਰ ਜੀ ਕੀਰਤਪੁਰ ਸਾਹਿਬ ਵਿਖੇ ਹੀ ਸਨ ਕਿ ਉਨ੍ਹਾਂ ਨੂੰ ਉੱਥੇ ਬਿਲਾਸਪੁਰ ਦੇ ਰਾਜਾ ਦੀਪਚੰਦ ਦੇ ਦਿਹਾਂਤ ਦੀ ਖ਼ਬਰ ਮਿਲੀ। ਉਸ ਦੀ ਸਤਾਰਵੀਂ ਦੀ ਰਸਮ 13 ਮਈ, 1665 ਈ. ਨੂੰ ਹੋਈ ਸੀ। ਸਵਰਗਵਾਸੀ ਰਾਜਾ ਦੀਪ ਚੰਦ ਵਿਧਵਾ ਰਾਣੀ ਚੰਪਾ ਦਾ ਸੁਨੇਹਾ ਗੁਰੂ ਜੀ ਨੂੰ ਮਿਲਿਆ ਸੀ ਕਿ ਉਹ ਰਾਜੇ ਦੀ ਸਤਾਰਵੀਂ ਤੇ ਸਾਰੇ ਪਰਿਵਾਰ ਸਮੇਤ ਪਹੁੰਚਣ। ਇਸ ਕਰ ਕੇ ਗੁਰੂ ਤੇਗ ਬਹਾਦੁਰ ਜੀ ਪੂਰੇ ਪਰਿਵਾਰ ਸਮੇਤ 7 ਮਈ

ਦੇ ਲਾਗੇ ਤਾਗੇ ਬਿਲਾਸਪੁਰ ਪਹੁੰਚ ਗਏ ਅਤੇ ਰਾਣੀ ਚੰਪਾ ਨੇ ਗੁਰੂ ਪਰਿਵਾਰ ਦੇ ਠਹਿਰਣ ਦਾ ਪੂਰਾ-ਪੂਰਾ ਇੰਤਜਾਮ ਕੀਤਾ।[22]

ਗੁਰੂ ਤੇਗ ਬਹਾਦਰ ਜੀ ਨੌਵੇਂ ਗੁਰੂ ਪਰਗਟ ਹੋਣ ਪਿੱਛੋਂ ਨਾ ਹੀ ਤਾਂ ਕੀਰਤਪੁਰ ਸਾਹਿਬ ਰਹਿਣਾ ਚਾਹੁੰਦੇ ਸਨ ਅਤੇ ਨਾ ਹੀ ਬਾਬਾ ਬਕਾਲਾ ਵਿਖੇ। ਗੁਰੂ ਸਾਹਿਬ ਦਾ ਵਿਚਾਰ ਧਮਧਾਨ ਸਾਹਿਬ (ਹਰਿਆਣਾ) ਅਤੇ ਚੱਕ ਗੁਰੂ (ਦੁਆਬਾ) ਵਿਖੇ ਆਪਣਾ ਹੈਡਕੁਆਰਟਰ ਬਣਾਉਣ ਦਾ ਸੀ। ਇਨ੍ਹਾਂ ਗੱਲਾਂ ਦੀ ਜਾਣਕਾਰੀ ਇਨ੍ਹਾਂ ਥਾਵਾਂ ਦੀਆਂ ਸਥਾਨਕ ਰਵਾਇਤਾਂ ਤੋਂ ਮਿਲ ਜਾਂਦੀ ਹੈ। ਇਸ ਕਰ ਕੇ ਇਹ ਕਨਸੋਆਂ ਚਾਰੇ ਪਾਸੇ ਫੈਲ ਗਈਆਂ ਸਨ ਕਿ ਨੌਵੇਂ ਗੁਰੂ, ਗੁਰੂ ਤੇਗ ਬਹਾਦੁਰ ਜੀ ਆਪਣੀ ਰਿਹਾਇਸ਼ ਕੀਰਤਪੁਰ ਸਾਹਿਬ ਤੋਂ ਬਦਲ ਕੇ ਕਿਸੇ ਹੋਰ ਥਾਂ ਤੇ ਕਰ ਰਹੇ ਹਨ। ਇਹ ਕਨਸੋਅ ਬਿਲਾਸਪੁਰ ਦੀ ਵਿਧਵਾ ਰਾਣੀ ਚੰਪਾ ਤਕ ਵੀ ਪਹੁੰਚ ਗਈ ਸੀ। ਕੀਰਤਪੁਰ ਸਾਹਿਬ ਬਿਲਾਸਪੁਰ ਦੀ ਸਰਹੱਦ ਦੇ ਐਨ ਸਿਰੇ ਉੱਪਰ ਹੋਣ ਕਰ ਕੇ, ਬਿਲਾਸਪੁਰ ਨੂੰ ਗੁਰੂ ਸਾਹਿਬ ਦੀ ਰਿਹਾਇਸ਼ ਦਾ ਬਹੁਤ ਫਾਇਦਾ ਸੀ। ਇਸ ਨਾਲ ਬਿਲਾਸਪੁਰ ਦੀ ਸਰਹੱਦ ਦੇ ਐਨ ਸਿਰੇ ਉੱਪਰ ਹੋਣ ਕਰ ਕੇ, ਬਿਲਾਸਪੁਰ ਦੇ ਰਾਜ ਘਰਾਣੇ ਨੂੰ ਮਾਨਸਿਕ ਸਹਾਇਤਾ ਵੀ ਮਿਲਦੀ ਸੀ ਅਤੇ ਕਾਫੀ ਹੱਦ ਤਕ ਜਨਤਾ ਦਾ ਸਮਰਥਨ ਵੀ ਪਰਾਪਤ ਹੁੰਦਾ ਸੀ। ਇਸ ਕਰ ਕੇ ਬਿਲਾਸਪੁਰ ਦਾ ਰਾਜ-ਘਰਾਣਾ ਨਹੀਂ ਚਾਹੁੰਦਾ ਸੀ ਕਿ ਗੁਰੂ ਤੇਗ ਬਹਾਦੁਰ ਜੀ ਆਪਣੀ ਰਿਹਾਇਸ਼ ਕੀਰਤਪੁਰ ਸਾਹਿਬ ਤੋਂ ਬਦਲ ਕੇ ਦੂਰ ਚਲੇ ਜਾਣ।

ਭਾਵੇਂ ਗੁਰੂ ਦੀਆਂ ਸਾਖੀਆਂ ਵਿਚ ਕਿਹਾ ਗਿਆ ਹੈ ਕਿ ਗੁਰੂ ਜੀ ਨੂੰ ਥਾਂ ਦੇਣ ਬਾਰੇ ਰਾਣੀ ਚੰਪਾ ਨੇ ਆਪ ਗੱਲਬਾਤ ਸ਼ੁਰੂ ਕੀਤੀ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਨੇ ਸੁਣਿਆ ਹੈ ਕਿ ਗੁਰੂ ਸਾਹਿਬ ਕੀਰਤਪੁਰ ਨੂੰ ਛੱਡ ਕੇ ਕਿਤੇ ਹੋਰ ਰਿਹਾਇਸ਼ ਕਰਨ ਲਈ ਸੋਚ ਰਹੇ ਹਨ। ਅਗਰ ਇਹ ਗੱਲ ਠੀਕ ਹੈ ਤਾਂ ਉਨ੍ਹਾਂ ਨੂੰ ਕੀਰਤਪੁਰ ਸਾਹਿਬ ਦੇ ਨੇੜੇ ਹੀ ਜਿਹੜੀ ਥਾਂ ਉਹ ਪਸੰਦ ਕਰਨ ਦਿੱਤੀ ਜਾ ਸਕਦੀ ਹੈ। ਇਸ ਤੇ ਗੁਰੂ ਜੀ ਨੇ ਵੀ ਆਪਣੀ ਨਵੀਂ ਥਾਂ 'ਤੇ ਜਾਣ ਦੀ ਇੱਛਾ ਦਰਸਾਈ। ਸਿੱਟੇ ਵੱਜੋਂ ਰਾਣੀ ਚੰਪਾ ਵੱਲੋਂ ਵਰਤਮਾਨ ਆਨੰਦਪੁਰ ਸਾਹਿਬ ਵਾਲੀ ਥਾਂ, ਜਿਹੜੀ ਉਸ ਵੇਲੇ ਲੋਦੀਪੁਰ, ਸਹੋਟੇ ਅਤੇ ਮੀਆਂਪੁਰ ਦੇ ਪਿੰਡਾਂ ਦੀ ਸਾਂਝੀ ਥਾਂ ਸੀ, ਗੁਰੂ ਸਾਹਿਬ ਨੂੰ ਅਲਾਟ ਕਰ ਦਿੱਤੀ।[23] ਗੁਰੂ ਸਾਹਿਬ ਨੇ ਇਸ ਜ਼ਮੀਨ ਦਾ ਮੁੱਲ ਤਾਰਨਾ ਚਾਹਿਆ ਪਰ ਰਾਣੀ ਚੰਪਾ ਨੇ ਕੀਮਤ ਲੈਣ ਤੋਂ ਇਨਕਾਰ ਕਰ ਦਿੱਤਾ। ਗੁਰੂ ਸਾਹਿਬ ਨੇ ਕਿਹਾ ਕਿ ਸਿੱਖ ਧਰਮ ਵਿਚ ਇਹ ਰਵਾਇਤ ਚਲੀ ਆ ਰਹੀ ਹੈ ਕਿ ਕੋਈ ਵੀ ਜ਼ਮੀਨ ਜਾਇਦਾਦ ਪੁੰਨ ਅਰਥ ਸਰਕਾਰ ਵੱਲੋਂ ਨਹੀਂ ਲੈਣੀ। ਇਸ ਲਈ ਰਾਣੀ ਚੰਪਾ ਨੇ ਕੁਝ ਕੀਮਤ ਲੈਣੀ ਮਨਜ਼ੂਰ ਕਰ ਲਈ। ਕਈਆਂ ਲੇਖਕਾਂ ਅਨੁਸਾਰ ਇਹ ਕੀਮਤ ਪੰਜ ਸੌ ਰੁਪਿਆ ਸੀ[24] ਅਤੇ ਕਈਆਂ ਅਨੁਸਾਰ ਸਿਰਫ ਇਤਨਾ ਹੀ ਦੱਸਿਆ ਗਿਆ ਹੈ ਕਿ ਇਹ ਧਰਤੀ ਮੁੱਲ ਖਰੀਦੀ ਗਈ ਸੀ ਪਰ ਕੀਮਤ ਬਾਰੇ ਚੁੱਪ ਹਨ ਜਿਵੇਂ ਕਿ : ਗਯਾਨ ਸਿੰਘ ਅਨੁਸਾਰ "ਗੁਰੂ ਸਾਹਿਬ ਨੇ ਸਤਲੁਜ ਦਰੀਯਾ ਕਿਨਾਰੇ ਮਾਖੋਵਾਲ ਪਿੰਡ ਦੀ ਮਲਕੀਅਤ ਜਿਮੀਂਦਾਰਾਂ ਪਾਸੋਂ ਖਰੀਦ ਕਰ 21 ਹਾੜ, ਸੰਮਤ 1722 ਬਿ. ਨੂੰ ਆਨੰਦਪੁਰ ਨਗਰ ਆਬਾਦ ਕਰ ਕੇ ਨਿਵਾਸ ਕਰ ਲੀਤਾ ਅਤੇ ਹੋਰ ਬਹੁਤ ਲੋਕਾਂ ਨੂੰ ਮੱਦਦ ਦੇ ਕੇ ਬੁਲਾਯਾ"[25] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਤਦ੍ਰਵ (ਸਤਲੁਜ) ਦੇ ਕਿਨਾਰੇ ਨੈਣਾ ਦੇਵੀ ਦੇ ਪਹਾੜ ਪਾਸ ਮਾਖੋਵਾਲ ਪਿੰਡ ਦੀ ਧਰਤੀ ਖਰੀਦ ਕੇ ਸੰਮਤ 1723 ਬਿ. ਵਿਚ ਇਹ ਨਗਰ ਆਬਾਦ ਕੀਤਾ।"[26] ਪੰਡਤ ਤਾਰਾ ਸਿੰਘ ਨਰੋਤਮ ਵੀ ਇਸੇ ਤਰ੍ਹਾਂ

ਹੀ ਲਿਖਦਿਆਂ ਹੋਇਆ ਦੱਸਦਾ ਹੈ "ਮਾਝੇ ਦੇਸ਼ ਸੇ ਚਲ ਕਰ ਕਹਲੂਰ ਕੇ ਰਾਜ ਮੇ ਪਹੁੰਚ ਜ਼ਮੀਨ ਖ਼ਰੀਦ ਕੇ ਨਗਰ ਬਸਾਯਾ। ਨਾਮ ਮਾਖੋਵਾਲ ਰੱਖਾ। ਥੋੜ੍ਹੇ ਦਿਨੋਂ ਮੇਂ ਈਹਾਂ ਬਹੁਤ ਲੋਗ ਬਸੇ। ਗੁਰੂ ਜੀ ਨੇ ਸੁੰਦਰ ਮੰਦਰ ਬਨਵਾਏ ਬਹੁਤ ਸਿੱਖ ਸੰਗਤ ਆਵਨੇ ਲਗੀ।"[27] ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਵੱਖ-ਵੱਖ ਲੇਖਕਾਂ ਵਿਚ ਆਨੰਦਪੁਰ ਸਾਹਿਬ ਨੂੰ ਬਸਾਉਣ ਦੀਆਂ ਮਿਤੀਆਂ ਵਿਚ ਤਾਂ ਭਾਵੇਂ ਫਰਕ ਹੈ ਪਰ ਇਸ ਥਾਂ ਨੂੰ ਪੈਸੇ ਦੇ ਕੇ ਖ਼ਰੀਦਣ ਬਾਰੇ ਸਭ ਦਾ ਇਕ ਮੱਤ ਹੈ। ਪੈਸੇ ਕਿਨੇ ਦਿੱਤੇ ਗਏ ਸਨ ਇਸ ਗੱਲ ਦੀ ਜ਼ਿਆਦਾ ਮਹੱਤਤਾ ਨਹੀਂ ਹੈ। ਮਹੱਤਵਪੂਰਣ ਤਾਂ ਗੱਲ ਇਹ ਹੈ ਕਿ ਇਹ ਥਾਂ ਗੁਰੂ ਸਾਹਿਬ ਵੱਲੋਂ ਖ਼ਰੀਦੀ ਗਈ ਸੀ।

ਥਾਂ ਦੀ ਚੋਣ ਕਰ ਕੇ ਦੀਵਾਨ ਦਰਘਾ ਮੱਲ ਨੂੰ ਸਮੁੱਚੀ ਜ਼ਮੀਨ ਦੀ ਜਾਂਚ ਪੜਤਾਲ ਕਰਨ ਦਾ ਕੰਮ ਸੌਂਪਿਆ। ਭੱਟ ਵਹੀਆਂ ਅਨੁਸਾਰ 21 ਹਾੜ੍ਹ, ਸੰਮਤ 1722 ਬਿ. ਮੁਤਾਬਕ 19 ਜੂਨ, 1665 ਈ. ਨੂੰ ਬਾਬਾ ਬੁੱਢਾ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਰਾਹੀਂ ਨਗਰ ਦੀ ਨੀਂਹ ਰੱਖਵਾਈ ਗਈ ਸੀ। ਭੱਟ ਵਹੀ ਦੀ ਲਿਖਤ ਹੈ : "ਗੁਰੂ ਤੇਗ ਬਹਾਦੁਰ ਜੀ ਮਹਲ ਨੌਵਾਂ.......ਬਾਸੀ ਕੀਰਤਪੁਰ ਸਾਲ ਸਤਰੇ ਸੈ ਬਾਈਸ ਅਸਾੜ ਇਕੀਸ ਸੋਮਵਾਰ ਕੇ ਦਿਹੁੰ ਮਾਖੋਵਾਲ ਗਰਾਮ ਕੇ ਥੇਹ ਤੇ ਬਾਬਾ ਗੁਰਦਿੱਤਾ ਜੀ ਰੰਧਾਵਾ ਬੰਸ ਬਾਬਾ ਬੁੱਢਾ ਜੀ ਕੇ ਦਸਤ ਮੁਬਾਰਕ ਸੇ ਨਵੇਂ ਗਰਾਮ ਕੀ ਮੋੜ੍ਹੀ ਗੱਡੀ ਨਾਉਂ ਚੱਕ ਨਾਨਕੀ ਰੱਖਾ ਗੁਰੂ ਕੀ ਕੜਾਈ ਕੀ।"[28] ਸਰੂਪ ਸਿੰਘ ਕੋਸਿਸ਼ ਅਨੁਸਾਰ, "ਸੰਮਤ ਸਤਰਾਂ ਸੇ ਬਾਈਸ ਅਸਾਢ ਮਾਸ ਕੀ ਇਕੀਸ ਕੇ ਦਿਹੁੰ ਬਾਬਾ ਗੁਰਦਿੱਤਾ ਜੀ ਰੰਧਾਵਾ ਕੇ ਹਾਥ ਸੇ ਸਹੋਦੇ ਗਾਉਂ ਕੇ ਰਕਬਾ ਮੇਂ ਮਾਖੋਵਾਲ ਕੇ ਥੇਹ ਤੇ ਮੋੜ੍ਹੀ ਗਾੜੀ। ਇਸ ਨਵੇਂ ਗਾਉਂ ਕਾ ਨਾਮ 'ਚੱਕ ਨਾਨਕੀ' ਰਾਖਾ। ਇਸੇ ਦੇਖ ਸਾਰੀ ਸੰਗਤ ਮੇਂ ਖੁਸ਼ੀ ਕੇ ਬਾਦਲ ਛਾਇ ਗਏ। ਦੀਵਾਨ ਦਰਘਾ ਮਲ ਨੇ ਖਲੇ ਹੂਇ ਅਰਦਾਸ ਕੀ-ਸੰਗਤ ਮੇਂ ਤਰਾ ਤਰੀ ਤ੍ਰਿਹਾਵਲ ਪ੍ਰਸ਼ਾਦ ਬਾਂਟਾ ਗਿਆ। ਸਤਗੁਰਾਂ ਇਸ ਸਾਲ ਕਾ ਚੁਮਾਸਾ 'ਚੱਕ ਨਾਨਕੀ' ਮੇਂ ਗੁਜ਼ਾਰਾ।"[29]

ਇਸ ਤਰ੍ਹਾਂ ਪਿੱਛੇ ਕੀਤੀ ਗਈ ਸਾਰੀ ਵਿਆਖਿਆ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਆਨੰਦਪੁਰ ਸਾਹਿਬ ਦਾ ਨਗਰ 19 ਜੂਨ, 1665 ਈ. ਨੂੰ ਗੁਰੂ ਤੇਗ ਬਹਾਦੁਰ ਜੀ ਵੱਲੋਂ ਵਸਾਇਆ ਗਿਆ ਸੀ। ਇਹ ਥਾਂ ਤਿੰਨ ਪਿੰਡਾਂ ਦੀ ਸਾਂਝੀ ਥਾਂ ਸੀ ਜਿਸ ਨੂੰ ਮਾਖੋਵਾਲ ਦਾ ਥੇਹ ਕਿਹਾ ਜਾਂਦਾ ਸੀ। ਇਸ ਦਾ ਪਹਿਲਾਂ ਨਾਂ ਗੁਰੂ ਜੀ ਨੇ ਆਪਣੀ ਮਾਤਾ, ਮਾਤਾ ਨਾਨਕੀ ਜੀ ਦੇ ਨਾਂ ਉੱਪਰ ਚੱਕ ਨਾਨਕੀ ਰੱਖਿਆ ਸੀ ਪਰ ਗੁਰੂ ਤੇਗ ਬਹਾਦੁਰ ਜੀ ਇੱਥੇ ਜ਼ਿਆਦਾ ਸਮਾਂ ਨਹੀਂ ਠਹਿਰ ਸਕੇ ਕਿਉਂਕਿ ਗੁਰੂ ਸਾਹਿਬ ਛੇਤੀ ਹੀ ਇਸੇ ਸਾਲ (1665) ਦੇ ਅਖੀਰ ਵਿਚ ਭਾਰਤ ਦੇ ਪੂਰਬੀ ਪਰਦੇਸ਼ਾਂ ਦੇ ਦੌਰਿਆਂ ਤੇ ਚਲੇ ਗਏ ਸਨ ਜਿੱਥੋਂ ਕਾਫੀ ਸਾਲਾਂ ਬਾਦ 1672 ਈ. ਦੇ ਆਰੰਭ ਵਿਚ ਵਾਪਸ ਆਏ ਸਨ। ਗੁਰੂ ਕੀਆਂ ਸਾਖੀਆਂ ਵਿਚ ਲਿਖਿਆ ਹੈ : "ਸੰਮਤ ਸਤਰਾਂ ਸੈ ਉੱਨਤੀਸ ਕੇ ਆਰੰਭ ਮੇ ਚੱਕ ਨਾਨਕੀ ਜਾਨੇ ਕੀ ਤਿਆਰੀ ਹੈ। ਬਕਾਲਾ ਨਗਰੀ ਸੇ ਵਿੱਦਿਆ ਹੋਇ ਨਦੀ ਬਿਆਸਾ ਪਾਰ ਕਰ ਕੇ ਕਰਤਾਰਪੁਰ ਮੇਂ ਆਇ ਗਏ ਅਗਲੇ ਦਿਵਸ ਯਹਾਂ ਸੇ ਚਲ ਕੇ ਕਈ ਕੁ ਨਗਰਾਂ ਥੀਂ ਹੋਤੇ ਹੂਏ ਵੈਸਾਖੀ ਕਾ ਤਿਉਹਾਰ 'ਚੱਕ ਨਾਨਕੀ' ਮੇਂ ਜਾਇ ਮਨਾਇਆ।"[30]

ਪੂਰਬੀ ਪਰਦੇਸ਼ਾਂ ਦੇ ਦੌਰਿਆਂ ਤੋਂ ਵਾਪਸ ਆ ਕੇ ਵੀ ਗੁਰੂ ਜੀ ਬਹੁਤੀ ਦੇਰ ਚੱਕ ਨਾਨਕੀ ਵਿਖੇ ਨਹੀਂ ਠਹਿਰੇ। ਤਕਰੀਬਨ ਤਿੰਨ ਜਾਂ ਸਾਢੇ ਕੁ ਤਿੰਨ ਸਾਲ ਗੁਰੂ ਸਾਹਿਬ ਇੱਥੇ ਠਹਿਰੇ ਸਨ। 1675 ਈ. ਦੇ ਮੱਧ ਵਿਚ ਗੁਰੂ ਸਾਹਿਬ ਨੇ ਮਾਲਵਾ ਅਤੇ ਬੰਗਰ ਖੇਤਰਾਂ ਦਾ ਦੌਰਾ ਸ਼ੁਰੂ ਕੀਤਾ।

ਭਰਤਗੜ੍ਹ : ਭਰਤਗੜ੍ਹ ਆਨੰਦਪੁਰ ਸਾਹਿਬ-ਰੋਪੜ ਸੜਕ ਉੱਪਰ ਰੋਪੜ ਵੱਲੋਂ ਪੰਦਰਾਂ ਕਿਲੋਮੀਟਰ ਦੂਰ ਆਨੰਦਪੁਰ ਸਾਹਿਬ ਵੱਲ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਹੈ ਜੋ ਮੁੱਖ ਸੜਕ ਦੇ ਉੱਪਰ ਹੀ ਹੈ। ਇਸ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਕੀਤਾ ਹੈ।[31] ਗੁਰਦੁਆਰੇ ਵਾਲੀ ਥਾਂ ਪਹਿਲਾਂ ਪਹਿਲ ਘੁਮਿਆਰਾਂ ਦੇ ਆਵੇ ਹੁੰਦੇ ਸਨ ਅਤੇ ਇੱਥੇ ਬਸੂਟੀਆਂ ਦੇ ਬਹੁਤ ਝਾੜ ਹੁੰਦੇ ਸਨ। ਇਸ ਕਰ ਕੇ ਇਸ ਪਿੰਡ ਨੂੰ ਪਹਿਲਾਂ ਵਸੂਟੀ ਵਾਲਾ ਵੀ ਕਹਿ ਦਿੱਤਾ ਜਾਂਦਾ ਸੀ।

ਮਲਿਕਪੁਰ ਰੰਘੜਾਂ : ਇਹ ਪਿੰਡ ਭਰਤਗੜ੍ਹ ਅਤੇ ਰੋਪੜ ਦੇ ਵਿਚਕਾਰ ਮੁੱਖ ਸੜਕ ਉੱਪਰ ਹੀ ਸਥਿਤ ਹੈ। ਇਸ ਦੀ ਇਤਿਹਾਸਕ ਮਹੱਤਤਾ ਇਸ ਕਰਕੇ ਬਹੁਤ ਵੱਧ ਗਈ ਹੈ ਕਿ ਭੱਟ-ਵਹੀਆਂ ਅਤੇ ਗੁਰੂ ਕੀਆਂ ਸਾਖੀਆਂ ਨੇ ਗੁਰੂ ਤੇਗ ਬਹਾਦੁਰ ਜੀ ਦੀ ਗਰਿਫਤਾਰੀ ਇੱਥੋਂ ਹੋਈ ਦੱਸੀ ਹੈ। ਨਿਰਸੰਦੇਹ ਭੱਟ ਵਹੀਆਂ ਅਤੇ ਗੁਰੂ ਕੀਆਂ ਸਾਖੀਆਂ, ਭਾਈ ਸੰਤੋਖ ਸਿੰਘ ਦੇ ਸੂਰਜ ਪਰਕਾਸ਼ ਤੋਂ ਅਤੇ ਗਯਾਨੀ ਗਯਾਨ ਸਿੰਘ ਦੀ ਤਵਾਰੀਖ ਗੁਰੂ ਖਾਲਸਾ ਨਾਲੋਂ ਜ਼ਿਆਦਾ ਇਤਿਹਾਸਕ ਸੱਚਾਈ ਮੁਹੱਈਆ ਕਰਦੀਆਂ ਹਨ। ਜਦੋਂ ਤਕ ਸੰਤੋਖ ਸਿੰਘ ਅਤੇ ਗਯਾਨ ਸਿੰਘ ਦੀਆਂ ਲਿਖਤਾਂ ਦੇ ਬਰਾਬਰ ਹੋਰ ਕੋਈ ਲਿਖਤ ਨਹੀਂ ਆਈ ਸੀ ਉਦੋਂ ਤਕ ਗੁਰੂ ਜੀ ਦੀ ਗਰਿਫ਼ਤਾਰੀ ਆਗਰੇ ਤੋਂ ਜਾਂ ਆਗਰੇ ਦੇ ਨੇੜੇ ਦੇ ਕਿਸੇ ਅਸਥਾਨ ਤੋਂ ਹੋਈ ਮੰਨੀ ਜਾਂਦੀ ਰਹੀ ਸੀ ਪਰ ਭੱਟ ਵਹੀਆਂ ਤੇ ਗੁਰੂ ਕੀਆਂ ਸਾਖੀਆਂ ਦੇ ਸਾਹਮਣੇ ਆਉਣ ਨਾਲ ਇਹ ਵਿਚਾਰ ਰੱਦ ਹੋ ਗਿਆ ਅਤੇ ਗੁਰੂ ਜੀ ਦੀ ਗਰਿਫ਼ਤਾਰੀ ਮਲਿਕਪੁਰ ਰੰਘੜਾਂ ਤੋਂ ਹੋਈ ਸਾਬਤ ਹੋ ਗਈ। ਜਿਵੇਂ ਕਿ ਹੇਠ ਲਿਖੀਆਂ ਟੂਕਾਂ ਤੋਂ ਸਾਬਤ ਹੁੰਦਾ ਹੈ :

> ਗੁਰੂ ਤੇਗ ਬਹਾਦੁਰ ਮਹਲ ਨਾਮਾ ਕੋ ਨੂਰ ਮੁਹੰਮਦ ਖਾਨ ਮਿਰਜ਼ਾ ਚਉਂਕੀ ਰੋਪੜ ਵਾਲੇ ਨੇ ਸਾਲ ਸਤਰਾਂ ਸੇ ਬੱਤੀਸ ਸਾਵਨ ਪਰਵਿਸ਼ਟੇ ਬਾਰਾਂ ਕੇ ਦਿਹੁੰ ਗਾਮ ਮਲਕਪੁਰ ਰੰਘੜਾਂ, ਪਰਗਣਾ ਘਨੋਲਾ ਸੇ ਪਕੜ ਕੇ ਸਰਹੰਦ ਮੇ ਪਹੁੰਚਾਇਆ। ਗੈਲੇ ਦੀਵਾਨ ਮਤੀਦਾਸ, ਸਤੀਦਾਸ ਬੇਟਾ ਹੀਰਾ ਮੱਲ ਛਿੱਬਰ ਬਲਉਂਤ ਕਾ ਪਕੜਾ ਆਇਆ। ਚਾਰ ਮਾਸ ਬਸੀ ਪਠਾਨਾ ਬੰਦੀ ਖਾਨੇ ਮੇਂ ਬੰਦ ਰਹੇ। ਦੁਸ਼ਟਾਂ ਗੁਰੂ ਜੀ ਕੋ ਘਣਾ ਕਸ਼ਟ ਦੀਆ। ਗੁਰੂ ਜੀ ਨੇ ਭਾਣੇ ਕੋ ਮਾਨਾ।[32]

ਗੁਰੂ ਕੀਆਂ ਸਾਖੀਆਂ ਵਿਚ ਇਉਂ ਲਿਖਿਆ ਹੈ :

> "ਹਾਕਮ ਸਰਹੰਦ ਸੇ ਪਤਾ ਚਲਾ ਕੇ ਗੁਰੂ ਤੇਗ ਬਹਾਦੁਰ ਕਸ਼ਮੀਰੀ ਬਰਾਹਮਣਾ ਕੀ ਫਰਿਆਦ ਲੈ ਕੇ ਦਿਹਲੀ ਜਾ ਰਹਾ ਹੈ, ਇਨੇ ਹਿਰਾਸਤ ਸੇ ਲੈ ਲੇਨਾ ਜ਼ਰੂਰੀ ਹੈ। ਨਾਜ਼ਮ ਸਰਹਿੰਦ ਨੇ ਚਉਂਕੀ ਸਰਦਾਰ ਰੋਪਰ ਸੇ ਲਿਖਾ ਕਿ ਉਸੇ ਸਮੇਂ ਹਮਰਾਹੀ ਸਿੱਖਾਂ ਗਰਿਫਤਾਰ ਕਰ ਕੇ ਮੇਰੇ ਰੂਬਰੂ ਸਰਹਿੰਦ ਮੇਂ ਲਾਇ ਕੇ ਪੇਸ਼ ਕੀਆ ਜਾਏ। ਉਧਰ ਗੁਰੂ ਜੀ ਸਮੇਤ ਤੀਨ ਸਿੱਖੋਂ ਕੇ ਨਦੀ ਸਰਸਾ ਪਾਰ ਹੋਇ ਕੇ ਮਲਕਪੁਰ ਰੰਘੜਾਂ ਭਾਈ ਨਗਾਹੀਏ ਸਿੱਖ ਕੇ ਗ੍ਰਿਹਿ ਮੇਂ ਆਇ ਨਿਵਾਸ ਕੀਆ। ਅਗਲੇ ਦਿਵਸ ਸੁਬਹ ਗੁਰੂ ਜੀ ਕਾ ਬਚਨ ਪਾਇ ਭਾਈ ਮਤੀ ਦਾਸ ਕੂਏ ਸੇ ਪਾਣੀ ਲੇਨੇ ਆਇਆ। ਭਾਵੀ ਪਰਬਲ, ਮਤੀਦਾਸ ਹਰਟ ਕੀ ਲਕੜੀ ਸੇ ਪਾਉਂ ਰਾਖ ਪਾਨੀ ਨਿਕਾਲਨੇ ਲਗਾ। ਇਸਕਾ ਪੈਰ ਫਿਸਲ ਗਿਆ ਜਿਸ ਸੇ ਮਤੀਦਾਸ ਕੂਏ ਮੇ ਗਿਰ ਪੜਾ। ਇਸਕੇ ਗਿਰਨੇ ਕੀ ਆਵਾਜ਼ ਸੁਣ ਕੇ ਗਿਰਦ-ਨਿਵਾਹ ਕੇ ਲੋਗ

ਆਇ ਜਮਾਂ ਹੂਏ। ਦੀਵਾਨ ਮਤੀ ਦਾਸ ਕੋ ਗਾਉਂ ਕੇ ਲੋਗਾਂ ਨੇ ਨਿਕਾਲਾ। ਪੂਛਨੇ ਸੇ ਪਤਾ ਚਲਾ ਕਿ ਇਹ ਗੁਰੂ ਜੀ ਸਮੇਤ ਨਗਾਹੀਏ ਕੇ ਘਰ ਮੇ ਠਹਿਰਾ ਹੂਆ ਹੈ। ਨਗਰ ਵਾਸੀ ਰੰਘੜਾਂ ਨੇ ਰੋਪੜ ਕੀ ਚੋਕੀ ਮੇਂ ਆਇ ਪਤਾ ਦੀਆ ਕਿ ਹਮਾਰੇ ਗਾਉਂ ਮੇਂ ਸਿੱਖੋਂ ਕਾ ਗੁਰੂ ਤੇਗ ਬਹਾਦੁਰ ਆਇਆ ਹੂਆ ਹੈ। ਚੌਂਕੀ ਸਰਦਾਰ ਨੇ ਮਲਕਪੁਰ ਜਾਇ ਗੁਰੂ ਜੀ ਕੇ ਤੀਨ ਸਿੱਖੋਂ ਕੇ ਹਮਰਾਹ ਰੋਪੜ ਮੇਂ ਲੈ ਆਂਦਾ।"[33]

ਇਸ ਗੱਲ ਦੀ ਪੁਸ਼ਟੀ ਕੇਸਰ ਸਿੰਘ ਛਿੱਬਰ ਦੀ ਲਿਖਤ ਤੋਂ ਵੀ ਹੋ ਜਾਂਦੀ ਹੈ ਜਿਹੜੀ ਕਿ ਗੁਰੂ ਦੀਆਂ ਸਾਖੀਆਂ ਤੋਂ ਪਹਿਲਾਂ ਦੀ ਹੈ :

ਪਿੰਡ ਤੇ ਰੰਘੜ ਆਇ ਧਾਇ।
ਗਹਿ ਲੀਤੇ ਸਾਹਿਬ ਅਤੇ ਸਤੀਦਾਸ ਜਾਇ।
ਮਤੀ ਦਾਸ ਭੀ ਖੂਹ ਤੇ ਕਢਿਆ ਮੰਗਾਇ।
ਭੇਜ ਆਦਮੀ ਫੌਜ ਰੋਪੜੋਂ ਮੰਗਾਈ।
ਜੋ ਕੁਛ ਆਹਾ ਸੋ ਖੋਹਿ ਲੀਤਾ ਸਾਹਿਬ ਦਿਤਾ ਪਕੜਾਈ।
ਰੋਪੜ ਵਾਲਿਆਂ ਆਦਮੀ ਭੇਜਿਆ ਸਰਹੰਦ।
ਆਉ ਫੌਜ ਲੈ ਜਾਓ ਅਸਾਂ ਸਾਹਿਬ ਕੀਤੇ ਬੰਦ।[34]

ਡਾ. ਫੌਜਾ ਸਿੰਘ ਨੇ ਉਕਤ ਗਵਾਹੀਆਂ ਦੇ ਆਧਾਰ ਤੇ ਇਉਂ ਲਿਖਿਆ ਹੈ: "ਚੱਕ ਨਾਨਕੀ ਤੋਂ ਚਲਣ ਤੋਂ ਇਕ ਦੋ ਦਿਨ ਬਾਅਦ 12 ਸਾਵਨ, 1732 ਬਿ. (22 ਜੁਲਾਈ, 1675 ਈ.) ਨੂੰ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਤਿੰਨਾਂ ਸਿੱਖਾਂ-ਸੇਵਕਾਂ ਸਮੇਤ ਘਨੌਲਾ ਪਰਗਨਾ ਦੇ ਪਿੰਡ ਮਲਿਕਪੁਰ ਰੰਘੜਾਂ ਵਿਖੇ ਗਰਿਫ਼ਤਾਰ ਕਰ ਲਿਆ ਗਿਆ। ਰੋਪੜ ਦੀ ਪੁਲੀਸ ਚੋਕੀ ਦੇ ਥਾਣੇਦਾਰ ਮਿਰਜਾ ਨੂਰ ਮੁਹੰਮਦ ਖਾਂ ਨੇ ਗਰਿਫ਼ਤਾਰੀ ਕੀਤੀ।"[35] ਇਸ ਤਰ੍ਹਾਂ ਮਲਿਕਪੁਰ ਰੰਘੜਾਂ ਪਿੰਡ ਦਾ ਗੁਰੂ ਤੇਗ ਬਹਾਦੁਰ ਜੀ ਨਾਲ ਗਹਿਰਾ ਸੰਬੰਧ ਹੈ ਅਤੇ ਅਸੀਂ ਕਿਸੇ ਵੀ ਤਰੀਕੇ ਨਾਲ ਉਕਤ ਵਰਨਣ ਕੀਤੀਆਂ ਗਵਾਹੀਆਂ ਨੂੰ ਝੁਠਲਾ ਨਹੀ ਸਕਦੇ।

ਰੋਪੜ : ਰੋਪੜ ਪੰਜਾਬ ਦਾ ਜਿਲਾ ਕੇਂਦਰ ਹੈ। ਇਥੇ ਭਾਵੇਂ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਕੋਈ ਗੁਰਦੁਆਰਾ ਨਹੀਂ ਹੈ ਪਰ ਇਥੇ ਰਵਾਇਤ ਪਰਚਲਤ ਹੈ ਕਿ ਇਸ ਅਸਥਾਨ ਨੂੰ ਸਾਰੇ ਗੁਰੂ ਸਾਹਿਬਾਨ ਦੀ ਚਰਨ-ਛੋਹ ਪਰਾਪਤ ਹੈ। ਇੱਥੋਂ ਦਾ ਗੁਰਦੁਆਰਾ ਸਦਾਵਰਤ, ਜੋ ਰੋਪੜ ਤੋਂ ਬਾਹਰਵਾਰ ਕੁਝ ਦੂਰੀ ਤੇ ਸਥਿਤ ਹੈ, ਦਸੇ ਗੁਰੂ ਸਾਹਿਬਾਨ ਦੀ ਯਾਦ ਨੂੰ ਦਰਸਾ ਰਿਹਾ ਹੈ। ਰੋਪੜ ਕਿਉਂਕਿ ਆਨੰਦਪੁਰ ਸਾਹਿਬ ਤੋਂ ਮਾਲਵੇ ਨੂੰ ਜਾਂਦਿਆਂ ਜਾਂ ਦਿੱਲੀ ਵੱਲ ਜਾਂਦਿਆਂ ਬਿਲਕੁਲ ਮੁੱਖ ਮਾਰਗ ਉੱਪਰ ਸਥਿਤ ਸੀ ਇਸ ਲਈ ਇਹ ਜ਼ਰੂਰੀ ਸੀ ਕਿ ਸਾਰੇ ਗੁਰੂ ਸਾਹਿਬਾਨ ਇਧਰ ਜਾਂਦਿਆਂ ਇੱਥੋਂ ਹੀ ਗੁਜ਼ਰਦੇ ਸਨ।

ਦੁੱਗਰੀ : ਜਦੋਂ ਰੋਪੜ ਤੋਂ ਬਾਹਮਣ ਮਾਜਰਾ ਅਤੇ ਬੂਰ ਮਾਜਰਾ ਹੋ ਕੇ ਚਮਕੌਰ ਸਾਹਿਬ ਵੱਲ ਜਾਂਦੇ ਹਾਂ ਤਾਂ ਰਸਤੇ ਵਿਚ ਪਿੰਡ ਦੁੱਗਰੀ ਸਥਿਤ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਯਾਦ ਵਿਚ ਇਕ ਸਾਧਾਰਣ (1975) ਜਿਹਾ ਗੁਰਦੁਆਰਾ ਹੈ। ਇਸ ਦੇ ਕੋਲ ਹੀ ਇਕ ਬਰੋਟੇ ਦਾ ਬਹੁਤ ਪੁਰਾਣਾ ਦਰਖੱਤ ਹੈ। ਇੱਥੋਂ ਦੇ ਲੋਕ ਇਸ ਬਰੋਟੇ ਨੂੰ ਗੁਰੂ ਜੀ ਦੇ ਸਮੇਂ ਦਾ ਦੱਸਦੇ ਹਨ। ਇੱਥੇ ਕੋਈ ਮਾਈ ਭਾਂਤੀ ਸਿੱਖ ਧਰਮ ਦੀ ਪਰਚਾਰਕ ਸੀ।

ਕੋਟਲੀ : ਦੁੱਗਰੀ ਤੋਂ ਹੀ ਥੋੜ੍ਹੀ ਜਿਹੀ ਵਿੱਥ ਨਾਲ ਪਿੰਡ ਕੋਟਲੀ ਹੈ। ਇੱਥੇ ਵੀ ਗੁਰੂ ਜੀ

ਦੀ ਆਉਣ ਦੀ ਯਾਦ ਵਿਚ ਇਕ ਗੁਰਦੁਆਰਾ ਹੈ। ਸਥਾਨਕ ਰਵਾਇਤਾਂ ਮੁਤਾਬਕ ਇੱਥੋਂ ਦਾ ਕੋਈ ਚੋਧਰੀ ਗੁਰੂ ਘਰ ਦਾ ਸ਼ਰਧਾਲੂ ਸੀ। ਉਸ ਨੇ ਗੁਰੂ ਘਰ ਨਾਲ ਕਾਫੀ ਜ਼ਮੀਨ ਵੀ ਲੁਆ ਰੱਖੀ ਸੀ ਪਰ ਇਹ ਜ਼ਮੀਨ ਅੱਜ ਕੱਲ ਨਹੀਂ ਹੈ।

ਕੁਰਾਲੀ : ਕੁਰਾਲੀ, ਰੋਪੜ-ਖਰੜ ਸੜਕ ਉੱਪਰ ਇਕ ਪਰਸਿੱਧ ਕਸਬਾ ਹੈ। ਇੱਥੇ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦੁਰ ਜੀ ਦੇ ਯਾਦ ਵਿਚ ਦੋ ਗੁਰਦੁਆਰੇ ਸਨ। ਇਹ ਗੱਲ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖੀ ਹੈ : "ਕੁਰਾਲੀ, ਇਕ ਕਸਬਾ, ਜੋ ਜਿਲਾ ਅੰਬਾਲਾ, ਤਸੀਲ ਰੋਪੜ ਵਿਚ ਹੈ। ਇਸ ਥਾਂ ਦੋ ਗੁਰਦੁਆਰੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ।"[36] ਪਰ ਜਦੋਂ ਮੈਂ 1975 ਵਿਚ ਇੱਥੋਂ ਦਾ ਸਰਵੇਖਣ ਕੀਤਾ ਸੀ ਤਾਂ ਉਸ ਸਮੇਂ ਇੱਥੇ ਕੋਈ ਗੁਰਦੁਆਰਾ ਨਹੀਂ ਸੀ। ਇਸ ਦੀ ਵਜਾਹ ਇੱਥੋਂ ਦੇ ਲੋਕਾਂ ਨਾਲ ਗੱਲਾਂ ਕਰਨ ਕਰਕੇ ਇਹ ਪਤਾ ਚਲਿਆ ਸੀ ਕਿ ਇਥੇ ਕੁਝ ਸੋਢੀ ਪਰਿਵਾਰਾਂ ਤੇ ਸ਼ਰੋਮਣੀ ਕਮੇਟੀ ਵਿਚਕਾਰ ਅਦਾਲਤੀ ਝਗੜਾ ਚਲਿਆ ਸੀ ਜਿਸ ਕਰ ਕੇ ਇੱਥੋਂ ਦੇ ਧਾਰਮਿਕ ਅਸਥਾਨ ਝਗੜੇ ਦੀ ਵਜਾਹ ਕਰ ਕੇ ਸੋਢੀਆਂ ਦੇ ਜਾਤੀ ਘਰਾਂ ਵਿਚ ਤਬਦੀਲ ਹੋ ਗਏ ਸਨ।[37]

ਗੁਰਦੁਆਰਾ ਪਾਤਿਸਾਹੀ ਨੌਵੀਂ : ਮਾਨਪੁਰ : ਇਹ ਗੁਰਦੁਆਰਾ ਨੌਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਹੈ ਅਤੇ ਰੋਪੜ ਜਿਲ੍ਹੇ ਦੇ ਪਿੰਡ ਮਾਨਪੁਰ ਵਿਖੇ ਸਥਿਤ ਹੈ। ਮਾਨਪੁਰ ਮੁਰਿੰਡਾ ਲੁਧਿਆਣਾ ਸੜਕ ਤੇ ਮੁਰਿੰਡੇ ਤੋਂ ਛੇ ਕਿਲੋਮੀਟਰ ਦੀ ਵਿੱਥ 'ਤੇ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਆਪਣੇ ਕਿਸੇ ਪਰਚਾਰ ਦੌਰੇ ਸਮੇਂ ਆਏ ਦੱਸੇ ਜਾਂਦੇ ਹਨ।

ਗੁਰਦੁਆਰਾ ਸਾਹਿਬ ਇਕ ਖੁੱਲ੍ਹੀ ਜਗਾਹ ਵਿਚ ਬਣਿਆ ਹੋਇਆ ਹੈ। ਦੋ ਮੰਜਲੀ ਇਮਾਰਤ ਹੈ। ਗੁਰਦੁਆਰਾ ਸਾਹਿਬ ਨਾਲ 15 ਏਕੜ ਜ਼ਮੀਨ ਹੈ। 1933 ਈ. ਤੋਂ ਲੈ ਕੇ 1948 ਈ. ਤਕ ਇੱਥੇ ਗੁਰੂ ਨਾਨਕ ਮਹਾਂਵਿਦਿਆਲਾ ਚਲਦਾ ਰਿਹਾ ਸੀ ਜੋ ਹੁਣ ਬੰਦ ਹੈ। ਇਸ ਵਿਦਿਆਲੇ ਵਿਚ ਸਾਜ ਸੰਗੀਤ ਅਤੇ ਰਾਗਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ।

ਘੜੂੰਆਂ : ਪਿੰਡ ਘੜੂੰਆਂ ਮੋਰਿੰਡਾ-ਚੰਡੀਗੜ੍ਹ ਸੜਕ ਉੱਪਰ ਮੋਰਿੰਡਾ ਤੋਂ ਪੰਜ ਕੁ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇੱਥੇ ਦੋ ਗੁਰਦੁਆਰੇ ਹਨ : ਇਕ ਗੁਰੂ ਹਰਿ ਰਾਇ ਜੀ ਦਾ ਤੇ ਦੂਜਾ ਗੁਰੂ ਤੇਗ ਬਹਾਦੁਰ ਜੀ ਦਾ। ਗੁਰੂ ਹਰਿ ਰਾਇ ਜੀ ਦਾ ਗੁਰਦੁਆਰਾ ਪਿੰਡ ਦੇ ਅੰਦਰ ਹੈ। ਜਦੋਂ ਕਿ ਨੌਵੇਂ ਪਾਤਸ਼ਾਹ ਦਾ ਪਿੰਡ ਤੋਂ ਬਾਹਰਵਾਰ ਦੋ ਕੁ ਫਰਲਾਂਗ ਦੀ ਵਿੱਥ 'ਤੇ ਹੈ। ਜਦੋਂ ਗੁਰੂ ਜੀ ਇੱਥੇ ਆ ਕੇ ਠਹਿਰੇ ਸਨ ਤਾਂ ਉਸ ਸਮੇਂ ਇੱਥੇ ਇਕ ਵੱਡਾ ਟੋਭਾ ਅਤੇ ਦਰਖਤਾਂ ਦੇ ਘਣੇ ਝੁੰਡ ਸਨ। ਇੱਥੇ ਦਾ ਇਕ ਸਥਾਨਕ ਤਰਖਾਣ ਬਲਰਾਮ ਗੁਰੂ ਜੀ ਦੀ ਸੇਵਾ ਕਰਨ ਵਾਲੇ ਵਿਅਕਤੀਆਂ ਵਿਚੋਂ ਇਕ ਸੀ। ਲੋਕਾਂ ਨੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਪਹਿਲਾਂ ਪਹਿਲ ਇੱਥੇ ਇਕ ਕੱਚਾ ਕੋਠਾ ਪਾ ਦਿੱਤਾ ਸੀ ਜਿਹੜਾ ਕਿ ਪਿੱਛੋਂ ਪੱਕਾ ਬਣਾ ਦਿੱਤਾ ਗਿਆ ਸੀ। ਅੱਜ ਕੱਲ ਇਕ ਸੁੰਦਰ ਗੁਰਦੁਆਰਾ ਅਤੇ ਸਰੋਵਰ ਹੈ। ਲੋਕ ਦੱਸਦੇ ਹਨ ਕਿ ਇਹ ਸਰੋਵਰ ਪਹਿਲੇ ਟੋਭੇ ਵਾਲੀ ਥਾਂ 'ਤੇ ਹੀ ਹੈ ਅਤੇ ਲੋਕ ਸ਼ਰਧਾ ਨਾਲ ਇਸ ਵਿਚ ਇਸ਼ਨਾਨ ਕਰਦੇ ਹਨ।

ਨੰਦਪੁਰ ਕਲੌੜ : ਨੰਦਪੁਰ ਅਤੇ ਕਲੌੜ ਪਿੰਡ ਇਕੱਠੇ ਹੋਣ ਕਰ ਕੇ ਨੰਦਪੁਰ ਕਲੌੜ ਇਕੋ ਹੀ ਸੰਯੁਕਤ ਨਾਂ ਪਰਚਲਤ ਹੈ। ਦੋਵਾਂ ਪਿੰਡਾਂ ਵਿਚਕਾਰ ਸਿਰਫ ਦੋ ਕੁ ਫਰਲਾਂਗ ਦਾ ਹੀ ਫਾਸਲਾ ਹੈ। ਦੋਵੇਂ ਹੀ ਪਿੰਡਾਂ ਵਿਚ ਗੁਰੂ ਤੇਗ ਬਹਾਦੁਰ ਜੀ ਦੇ ਗੁਰਦੁਆਰੇ ਹਨ। ਇਹ ਦੋਵੇਂ ਪਿੰਡ ਬੱਸੀ ਪਠਾਣਾ ਤੋਂ ਉੱਤਰ ਵੱਲ ਦਸ ਕਿਲੋਮੀਟਰ ਦੀ ਵਿੱਥ 'ਤੇ ਮੁੱਖ ਸੜਕ ਉਪਰ ਸਥਿਤ ਹਨ। ਮੁਰਿੰਡੇ

ਵਲੋਂ ਵੀ ਰਤਨਗੜ੍ਹ ਅਤੇ ਹਿੰਮਤਪੁਰੇ ਵਿਚੋਂ ਦੀ ਸੜਕ ਨੰਦਪੁਰ ਕਲੌੜ ਨੂੰ ਜਾਂਦੀ ਹੈ। ਇੱਥੇ ਜਿਸ ਥਾਂ 'ਤੇ ਗੁਰੂ ਸਾਹਿਬ ਆ ਕੇ ਠਹਿਰੇ ਸਨ ਉਹ ਇਕ ਗੁਰੂ ਘਰ ਦੀ ਸ਼ਰਧਾਲੂ ਮਾਈ ਦੀ ਥਾਂ ਸੀ। ਪਿੱਛੋਂ ਇਸ ਮਾਈ ਨੇ ਗੁਰੂ ਜੀ ਦੀ ਯਾਦ ਵਿਚ ਇਕ ਥੜ੍ਹਾ ਬਣਾ ਦਿੱਤਾ ਸੀ। ਸਿੱਖ ਰਿਆਸਤਾਂ ਸਮੇਂ ਇੱਥੇ ਪੱਕਾ ਗੁਰਦੁਆਰਾ ਉਸਾਰ ਦਿੱਤਾ ਗਿਆ ਸੀ ਪਰ ਇਹ ਥਾਂ ਬਹੁਤ ਨੀਵੀਂ ਸੀ। ਪਿੱਛੋਂ ਇੱਥੇ ਭਰਤ ਪਾ ਕੇ ਪੁਰਾਣੀ ਬਿਲਡਿੰਗ ਦੀ ਛੱਤ ਉਪਰੋਂ ਹੀ ਨਵੀਂ ਬਿਲਡਿੰਗ ਦੀ ਛੱਤ ਉਸਾਰ ਦਿੱਤੀ ਗਈ ਸੀ। ਸਥਾਨਕ ਤੌਰ 'ਤੇ ਇਹ ਗੱਲ ਪਰਚਲਤ ਹੈ ਕਿ ਇਸ ਪਿੰਡ ਨੂੰ ਗੁਰੂ ਸਾਹਿਬ ਨੇ ਹੜਾਂ ਦੀ ਮਾਰ ਤੋਂ ਬਚਾਉਣ ਲਈ ਸਿੱਖ ਸੰਗਤਾਂ ਨੂੰ ਪਰੇਰ ਕੇ ਪਿੰਡ ਦੇ ਆਲੇ ਦੁਆਲੇ ਇਕ ਬੰਨ੍ਹ ਉਸਰਵਾ ਦਿੱਤਾ ਸੀ।

ਕਲੌੜ ਵਿਚ ਵੀ ਗੁਰੂ ਸਾਹਿਬ ਠਹਿਰੇ ਸਨ। ਇੱਥੇ ਸਿੱਖ ਰਿਆਸਤਾਂ ਸਮੇਂ ਇਸ ਪਿੰਡ ਦੇ ਹੀ ਬਾਬਾ ਮਨੀ ਸਿੰਘ ਨੇ ਗੁਰਦੁਆਰੇ ਲਈ ਥਾਂ ਮਨਜ਼ੂਰ ਕਰਵਾਈ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਇਉਂ ਲਿਖਿਆ ਹੈ : "ਰਿਆਸਤ ਪਟਿਆਲਾ, ਤਸੀਲ ਥਾਣਾ ਬੱਸੀ ਵਿਚ ਇਕ ਪਿੰਡ। ਇਸ ਪਿੰਡ ਦੀ ਵੱਸੋਂ ਅੰਦਰ ਇਕ ਨੀਵੀਂ ਜਿਹੀ ਥਾਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਨੀਵੀਂ ਥਾਂ ਹੋਣ ਕਰ ਕੇ ਬਰਸਾਤ ਦਾ ਪਾਣੀ ਅੰਦਰ ਆ ਜਾਂਦਾ ਹੈ। ਗੁਰਦੁਆਰੇ ਨਾਲ ਜਾਗੀਰ 70/- ਸਾਲਾਨਾ ਰਿਆਸਤ ਪਟਿਆਲਾ ਵੱਲੋਂ ਹੈ। ਰੇਲਵੇ ਸਰਹਿੰਦ ਤੋਂ ਈਸਾਨ ਕੋਣ (ਉੱਤਰ ਵੱਲ) ਨੌ ਮੀਲ ਹੈ।"[38]

ਰੈਲੋਂ : ਪਿੰਡ ਰੈਲੋਂ, ਨੰਦਪੁਰ ਕਲੌੜ ਤੋਂ ਤਿੰਨ ਕਿਲੋਮੀਟਰ ਪੂਰਬ ਵੱਲ ਹੈ। ਸਥਾਨਕ ਰਵਾਇਤ ਹੈ ਕਿ ਰੈਲੋਂ ਪਿੰਡ ਦੀ ਸੰਗਤ ਗੁਰੂ ਸਾਹਿਬ ਨੂੰ ਨੰਦਪੁਰ ਕਲੌੜ ਤੋਂ, ਆਪ ਜਾ ਕੇ ਲੈ ਕੇ ਆਈ ਸੀ। ਇੱਥੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਹੈ। ਗੁਰਦੁਆਰੇ ਵਿਚ ਇਕ ਲਿਖਤ ਵੀ ਪਈ ਹੈ ਜਿਸ ਵਿਚ ਇੱਥੇ ਦੀ ਕਿਸੇ ਮਾਈ ਨੂੰ ਪੁੱਤਰ ਦੀ ਦਾਤ ਬਖ਼ਸ਼ਣ ਬਾਰੇ ਲਿਖਿਆ ਹੋਇਆ ਹੈ।

ਬਹੇੜ : ਪਿੰਡ ਬਹੇੜ ਸਰਹਿੰਦ-ਚੰਡੀਗੜ੍ਹ ਸੜਕ ਉੱਪਰ ਰੈਲੋਂ ਤੋਂ ਪੰਜ ਕਿਲੋਮੀਟਰ ਪੂਰਬ ਵੱਲ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਆਮਦ ਦੀ ਨਿਸ਼ਾਨੀ ਵੱਜੋਂ ਇਕ ਗੁਰਦੁਆਰਾ ਸੁਸ਼ੋਭਤ ਹੈ। ਸਥਾਨਕ ਰਵਾਇਤ ਹੈ ਕਿ ਇਸ ਪਿੰਡ ਦੇ ਲਾਗਿਉਂ ਦੀ ਉਸ ਸਮੇਂ ਇਕ ਖਰੜ ਵਾਲੀ ਨਦੀ ਲੰਘਦੀ ਸੀ ਜਿਹੜੀ ਬਰਸਾਤਾਂ ਸਮੇਂ ਪਿੰਡ ਨੂੰ ਬਹੁਤ ਨੁਕਸਾਨ ਪਹੁੰਚਾਉਂਦੀ ਸੀ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਇਕੱਠਿਆਂ ਕਰ ਕੇ ਪਿੰਡ ਦੇ ਆਲੇ ਦੁਆਲੇ ਬੰਨ੍ਹ ਉਸਾਰ ਕੇ ਨਦੀ ਦਾ ਮੁਹਾਣ ਮੋੜ ਦਿੱਤਾ ਸੀ।

ਰੈਲੀ : ਰੈਲੀ ਪਿੰਡ ਬਹੇੜ ਤੋਂ ਅੱਗੇ ਪੂਰਬ ਵੱਲ ਦੋ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇੱਥੇ ਗੁਰੂ ਸਾਹਿਬ ਪਿੰਡ ਬਹੇੜ ਤੋਂ ਆਏ ਸਨ। ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਹੈ ਕਿਉਂਕਿ ਇਹ ਪਿੰਡ ਪਹਿਲਾਂ ਮੁਸਲਿਮ ਆਬਾਦੀ ਵਾਲਾ ਸੀ ਇਸ ਕਰ ਕੇ ਇੱਥੇ ਗੁਰਦੁਆਰਾ ਬਣਾਉਣ ਸਮੇਂ ਸਿੱਖਾਂ ਅਤੇ ਮੁਸਲਮਾਨਾਂ ਵਿਚ ਕੁਝ ਤਕਰਾਰ ਹੋ ਗਿਆ ਸੀ।

ਬੱਸੀ ਪਠਾਣਾ : ਬੱਸੀ ਪਠਾਣਾ, ਜ਼ਿਲਾ ਫਤਿਹਗੜ੍ਹ ਸਾਹਿਬ ਦਾ ਇਕ ਪਰਸਿੱਧ ਅਤੇ ਪੁਰਾਤਨ ਨਗਰ ਹੈ। ਇਹ ਫਤਿਹਗੜ੍ਹ ਸਾਹਿਬ ਤੋਂ ਮੁਰਿੰਡਾ ਸੜਕ ਉੱਪਰ ਪੰਜ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇਸ ਦਾ ਪਹਿਲਾ ਨਾਂ ਬਸਤੀ ਮਲਿਕ ਹੈਦਰ ਸੀ।[39] ਪਿੱਛੋਂ ਪਠਾਣ ਸਰਦਾਰਾਂ ਦੀ ਬਸਤੀ ਹੋਣ ਕਰ ਕੇ ਇਸ ਨੂੰ ਬੱਸੀ ਪਠਾਣਾ ਕਿਹਾ ਜਾਣ ਲੱਗ ਪਿਆ ਸੀ। ਇਸ

ਅਸਥਾਨ ਦਾ ਸੰਬੰਧ ਗੁਰੂ ਤੇਗ ਬਹਾਦੁਰ ਜੀ ਦੀਆਂ ਯਾਤਰਾਵਾਂ ਜਾਂ ਪਰਚਾਰ ਦੌਰਿਆਂ ਨਾਲ
ਨਹੀਂ ਹੈ ਸਗੋਂ ਗੁਰੂ ਜੀ ਦੀ ਗਰਿਫਤਾਰੀ ਨਾਲ ਹੈ। ਜਦੋਂ ਗੁਰੂ ਜੀ ਨੂੰ ਰੋਪੜ ਦੇ ਮਲਿਕਪੁਰ
ਰੰਘੜਾਂ ਕਸਬੇ ਤੋਂ ਗਰਿਫ਼ਤਾਰ ਕਰ ਕੇ ਸਰਹਿੰਦ ਲਿਆਂਦਾ ਗਿਆ ਸੀ ਤਾਂ ਇੱਥੋਂ ਬਦਲ ਕੇ ਗੁਰੂ
ਸਾਹਿਬ ਨੂੰ ਬੱਸੀ ਪਠਾਣਾ ਵਿਚ ਚਾਰ ਮਹੀਨੇ ਨਜ਼ਰਬੰਦ ਕਰ ਕੇ ਰੱਖਿਆ ਗਿਆ ਸੀ। ਇਨ੍ਹਾਂ
ਚਾਰ ਮਹੀਨਿਆਂ ਵਿਚ ਗੁਰੂ ਜੀ ਨੂੰ ਬਹੁਤ ਤਸੀਹੇ ਵੀ ਦਿੱਤੇ ਗਏ ਸਨ। ਸਰੂਪ ਸਿੰਘ ਕੋਸ਼ਿਸ਼ ਨੇ
ਇਸ ਦਾ ਜ਼ਿਕਰ ਇਉਂ ਕੀਤਾ ਹੈ।

"ਚਾਉਂਕੀ ਸਰਦਾਰ ਨੇ ਮਲਕ ਪੁਰ ਜਾਇ ਗੁਰੂ ਜੀ ਕੋ ਤੀਨ ਸਿੱਖੋਂ ਕੇ ਹਮਰਾਹ
ਪਕੜ ਰੋਪੜ ਮੇਂ ਲੇ ਆਂਦਾ। ਅਗਲੇ ਦਿਹੁੰ ਸੰਮਤ ਸਤਰਾਂ ਸੇ ਬਤੀਸ ਸਾਵਨ
ਪਰਵਿਸ਼ਟੇ ਤੇਰਾਂ ਕੇ ਇਨ ਹਾਕਮ ਸਰਹੰਦ ਕੇ ਪੇਸ਼ ਕੀਆ। ਇਨ ਕੋ ਬਸੀ ਪਠਾਣਾ
ਕੀ ਹਵਾਲਾਤ ਮੇ ਬੰਦ ਕਰਕੇ ਦਿੱਲੀ ਦਰਬਾਰ ਮੇਂ ਇਤਲਾਹ ਭੇਜ ਦਈ।"[40]

ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਜਲਹਾਨੇ ਬਲਾਊਤੋਂ ਕਾ ਵਿਚ ਇਉਂ ਦਰਜ ਕੀਤਾ
ਗਿਆ ਹੈ:

"ਗੁਰੂ ਤੇਗ ਬਹਾਦਰ ਮਹਲ ਨਾਮਾ ਕੋ ਨੂਰ ਮੁਹੰਮਦ ਖਾਨ ਮਿਰਜ਼ਾ ਚਉਂਕੀ ਰੋਪੜ
ਵਾਲੇ ਨੇ ਸਾਲ ਸਤਰਾਂ ਸੈ ਬਤੀਸ ਸਾਵਨ ਪਰਵਿਸ਼ਟੇ ਬਾਰਾਂ ਕੇ ਦਿਹੁੰ ਧਾਮ
ਮਲਕਪੁਰ ਰੰਘੜਾਂ, ਪਰਗਣਾ ਘਨੌਲਾ ਸੇ ਪਕੜ ਕੇ ਸਰਹਿੰਦ ਮੇ ਪਹੁੰਚਾਇਆ।
ਗੈਲੇ ਦੀਵਾਨ ਮਤੀ ਦਾਸ ਸਤੀ ਦਾਸ ਬੇਟਾ ਹੀਰਾ ਮੱਲ ਛਿੱਬਰ ਬਲਾਊਤ ਕਾ
ਪਕੜਾ ਆਇਆ। ਚਾਰ ਮਾਸ ਬਸੀ ਪਠਾਣਾ ਬੰਦੀ ਖਾਨੇ ਮੇ ਬੰਦ ਰਹੇ।"

ਗੁਰੂ ਸਾਹਿਬ ਨੂੰ ਬੱਸੀ ਪਠਾਣਾਂ ਤੋਂ ਸੰਮਤ ਸਤਾਰਾਂ ਸੌ ਬੱਤੀ ਬਿਕਰਮੀ ਦੀ ਮੱਘਰ ਵਦੀ
ਤਰੋਦਸ ਦਿਨ ਵੀਰਵਾਰ ਨੂੰ ਦਿੱਲੀ ਭੇਜ ਦਿੱਤਾ ਗਿਆ ਸੀ। ਭਾਵੇਂ ਇਸ ਸਮੇਂ ਬੱਸੀ ਪਠਾਣਾਂ ਵਿਖੇ
ਗੁਰੂ ਸਾਹਿਬ ਦੀ ਯਾਦ ਵਿਚ ਕੋਈ ਗੁਰਦੁਆਰਾ ਨਹੀਂ ਹੈ ਅਤੇ ਨਾ ਹੀ ਹਿਰਾਸਤ ਵਿਚ ਰੱਖਣ
ਵਾਲੀ ਥਾਂ ਦਾ ਹੀ ਕੋਈ ਪਤਾ ਹੈ ਪਰ ਜਿਵੇਂ ਕਿ ਇਸ ਘਟਨਾ ਦੀ ਗਵਾਹੀ ਇਤਨੀਆਂ ਭਰੋਸੇ-
ਯੋਗ ਲਿਖਤਾਂ ਤੋਂ ਮਿਲਦੀ ਹੈ। ਇਸ ਦੀ ਰੋਸ਼ਨੀ ਵਿਚ ਬੱਸੀ ਪਠਾਣਾਂ ਗੁਰੂ ਜੀ ਦੀ ਸਦੀਵੀ
ਯਾਦ ਨਾਲ ਜੁੜਿਆ ਹੋਇਆ ਇਤਿਹਾਸਕ ਅਸਥਾਨ ਹੈ।

ਮਕਾਰੋਪੁਰ: ਪਿੰਡ ਮਕਾਰੋਪੁਰ ਸਰਹਿੰਦ-ਚੰਡੀਗੜ੍ਹ ਸੜਕ ਉੱਪਰ ਸਰਹਿੰਦ ਤੋਂ ਪੰਦਰਾਂ
ਕਿਲੋਮੀਟਰ ਦੂਰ ਹੈ। ਮੁੱਖ ਸੜਕ ਤੋਂ ਲਿੰਕ ਰੋਡ ਰਾਹੀਂ ਜਾਇਆ ਜਾਂਦਾ ਹੈ। ਇੱਥੇ ਤਿੰਨ
ਇਤਿਹਾਸਕ ਗੁਰਦੁਆਰੇ ਹਨ: ਇਕ ਗੁਰੂ ਨਾਨਕ ਦੇਵ ਜੀ ਦਾ ਜੋ ਚੜ੍ਹਦੇ ਪਾਸੇ ਈਸਰ ਖੇਲ ਦੇ
ਥੇਹ ਉੱਪਰ ਹੈ। ਇਸ ਬਾਰੇ ਕਾਫੀ ਝਗੜਾ ਚਲਦਾ ਰਿਹਾ ਸੀ ਅਤੇ ਇੱਥੇ ਗਲਤ ਕਿਸਮ ਦੇ
ਵਿਅਕਤੀ ਕਾਬਜ਼ ਹੋ ਕੇ ਬੈਠ ਗਏ ਸਨ। ਦੂਸਰਾ ਗੁਰਦੁਆਰਾ ਗੁਰੂ ਤੇਗ ਬਹਾਦੁਰ ਜੀ ਦਾ ਹੈ।
ਇਹ ਪਿੰਡ ਦੇ ਬਿਲਕੁਲ ਬਾਹਰ ਵਾਰ ਹੈ। ਇੱਥੇ ਗੁਰੂ ਜੀ ਆ ਕੇ ਠਹਿਰੇ ਸਨ ਅਤੇ ਕੁਝ ਦਿਨ
ਰਹੇ ਸਨ। ਪਹਿਲਾਂ ਇੱਥੇ ਸਿਰਫ ਇਕ ਕੱਚਾ ਕੋਠਾ ਹੀ ਹੁੰਦਾ ਸੀ ਉਸੇ ਵਿਚ ਹੀ ਗੁਰੂ ਗ੍ਰੰਥ
ਸਾਹਿਬ ਦਾ ਪਰਕਾਸ਼ ਕੀਤਾ ਜਾਂਦਾ ਸੀ। ਪਿੱਛੋਂ ਸੰਤ ਗੰਗਾ ਰਾਮ ਜੀ ਨੇ ਸਿੱਖ ਸੰਗਤਾਂ ਨੂੰ ਪਰੇਰ ਕੇ
ਇੱਥੇ ਵਰਤਮਾਨ ਗੁਰਦੁਆਰਾ ਬਣਵਾ ਦਿੱਤਾ ਸੀ। ਭਾਈ ਕਾਨ੍ਹ ਸਿੰਘ ਨੇ ਇਸ ਦਾ ਜ਼ਿਕਰ ਇਉਂ
ਕੀਤਾ ਹੈ: "ਮਕਾਰੋਪੁਰ: ਰਾਜ ਪਟਿਆਲਾ, ਤਸੀਲ ਸਰਹਿੰਦੀ, ਥਾਣਾ ਬੱਸੀ ਦਾ ਪਿੰਡ ਜੋ ਰੇਲਵੇ
ਸਟੇਸ਼ਨ ਸਾਧੂਗੜ੍ਹ ਤੋਂ ਦੋ ਮੀਲ ਉੱਤਰ ਪੂਰਵ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਬਿਰਾਜੇ

ਹਨ। ਮੰਦਰ ਬਣਿਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦਾ ਨਿਤ ਪ੍ਰਕਾਸ਼ ਹੁੰਦਾ ਹੈ। ਪੁਜਾਰੀ ਸਿੰਘ ਹੈ।"[41] ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਪਿੰਡ ਦੇ ਅੰਦਰ ਹੈ।

ਭਗੜਾਨਾ : ਪਿੰਡ ਭਗੜਾਨਾ ਰਾਜਪੁਰੇ ਤੋਂ ਅਠਾਰਾਂ ਕਿਲੋਮੀਟਰ ਪੱਛਮ ਵੱਲ ਹੈ ਅਤੇ ਜੀ. ਟੀ. ਰੋਡ ਤੋਂ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਹੈ ਜੋ ਦਾਦੂ ਮਾਜਰਾ ਅਤੇ ਭਗੜਾਨਾ ਦੀ ਸਾਂਝੀ ਹਦ ਉੱਪਰ ਹੈ। ਗੁਰੂ ਸਾਹਿਬ ਇੱਥੇ ਇਕ ਬਰੋਟੇ ਹੇਠ ਆ ਕੇ ਬੈਠੇ ਸਨ। ਇੱਥੇ ਇਕ ਅਮਰੂ ਬਹਿਰਾ ਅਤੇ ਦਿਆਲੂ ਜੁਲਾਹਾ ਗੁਰੂ ਸਾਹਿਬ ਦੇ ਸ਼ਰਧਾਲੂ ਸਿੱਖ ਸਨ। ਇੱਥੇ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਗੁਰਦੁਆਰਾ ਬਣਵਾਇਆ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ : "ਇਸ ਪਿੰਡ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਦਰਬਾਰ ਛੋਟਾ ਜਿਹਾ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਬਹੁਤ ਹਨ। ਗੁਰਦੁਆਰੇ ਨਾਲ 250 ਬਿਘੇ ਜਮੀਨ ਰਿਆਸਤ ਵੱਲੋਂ ਹੈ। ਇਸ ਵੇਲੇ ਪੁਜਾਰਣ ਸਿੰਘਣੀ ਹੈ।"[42]

ਉਗਾਣੀ : ਪਿੰਡ ਉਗਾਣੀ ਰਾਜਪੁਰੇ ਤੋਂ ਪੱਛਮ ਵੱਲ 10 ਕਿਲੋਮੀਟਰ ਦੀ ਵਿੱਥ ਤੇ ਹੈ ਅਤੇ ਜੀ. ਟੀ. ਰੋਡ ਤੋਂ ਦੋ ਕਿਲੋਮੀਟਰ ਦੂਰ ਲਿੰਕ ਰੋਡ ਨਾਲ ਜੁੜਿਆ ਹੋਇਆ ਹੈ। ਇੱਥੇ ਤਿੰਨ ਗੁਰੂ ਸਾਹਿਬਾਨ ਆਏ ਸਨ : ਗੁਰੂ ਹਰਿ ਗੋਬਿੰਦ ਸਾਹਿਬ, ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ। ਮਹਾਰਾਜਾ ਕਰਮ ਸਿੰਘ ਜੀ ਨੇ ਇੱਥੇ ਪਹਿਲੋਂ ਪਹਿਲ ਗੁਰਦੁਆਰਾ ਬਣਵਾਇਆ ਸੀ। ਇਕੋ ਕੰਪਲੈਕਸ ਅੰਦਰ ਤਿੰਨੇ ਗੁਰੂ ਸਾਹਿਬਾਨ ਦੀਆਂ ਯਾਦਾਂ ਹਨ। ਅੱਜ ਕੱਲ ਭਾਵੇਂ ਨਵੀਂ ਇਮਾਰਤ ਬਣ ਗਈ ਹੈ ਪਰ ਪੁਰਾਣੀ ਇਮਾਰਤ ਵੀ ਕਾਇਮ ਹੈ, ਜਿਸ ਵਿਚ ਸੇਵਾਦਾਰਾਂ ਦੀ ਰਿਹਾਇਸ਼ ਹੈ। ਇਸ ਗੁਰਦੁਆਰੇ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਕੀਤਾ ਹੈ।

ਬਹਾਦਰਗੜ੍ਹ : ਬਹਾਦਰਗੜ੍ਹ, ਜਿਸ ਦਾ ਪਹਿਲਾ ਨਾਂ ਸੈਫਾਬਾਦ ਸੀ, ਪਟਿਆਲਾ ਤੋਂ ਅੱਠ ਕਿਲੋਮੀਟਰ ਦੀ ਵਿੱਥ 'ਤੇ ਪਟਿਆਲਾ ਰਾਜਪੁਰਾ ਸੜਕ ਉੱਪਰ ਸਥਿਤ ਹੈ। ਇਹ ਨਵਾਬ ਸੈਫੂਦੀਨ ਜਾਂ ਸੈਫ ਖਾਨ ਦੀ ਨਿਜੀ ਜਾਗੀਰ ਸੀ। ਨਵਾਬ ਸੈਫੂਦੀਨ ਔਰੰਗਜ਼ੇਬ ਦਾ ਧਰਮ ਦਾ ਭਰਾ ਬਣਿਆ ਹੋਇਆ ਸੀ ਅਤੇ ਗਵਰਨਰ ਜਾਂ ਸੂਬੇਦਾਰਾਂ ਦੇ ਵੱਡੇ-ਵੱਡੇ ਅਹੁਦਿਆਂ ਤੇ ਰਹਿ ਚੁੱਕਿਆ ਸੀ। ਉਹ ਸੂਫੀ ਤਬੀਅਤ ਦਾ ਵਿਅਕਤੀ ਸੀ। ਇਸ ਲਈ ਉਹ ਰਾਜਨੀਤੀ ਨਾਲੋਂ ਧਰਮ ਕਰਮ ਦੇ ਕੰਮਾਂ ਵਿਚ ਜ਼ਿਆਦਾ ਦਿਲਚਸਪੀ ਰੱਖਦਾ ਸੀ। ਇਸੇ ਕਰ ਕੇ ਹੀ ਉਸ ਦਾ ਗੁਰੂ ਤੇਗ ਬਹਾਦੁਰ ਜੀ ਨਾਲ ਇਤਨਾ ਸਨੇਹ ਸੀ ਕਿ ਗੁਰੂ ਜੀ ਜਦੋਂ ਵੀ ਇਧਰ ਆਉਂਦੇ ਸਨ ਨਵਾਬ ਸੈਫੂਦੀਨ ਕੋਲ ਜ਼ਰੂਰ ਠਹਿਰਦੇ ਸਨ। ਗੁਰੂ ਸਾਹਿਬ ਇੱਥੇ ਕਈ ਵਾਰ ਆਏ ਸਨ ਅਤੇ ਕਾਫੀ ਲੰਮਾਂ ਸਮਾਂ ਇੱਥੇ ਠਹਿਰਦੇ ਰਹੇ ਸਨ। ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਇੱਥੇ ਦੋ ਗੁਰਦੁਆਰੇ ਹਨ : ਇਕ ਗੁਰਦੁਆਰਾ ਕਿਲੇ ਦੇ ਅੰਦਰ ਹੈ ਅਤੇ ਦੂਜਾ ਕਿਲੇ ਦੇ ਬਾਹਰ ਹੈ। ਅੰਦਰਲੀ ਥਾਂ ਤੇ ਗੁਰੂ ਜੀ ਦੇ ਪਰਿਵਾਰ ਦੀ ਰਿਹਾਇਸ਼ ਸੀ ਅਤੇ ਬਾਹਰਲੀ ਥਾਂ ਤੇ ਗੁਰੂ ਜੀ ਦੀਆਂ ਸਿੱਖ ਸੰਗਤਾਂ ਦਾ ਡੇਰਾ ਹੁੰਦਾ ਸੀ।

ਪਟਿਆਲਾ ਦੇ ਮਹਾਰਾਜਾ ਅਮਰ ਸਿੰਘ ਨੇ ਸੰਨ 1774 ਈ. ਵਿਚ ਨਵਾਬ ਸੈਫੂਦੀਨ ਦੇ ਉਸ ਸਮੇਂ ਦੇ ਉਤਰਅਧਿਕਾਰੀਆਂ ਕੋਲੋਂ ਯੋਗ ਕੀਮਤ ਅਤੇ ਜਾਗੀਰ ਦੇ ਕੇ ਖਰੀਦ ਲਿਆ ਸੀ ਅਤੇ ਇਸ ਥਾਂ ਨੂੰ ਕਿਲੇ ਦਾ ਰੂਪ ਦੇ ਦਿੱਤਾ ਗਿਆ ਸੀ। ਪਿੱਛੋਂ ਮਹਾਰਾਜਾ ਕਰਮ ਸਿੰਘ ਨੇ ਇਸ ਕਿਲੇ ਨੂੰ ਵਰਤਮਾਨ ਰੂਪ ਦਿੱਤਾ ਅਤੇ ਅੰਦਰਲਾ ਅਤੇ ਬਾਹਰਲਾ ਗੁਰਦੁਆਰਾ ਬਣਵਾਇਆ।[43]

ਗੁਰੂ ਤੇਗ ਬਹਾਦੁਰ ਜੀ ਦੀ ਚਰਨ ਛੁਹ ਪਰਾਪਤ ਹੋਣ ਕਰ ਕੇ ਹੀ ਇਸ ਥਾਂ ਦਾ ਨਾਂ ਸੈਫਾਬਾਦ ਤੋਂ ਬਦਲ ਕੇ ਬਹਾਦਰਗੜ੍ਹ ਕੀਤਾ ਗਿਆ ਹੈ। ਗੁਰੂ ਜੀ ਇੱਥੇ ਕਿਉਂਕਿ ਕਾਫੀ ਸਮਾਂ ਠਹਿਰਦੇ ਰਹੇ ਸਨ ਇਸ ਲਈ ਉਹ ਆਲੇ ਦੁਆਲੇ ਦੇ ਪਿੰਡਾਂ ਵਿਚ ਪਰਚਾਰ ਦੌਰਿਆਂ ਤੇ ਵੀ ਚਲੇ ਜਾਇਆ ਕਰਦੇ ਸਨ। ਬਹਾਦਰਗੜ੍ਹ ਦੇ ਨੇੜੇ-ਨੇੜੇ ਦੇ ਤਕਰੀਬਨ ਸਭ ਪਿੰਡਾਂ ਵਿਚ ਹੀ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰੇ ਹਨ। ਅੱਜ ਕੱਲ ਇਹ ਕਸਬਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨੇੜੇ ਸਥਿਤ ਹੋਣ ਕਰ ਕੇ, ਪੰਜਾਬ ਪੁਲੀਸ ਦਾ ਟਰੇਨਿੰਗ ਸੈਂਟਰ ਹੋਣ ਕਰ ਕੇ ਅਤੇ ਵੱਡੇ ਕਾਰਖਾਨੇ ਹੋਣ ਕਰ ਕੇ ਬਹੁਤ ਵਿਕਸਿਤ ਹੈ।

ਮਹਿਮਦਪੁਰ ਜੱਟਾਂ : ਪਿੰਡ ਮਹਿਮਦਪੁਰ ਜੱਟਾਂ, ਬਹਾਦਰਗੜ੍ਹ ਕਸਬੇ ਦੇ ਨਾਲ ਲਗਵਾਂ ਹੀ ਹੈ। ਇਹ ਨਵਾਬ ਸੈਫੂਦੀਨ ਦੀ ਆਪਣੀ ਜਾਗੀਰ ਵਿਚ ਹੀ ਸੀ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਇਕ ਛੋਟਾ ਜਿਹਾ ਗੁਰਦੁਆਰਾ ਹੈ। ਸੰਭਵ ਹੈ ਕਿ ਬਹਾਦਰਗੜ੍ਹ ਵਿਖੇ ਰਹਿਣ ਸਮੇਂ ਹੀ ਗੁਰੂ ਜੀ ਇੱਥੇ ਆਏ ਹੋਣਗੇ।

ਰਾਏਪੁਰ : ਇਹ ਪਿੰਡ ਮਹਿਮਦੂਪਰ ਜੱਟਾਂ ਦੇ ਨਾਲ ਲਗਵਾਂ ਸਿਰਫ ਡੇਢ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ। ਇੱਥੇ ਵੀ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਹੈ। ਸਥਾਨਕ ਰਵਾਇਤਾਂ ਅਨੁਸਾਰ ਗੁਰੂ ਜੀ ਦੇ ਪਰਿਵਾਰ ਦੇ ਆਉਣ ਦੀ ਜਾਣਕਾਰੀ ਵੀ ਮਿਲਦੀ ਹੈ।

ਸੀਲ : ਇਹ ਪਿੰਡ ਰਾਏਪੁਰ ਤੋਂ ਡੇਢ ਕੁ ਕਿਲੋਮੀਟਰ ਅੱਗੇ ਹੈ ਅਤੇ ਬਹਾਦਰਗੜ੍ਹ ਦੇ ਖੇਤਰ ਵਿਚ ਹੀ ਸਥਿਤ ਹੈ। ਇੱਥੇ ਵੀ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਹੈ। ਇੱਥੇ ਹੀਂਸ ਦੇ ਬਹੁਤ ਸੰਘਣੇ ਝਾੜ ਸਨ। ਗੁਰੂ ਸਾਹਿਬ ਇਕ ਸੰਘਣੇ ਝਾੜ ਦੇ ਝੁੰਡ ਹੇਠ ਬੈਠੇ ਸਨ। ਇਸ ਕਰ ਕੇ ਗੁਰੂ ਜੀ ਦੇ ਸਤਿਕਾਰ ਵੱਜੋਂ ਅੱਜ ਕੱਲ੍ਹ ਵੀ ਇੱਥੋਂ ਦੇ ਲੋਕ ਹੀਂਸ ਦੇ ਝਾੜਾਂ ਨੂੰ ਵੱਢਦੇ ਨਹੀਂ ਹਨ।

ਸ਼ੇਖੂਪੁਰ : ਪਿੰਡ ਸ਼ੇਖੂਪੁਰ ਬਹਾਦਰਗੜ੍ਹ-ਘਨੌਰ ਸੜਕ ਉੱਪਰ ਬਹਾਦਰਗੜ੍ਹ ਵੱਲੋਂ ਅੱਠ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਗੁਰਦੁਆਰਾ ਨਿਰਵਾਣਸਰ ਪਾਤਸ਼ਾਹੀ ਨੌਵੀਂ ਹੈ। ਇਸ ਦੇ ਨਾਲ ਹੀ ਇਕ ਸੁੰਦਰ ਸਰੋਵਰ ਹੈ। 1975-76 ਵਿਚ ਸੰਤ ਪੂਰਨ ਦਾਸ ਇੱਥੋਂ ਦੀ ਸੇਵਾ ਕਰਦੇ ਸਨ।[44]

ਹਰਪਾਲਪੁਰ : ਇਹ ਪਿੰਡ, ਸ਼ੇਖੂਪੁਰ ਤੋਂ ਉੱਤਰ ਵੱਲ ਪੰਜ ਕਿਲੋਮੀਟਰ ਦੀ ਵਿੱਥ 'ਤੇ ਹੈ। ਗੁਰੂ ਸਾਹਿਬ ਦੇ ਇੱਥੇ ਆਉਣ ਸਮੇਂ ਅੰਬਾਂ ਅਤੇ ਬਰੋਟਿਆਂ ਦੇ ਦਰਖ਼ਤ ਸਨ ਅਤੇ ਗੁਰੂ ਸਾਹਿਬ ਇਨ੍ਹਾਂ ਦਰੱਖਤਾਂ ਦੀ ਛਾਂ ਹੇਠ ਹੀ ਆ ਕੇ ਬੈਠੇ ਸਨ। ਅੰਬ ਦੇ ਮੌਜੂਦਾ ਦਰੱਖਤ ਨੂੰ ਸਿਆਮੋ ਵਾਲਾ ਅੰਬ ਕਿਹਾ ਜਾਂਦਾ ਹੈਂ। ਇਸ ਸਿਆਮੋ ਨਾਂ ਦੀ ਮਾਈ ਨੇ ਹੀ ਗੁਰੂ ਸਾਹਿਬ ਦੀ ਸੇਵਾ ਕੀਤੀ ਸੀ। ਭਾਈ ਕਾਨ੍ਹ ਸਿੰਘ ਨੇ ਇਸ ਥਾਂ ਦਾ ਜਿਕਰ ਇਉਂ ਕੀਤਾ ਹੈ : "ਹਰਪਾਲਪੁਰ, ਰਿਆਸਤ ਤਸੀਲ ਰਾਜਪੁਰਾ ਵਿਚ ਇਕ ਪਿੰਡ ਹੈ। ਇਸ ਦੇ ਉੱਤਰ ਵੱਲ 150 ਕਦਮ ਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਅਸਥਾਨ ਹੈ। ਕੇਵਲ ਮੰਜੀ ਸਾਹਿਬ ਬਣਿਆ ਹੋਇਆ ਹੈ। ਸੇਵਾਦਾਰ ਕੋਈ ਨਹੀਂ ਹੈ।"[45] ਪਰ ਅੱਜ ਕੱਲ੍ਹ ਗੁਰਦੁਆਰਾ ਕਾਫੀ ਵੱਡਾ ਹੈ ਅਤੇ ਸਥਾਨਕ ਪਰਬੰਧਕੀ ਕਮੇਟੀ ਹੈ।

ਕਬੂਲਪੁਰ ਹਸਨਪੁਰ : ਇਹ ਦੋ ਪਿੰਡ ਕਬੂਲਪੁਰ ਅਤੇ ਹਸਨਪੁਰ ਬਿਲਕੁਲ ਨਾਲ ਲਗਵੇਂ ਹੀ ਹਨ ਅਤੇ ਦੋਹਾਂ ਨੂੰ ਆਮ ਤੌਰ ਤੇ ਇਕੱਠੇ ਨਾਂ ਨਾਲ ਹੀ ਪੁਕਾਰਿਆ ਜਾਂਦਾ ਹੈ ਪਰ ਪਿੰਡਾਂ ਦੀ ਹੱਦਬਸਤ ਵੱਖਰੀ-ਵੱਖਰੀ ਹੈ। ਇਹ ਘਨੌਰ-ਸ਼ੰਭੂ ਸੜਕ ਉੱਪਰ ਪਿੰਡ ਪਿੱਪਲ ਮੰਗੋਲੀ

ਤੋਂ ਤਿੰਨ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹਨ। ਭਾਈ ਕਾਨ੍ਹ ਸਿੰਘ ਅਨੁਸਾਰ : "ਇੱਥੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕੱਠਾ ਗੁਰਦੁਆਰਾ ਹੈ। ਨੌਵੇਂ ਗੁਰੂ ਜੀ ਇੱਥੇ ਤਿੰਨ ਦਿਨ ਰਹੇ। ਦਸਮੇਸ਼ ਜੀ ਲਖਨੌਰ ਤੋਂ ਆਏ ਤੇ ਥੋੜ੍ਹਾ ਜੇਹਾਂ ਸਮਾਂ ਠਹਿਰੇ। ਇੱਥੋਂ ਦੇ ਸ਼ੇਖ ਗੁਰੂ ਜੀ ਦੇ ਪਰੇਮੀ ਸਨ। ਉਨ੍ਹਾਂ ਨੇ ਬਹੁਤ ਸੇਵਾ ਕੀਤੀ। ਸ਼ੇਖ ਪਰਗਟ ਕਰਦੇ ਹਨ ਕਿ ਉਨ੍ਹਾਂ ਪਾਸ ਗੁਰੂ ਸਾਹਿਬ ਦਾ ਹੁਕਮਨਾਮਾ ਹੈ। ਗੁਰੂਦੁਆਰਾ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਹਨ ਜੋ ਪਿੰਡ ਕਬੁਲਪੁਰ ਦੀ ਸੰਗਤ ਨੇ ਸੰਮਤ 1975 ਬਿ. (1918) ਵਿਚ ਬਣਾਏ ਸਨ।"[46] ਜਿਸ ਹੁਕਮਨਾਮੇ ਦਾ ਜ਼ਿਕਰ ਆਇਆ ਹੈ ਉਹ ਅਸਲ ਵਿਚ ਹੁਕਮਨਾਮਾ ਨਹੀਂ ਹੈ ਸਗੋਂ ਇਕ ਸਾਧਾਰਣ ਲੇਖਕ ਦੀ ਲਿਖੀ ਹੋਈ ਕੋਈ ਲਿਖਤ (ਪਟਾ) ਹੈ। ਇਹ ਅੱਜ ਵੀ ਗੁਰਦੁਆਰੇ ਵਿਚ ਪਈ ਹੈ। ਇਸ ਦੀ ਅਸਲੀਅਤ ਜਾਂ ਪਰਮਾਣੀਕਤਾ ਇਤਿਹਾਸਕ ਨਹੀਂ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇੱਥੋਂ ਦੇ ਸਿਰਫ ਗੁਰਦੁਆਰੇ ਦਾ ਹੀ ਜ਼ਿਕਰ ਕੀਤਾ ਹੈ।[47]

ਨਨਹੇੜੀ : ਪਿੰਡ ਨਨਹੇੜੀ ਘਨੌਰ-ਸ਼ੰਭੂ ਸੜਕ ਤੋਂ ਲਿੰਕ ਰੋਡ ਰਾਹੀਂ ਪੰਜ ਕਿਲੋਮੀਟਰ ਦੀ ਵਿੱਥ 'ਤੇ ਘੱਗਰ ਨਦੀ ਦੇ ਐਨ ਕੰਢੇ ਉੱਤੇ ਸਥਿਤ ਹੈ। ਅੰਬਾਲਾ-ਰਾਜਪੁਰਾ ਜੀ. ਟੀ. ਰੋਡ ਨਾਲ ਵੀ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ। ਇੱਥੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਆਏ ਸਨ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇੱਥੇ ਫਤੇ ਚੰਦ ਨਾਂ ਦਾ ਇਕ ਸਿੱਖ ਪਰਚਾਰਕ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਸਮੇਂ ਕੋਈ ਘੋਗਾ ਨਾਂ ਦਾ ਸਿੱਖ ਪਰਚਾਰਕ ਸੀ। ਦੋਵੇਂ ਗੁਰੂ ਸਾਹਿਬਾਨ ਦੀ ਯਾਦ ਵਿਚ ਇਕੋ ਹੀ ਗੁਰਦੁਆਰਾ ਬਣਿਆ ਹੋਇਆ ਹੈ।[48]

ਬੀਬੀਪੁਰ ਖੁਰਦ : ਬੀਬੀਪੁਰ ਖੁਰਦ ਦਾ ਡਾਕਖਾਨਾ ਦੇਵੀਗੜ੍ਹ, ਥਾਣਾ ਜੁਲਕਾਂ ਤੇ ਜ਼ਿਲਾ ਪਟਿਆਲਾ ਹੈ। ਇਹ ਬੁੱਧਮੁਰ, ਮਗਰ ਸਾਹਿਬ, ਕਰ੍ਹਾ ਸਾਹਿਬ ਅਤੇ ਦੇਵੀਗੜ੍ਹ ਦੇ ਪਿੰਡਾਂ ਵਿਚਕਾਰ ਸਥਿਤ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਯਾਦ ਵਿਚ ਪਿੰਡ ਤੋਂ ਬਾਹਰ ਵਾਰ ਤਕਰੀਬਨ ਦੋ ਕੁ ਫਰਲਾਂਗ ਦੀ ਵਿੱਥ 'ਤੇ ਗੁਰਦੁਆਰਾ ਹੈ। ਗੁਰਦੁਆਰੇ ਦੇ ਕੋਲ ਹੀ ਇਕ ਪੁਰਾਣੀ ਖੂਹੀ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ : "ਗੁਰੂ ਤੇਗ ਬਹਾਦੁਰ ਜੀ ਈਹਾਂ ਏਕ ਪ੍ਰੇਮੀ ਸਿੱਖ ਕੋ ਦਰਸ਼ਨ ਦੇ ਬਾਂਗਰ ਦੇਸ ਕੋ ਗਏ।"[49] ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ : "ਘੁੜਾਮ ਤੋਂ ਛੇ ਕੋਹ ਉੱਤਰ ਪੂਰਬ ਇਕ ਪਿੰਡ ਜਿੱਥੇ ਗੁਰੂ ਤੇਗ ਬਹਾਦੁਰ ਸਾਹਿਬ ਨੇ ਚਰਨ ਪਾਏ ਸਨ।"[50]

ਮਗਰ ਸਾਹਿਬ : ਇਹ ਪਿੰਡ ਬਹਾਦਰਗੜ੍ਹ ਤੋਂ ਪਿਹੋਵਾ ਨੂੰ ਜਾਣ ਵਾਲੇ ਪੁਰਾਣੇ ਰਾਹ ਉੱਤੇ 16 ਕਿਲੋਮੀਟਰ ਦੀ ਵਿੱਥ 'ਤੇ ਹੈ। ਅੱਜ ਕੱਲ੍ਹ ਇਹ ਪੁਰਾਣਾ ਰਾਹ ਤਾਂ ਬੰਦ ਹੋ ਗਿਆ ਹੈ ਅਤੇ ਲਿੰਕ ਰੋਡ ਰਾਹੀਂ ਇਹ ਵੱਖ-ਵੱਖ ਪਿੰਡਾਂ ਨਾਲ ਸੰਬੰਧਤ ਹੈ। ਇਸ ਦਾ ਡਾਕਖਾਨਾ ਮਸ਼ੀਗਨ, ਥਾਣਾ ਜੁਲਕਾ, ਜ਼ਿਲਾ ਪਟਿਆਲਾ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਹੈ। ਨਾਲ ਹੀ ਇਕ ਛੋਟਾ ਜਿਹਾ ਪੱਕਾ ਸਰੋਵਰ ਹੈ।

ਬੁੱਧਮੁਰ : ਥਾਣਾ ਜੁਲਕਾਂ ਦਾ ਇਹ ਪਿੰਡ ਪਟਿਆਲਾ-ਪਿਹੋਵਾ ਸੜਕ ਉੱਤੇ ਰੋਹੜ ਤੋਂ ਢਾਈ ਤਿੰਨ ਕਿਲੋਮੀਟਰ ਟਿਊਕਰ ਵੱਲ ਨੂੰ ਹੈ। ਇੱਥੋਂ ਘੁੜਾਮ ਪੰਜ ਕਿਲੋਮੀਟਰ ਤੇ ਬੀਬੀਪੁਰ ਖੁਰਦ ਦੋ ਕਿਲੋਮੀਟਰ ਦੀ ਵਿੱਥ 'ਤੇ ਹਨ। ਇੱਥੇ ਗੁਰੂ ਤੇਗ ਬਹਾਦਰ ਜੀ ਪਰਚਾਰ ਦੌਰਾ ਕਰਦੇ ਹੋਏ ਆਏ ਸਨ ਅਤੇ ਪਿੱਛੋਂ ਉਨ੍ਹਾਂ ਦੀ ਯਾਦ ਵਿਚ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਇੱਥੇ

ਗੁਰਦੁਆਰਾ ਮੰਜੀ ਸਾਹਿਬ ਬਣਵਾ ਦਿੱਤਾ ਸੀ। ਨਾਲ ਹੀ ਇਕ ਪੁਰਾਣੀ ਖੂਹੀ ਹੈ। ਸ੍ਰੀ ਗੁਰੂ ਤੀਰਥ ਸੰਗ੍ਰਹਿ ਅਤੇ ਮਹਾਨ ਕੋਸ਼ ਵਿਚ ਵੀ ਇਸ ਥਾਂ ਦਾ ਜ਼ਿਕਰ ਆਇਆ ਹੈ।

ਕਰਹਾਲੀ : ਕਰਹਾਲੀ, ਸਮਾਣਾ ਸ਼ਹਿਰ ਤੋਂ ਅੱਠ ਕਿਲੋਮੀਟਰ ਪੂਰਬ ਵੱਲ ਸਥਿਤ ਹੈ। ਪਟਿਆਲੇ ਤੋਂ 20 ਕਿਲੋਮੀਟਰ ਹੈ। ਇੱਥੋਂ ਦਾ ਡਾਕਖਾਨਾ ਖਾਸ ਥਾਣਾ ਸਮਾਣਾ; ਤਹਿਸੀਲ ਤੇ ਜ਼ਿਲਾ ਪਟਿਆਲਾ ਹੈ। ਪਹਿਲਾਂ ਇੱਥੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਆਉਣ ਦੀ ਵੀ ਰਵਾਇਤ ਹੈ। ਪਿੱਛੋਂ ਗੁਰੂ ਤੇਗ ਬਹਾਦਰ ਜੀ ਪਰਚਾਰ ਦੌਰਿਆਂ ਸਮੇਂ ਸਮਾਣੇ ਵੱਲੋਂ ਆਏ ਸਨ। ਕਿਹਾ ਜਾਂਦਾ ਹੈ ਕਿ ਵਰਤਮਾਨ ਗੁਰਦੁਆਰੇ ਵਾਲੀ ਥਾਂ ਤੇ ਇਕ ਬਰੋਟਾ ਅਤੇ ਛੱਪੜ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ : "ਇਸ ਥਾਂ ਨੌਵੇਂ ਸਤਗੁਰੂ ਬਿਰਾਜੇ ਸਨ। ਗੁਰਦੁਆਰਾ ਪਿੰਡ ਤੋਂ ਤਿੰਨ ਫਰਲਾਂਗ 'ਤੇ ਈਸਾਨ ਕੋਣ ਹੈ। ਰਿਆਸਤ ਵੱਲੋਂ 150 ਬਿਘੇ ਜ਼ਮੀਨ ਗੁਰਦੁਆਰੇ ਦੇ ਨਾਉਂ ਹੈ। ਜੀਂਦ ਰਿਆਸਤ ਤੋਂ 14 ਰੁਪਏ ਸਾਲਾਨਾ ਹਨ।"[51] ਇਸ ਸਮੇਂ ਇਹ ਸਭ ਕੁਝ ਬੰਦ ਹੈ। ਸਿਰਫ 35 ਏਕੜ ਜ਼ਮੀਨ ਹੈ। ਦਫਾ 87 ਦੇ ਅਧੀਨ ਸ਼ਰੋਮਣੀ ਕਮੇਟੀ ਦੇ ਅਧੀਨ ਪਰਬੰਧ ਹੈ। ਇਸ ਸਮੇਂ ਛੋਟਾ ਜਿਹਾ ਦਰਬਾਰ ਹੈ, ਚਾਰੇ ਪਾਸੇ ਕੰਧ ਕੱਢੀ ਹੋਈ ਹੈ ਅਤੇ ਨੇੜੇ ਹੀ ਬਰੋਟੇ ਦਾ ਦਰੱਖਤ ਅਤੇ ਸਰੋਵਰ ਹੈ। ਪੁਰਾਣੀ ਮੰਜੀ ਸਾਹਿਬ ਮਹਾਰਾਜਾ ਕਰਮ ਸਿੰਘ ਵੇਲੇ ਦੀ ਹੈ।

ਪਟਿਆਲਾ : ਪਟਿਆਲਾ ਅੱਜ ਪੰਜਾਬ ਦਾ ਇਕ ਜ਼ਿਲਾ ਕੇਂਦਰ ਹੈ ਤੇ ਪਹਿਲਾਂ ਇਹ ਇਕ ਰਿਆਸਤ ਦੀ ਰਾਜਧਾਨੀ ਹੁੰਦਾ ਸੀ। ਜਿਸ ਸਮੇਂ ਗੁਰੂ ਤੇਗ ਬਹਾਦੁਰ ਜੀ ਇੱਥੇ ਆਏ ਸਨ ਤਾਂ ਉਸ ਸਮੇਂ ਪਟਿਆਲਾ ਨਹੀਂ ਹੁੰਦਾ ਸੀ। ਇੱਥੇ ਕੁਝ ਛੋਟੇ-ਛੋਟੇ ਪਿੰਡ ਜਾਂ ਮਾਜਰੀਆਂ ਸਨ। ਇੱਥੇ ਇਸ ਸਮੇਂ ਗੁਰੂ ਜੀ ਦੀ ਯਾਦ ਵਿਚ ਦੋ ਗੁਰਦੁਆਰੇ ਹਨ। ਇਕ ਸ਼ਹਿਰ ਦੇ ਚੜ੍ਹਦੇ ਵੱਲ ਹੈ ਜਿੱਥੇ ਗੁਰਦੁਆਰਾ ਮੋਤੀ ਬਾਗ ਬਣਿਆ ਹੋਇਆ ਹੈ। ਦੂਸਰੀ ਥਾਂ ਸ਼ਹਿਰ ਤੋਂ ਸਰਹਿੰਦ ਨੂੰ ਜਾਂਦੀ ਸੜਕ ਉੱਪਰ ਹੈ। ਇਸ ਨੂੰ ਗੁਰਦੁਆਰਾ ਦੂਖਨਿਵਾਰਨ ਸਾਹਿਬ ਕਿਹਾ ਜਾਂਦਾ ਹੈ। ਮੂਲ ਰੂਪ ਵਿਚ ਇਸ ਥਾਂ ਲਹਿਲ ਪਿੰਡ ਸੀ। ਗੁਰੂ ਜੀ ਪਿੰਡ ਲਹਿਲ ਦੀ ਜੂਹ ਵਿਚ ਆ ਕੇ ਠਹਿਰੇ ਸਨ। ਇੱਥੋਂ ਦੇ ਗੁਰਦੁਆਰੇ ਪਟਿਆਲਾ ਸ਼ਹਿਰ ਦੇ ਹੋਂਦ ਵਿਚ ਆਉਣ ਤੋਂ ਪਿੱਛੋਂ ਬਣੇ ਹਨ। ਗੁਰਦੁਆਰਾ ਮੋਤੀ ਬਾਗ ਮਹਾਰਾਜਾ ਕਰਮ ਸਿੰਘ ਦੁਆਰਾ ਬਣਵਾਇਆ ਗਿਆ ਸੀ ਅਤੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਸਥਾਨਕ ਸਿੱਖ ਸਰਦਾਰਾਂ ਦੀ ਪਰੇਰਣਾ ਨਾਲ ਬਣਵਾਇਆ ਗਿਆ ਸੀ। ਇੱਥੇ ਇਕ ਵਿਸ਼ਾਲ ਸਰੋਵਰ ਵੀ ਹੈ ਜਿਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇੱਥੇ ਪਹਿਲਾਂ ਇਕ ਛੱਪੜ ਸੀ। ਪਿੱਛੋਂ ਇਸੇ ਛੱਪੜ ਨੂੰ ਵਰਤਮਾਨ ਸਰੋਵਰ ਦਾ ਰੂਪ ਦਿੱਤਾ ਗਿਆ ਹੈ। ਅੱਜ ਕੱਲ੍ਹ ਇਸ ਗੁਰਦੁਆਰੇ ਦਾ ਪਰਬੰਧ ਗੁਰਦੁਆਰਾ ਐਕਟ ਦੇ ਤਹਿਤ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਪਾਸ ਹੈ।

ਟਹਿਲਪੁਰਾ : ਪਿੰਡ ਟਹਿਲਪੁਰਾ, ਪਟਿਆਲਾ-ਰਾਜਪੁਰਾ ਸੜਕ ਤੋਂ ਦੌਣ ਕਲਾਂ ਵਾਲੇ ਮੋੜ ਤੋਂ ਮੁੜ ਕੇ ਪੱਛਮ ਵੱਲ ਦਸ ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਲਗਪਗ ਇਤਨੀ ਹੀ ਦੂਰ ਪਟਿਆਲਾ-ਸਰਹਿੰਦ ਸੜਕ ਤੋਂ ਉੱਤਰ ਵੱਲ ਹੈ। ਭਾਈ ਕਾਨ੍ਹ ਸਿੰਘ ਦੇ ਅਨੁਸਾਰ ਜਦੋਂ ਗੁਰੂ ਸਾਹਿਬ ਇੱਥੇ ਆਏ ਸਨ ਤਾਂ ਉਸ ਸਮੇਂ ਇਹ ਪਿੰਡ ਨਹੀਂ ਸੀ। ਇਹ ਪਿੰਡ ਤਾਂ ਪਿੱਛੋਂ ਸੰਮਤ 1887 ਬਿ. ਮੁਤਾਬਕ ਸੰਨ 1830 ਈ. ਵਿਚ ਆਬਾਦ ਹੋਇਆ ਹੈ।[52] ਇੱਥੇ ਪਿਪਲਾਂ ਦੇ ਸੰਘਣੇ ਝੁੰਡਾਂ ਦੇ ਹੇਠ ਗੁਰੂ ਸਾਹਿਬ ਦਾ ਡੇਰਾ ਸੀ। ਅੰਦਾਜ਼ਾ ਹੈ ਕਿ ਗੁਰੂ ਸਾਹਿਬ ਬਹਾਦੁਰਗੜ੍ਹ ਰਹਿਣ ਸਮੇਂ ਇਨ੍ਹਾਂ ਪਿੰਡਾਂ ਦੇ ਦੌਰਿਆਂ ਉੱਪਰ ਆਉਂਦੇ ਸਨ। ਪਿੱਛੋਂ ਮਹਾਰਾਜਾ ਕਰਮ ਸਿੰਘ ਨੇ ਇੱਥੇ

ਇਕ ਛੋਟਾ ਜਿਹਾ ਗੁਰਦੁਆਰਾ ਬਣਾ ਦਿੱਤਾ ਸੀ।

ਨੌਲੱਖਾ : ਪਿੰਡ ਨੌਲੱਖਾ, ਪਟਿਆਲਾ-ਸਰਹਿੰਦ ਸੜਕ ਉੱਪਰ ਪਟਿਆਲੇ ਤੋਂ ਬੀਹ ਕਿਲੋਮੀਟਰ ਦੀ ਵਿੱਥ 'ਤੇ ਹੈ। ਗੁਰੂ ਜੀ ਪਰਿਵਾਰ ਨਾਲ ਇੱਥੇ ਆਏ ਸਨ। ਇਸ ਥਾਂ ਦਾ ਨਾਂ ਨੌਲੱਖਾ ਪੈ ਜਾਣ ਦਾ ਕਾਰਨ ਸੀ ਕਿ ਇੱਥੇ ਗੁਰੂ ਜੀ ਦੀ ਹਜ਼ੂਰੀ ਵਿਚ ਕਿਸੇ ਬਣਜਾਰੇ ਨੇ ਨੌਂ ਮਨਸੂਰੀ ਟਕੇ ਭੇਟਾ ਕੀਤੇ ਅਤੇ ਉਸ ਨੇ ਅਰਦਾਸ ਕੀਤੀ ਸੀ ਕਿ ਉਸ ਦੀ ਤੁੱਛ ਜਿਹੀ ਭੇਟ ਮਨਜ਼ੂਰ ਕਰ ਲਈ ਜਾਵੇ। ਗੁਰੂ ਸਾਹਿਬ ਨੇ ਇਸ ਦੇ ਜਵਾਬ ਵਿਚ ਕਿਹਾ ਸੀ ਕਿ ਇਹ ਨੌ ਟਕੇ ਨੌ ਲੱਖ ਰੁਪਏ ਦੇ ਬਰਾਬਰ ਹਨ ਅਤੇ ਉਹ ਬਣਜਾਰਾ ਤਾਂ ਲੱਖੀ ਸ਼ਾਹ ਬਣਜਾਰਾ ਹੋਵੇਗਾ। ਇਸੇ ਹੀ ਭਵਿੱਖਬਾਣੀ ਤੋਂ ਇਸ ਥਾਂ ਦਾ ਨਾਂ ਨੌਲੱਖਾ ਸ਼ੁਰੂ ਹੋ ਗਿਆ।[53] ਗੁਰੂ ਸਾਹਿਬ ਦੇ ਜਾਣ ਪਿੱਛੋਂ ਸੰਤ ਜੈਮਲ ਦਾਸ ਨੇ ਇੱਥੇ ਗੁਰਦੁਆਰੇ ਦੀ ਸੇਵਾ ਕਰਵਾਈ ਸੀ। ਗੁਰਦੁਆਰੇ ਦੇ ਪਿਛਲੇ ਪਾਸੇ ਉਸ ਬਣਜਾਰੇ ਦੀ ਯਾਦ ਵਿਚ ਵੀ ਇਕ ਥੜ੍ਹਾ ਉਸਾਰਿਆ ਹੋਇਆ ਹੈ।

ਆਕੜ : ਇਹ ਥਾਂ ਪਟਿਆਲਾ-ਸਰਹਿੰਦ ਸੜਕ ਅਤੇ ਪਟਿਆਲਾ-ਰਾਜਪੁਰਾ ਮੁੱਖ ਸੜਕ ਦੇ ਬਿਲਕੁਲ ਵਿਚਕਾਰਲੀ ਸਥਿਤੀ ਵਿਚ ਹੈ। ਕੌਲੀ ਤੋਂ ਇਸ ਪਿੰਡ ਲਈ ਲਿੰਕ ਰੋਡ ਜਾਂਦੀ ਹੈ। ਗੁਰਦੁਆਰਾ ਪਿੰਡ ਤੋਂ ਬਾਹਰ ਵਾਰ ਉੱਤਰ ਵੱਲ ਦੋ ਕੁ ਫਰਲਾਂਗ ਦੀ ਵਿੱਥ 'ਤੇ ਹੈ। ਗੁਰਦੁਆਰੇ ਦਾ ਨਾਂ ਗੁਰਦੁਆਰਾ ਨਿਮ ਸਾਹਿਬ ਪਾਤਸ਼ਾਹੀ ਨੌਵੀਂ ਹੈ। ਸਥਾਨਕ ਰਵਾਇਤ ਅਨੁਸਾਰ ਇੱਥੇ ਗੁਰੂ ਸਾਹਿਬ ਇਕ ਨਿਮ ਦੇ ਦਰੱਖਤ ਹੇਠ ਬੈਠੇ ਸਨ। ਇਹ ਨਿਮ ਹੁਣ ਵੀ ਖੜ੍ਹਾ ਹੈ। ਇੱਥੋਂ ਦੇ ਇਕ ਤਰਖਾਣ ਸਿੱਖ ਨੇ ਗੁਰੂ ਜੀ ਦੀ ਸੇਵਾ ਕੀਤੀ ਸੀ। 1924 ਵਿਚ ਇੱਥੇ ਗੁਰਦੁਆਰਾ ਬਣਿਆ ਸੀ।

ਲੰਗ : ਪਿੰਡ ਲੰਗ, ਪਟਿਆਲਾ ਸ਼ਹਿਰ ਤੋਂ ਪਟਿਆਲਾ-ਅਮਲੋਹ ਸੜਕ ਉੱਪਰ ਸੱਤ ਕੁ ਕਿਲੋਮੀਟਰ ਦੀ ਵਿੱਥ ਤੇ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਪਟਿਆਲਾ ਜਾਂ ਬਹਾਦਰਗੜ੍ਹ ਰਹਿਣ ਸਮੇਂ ਆਏ ਸਨ। ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਦੁਖਭੰਜਨ ਪਾਤਸ਼ਾਹੀ ਨੌਵੀਂ ਬਣਿਆ ਹੋਇਆ ਹੈ। ਮਹਾਰਾਜਾ ਕਰਮ ਸਿੰਘ ਨੇ ਇਹ ਗੁਰਦੁਆਰਾ ਬਣਾਇਆ ਸੀ ਅਤੇ ਇਸ ਦੇ ਖਰਚੇ ਲਈ ਕੁਝ ਜ਼ਮੀਨ ਵੀ ਭੇਟਾ ਕੀਤੀ ਸੀ। ਪਿੱਛੋਂ ਵੀ ਵੱਖ-ਵੱਖ ਸਮੇਂ ਇਸ ਅਸਥਾਨ ਦੇ ਨਾਂ ਜ਼ਮੀਨ ਲਗਦੀ ਰਹੀ ਸੀ ਪਰ ਅੱਜ ਕੱਲ੍ਹ ਇਸ ਪਾਸ ਬਹੁਤ ਹੀ ਥੋੜ੍ਹੀ ਜ਼ਮੀਨ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ : "ਇਸ ਪਿੰਡ ਤੋਂ ਲਹਿੰਦੇ ਵੱਲ ਦੋ ਫਰਲਾਂਗ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਛੋਟਾ ਜਿਹਾ ਗੁਰਦੁਆਰਾ ਅਤੇ ਰਿਹਾਇਸ਼ੀ ਮਕਾਨ ਪੱਕੇ ਬਣੇ ਹੋਏ ਹਨ। ਗੁਰਦੁਆਰੇ ਨਾਲ ਸੰਮਤ 1940 ਬਿ. (1883 ਈ.) ਤੋਂ ਪਹਿਲਾਂ ਬਹੁਤ ਜ਼ਮੀਨ ਸੀ ਜੋ ਪੁਜਾਰੀਆਂ ਦੇ ਵਿਰੋਧ ਹੋ ਜਾਣ ਪੁਰ ਸਾਰੀ ਖੁਸ ਗਈ।"[54] ਹੁਣ ਤਕ ਜਿਨ੍ਹਾਂ ਮਹਾਂਪੁਰਸ਼ਾਂ ਨੇ ਇਸ ਅਸਥਾਨ ਦੀ ਸੇਵਾ ਕੀਤੀ ਹੈ ਉਨ੍ਹਾਂ ਵਿਚ ਸੰਤ ਛੋਟਾ ਸਿੰਘ ਜੀ ਬਹੁਤ ਉਘੇ ਹਨ।

ਸੀਂਭੜੋ : ਪਿੰਡ ਸੀਂਭੜੋ ਤੇ ਆਲੋਵਾਲ ਦੋਵੇਂ ਨਾਲ-ਨਾਲ ਹੀ ਲਗਵੇਂ ਹਨ ਅਤੇ ਇਨ੍ਹਾਂ ਵਿਚਕਾਰ ਦੀ ਸਿਰਫ ਇਕ ਨਾਲਾ ਹੀ ਵਗਦਾ ਹੁੰਦਾ ਸੀ। ਜਿਸ ਥਾਂ ਤੇ ਗੁਰੂ ਤੇਗ ਬਹਾਦੁਰ ਜੀ ਆ ਕੇ ਬੈਠੇ ਸਨ ਉਹ ਦੋਹਾਂ ਪਿੰਡਾਂ ਦੀ ਸਾਂਝੀ ਥਾਂ ਸੀ। ਸਥਾਨਕ ਰਵਾਇਤ ਅਨੁਸਾਰ ਉਸ ਸਮੇਂ ਇੱਥੇ ਇਕ ਬਹੁਤ ਵੱਡਾ ਬਰੋਟਾ ਅਤੇ ਢਾਬ ਸੀ। ਇਹ ਅਸਥਾਨ ਪਿੰਡਾਂ ਤੋਂ ਹਟ ਕੇ ਦੋ ਕੁ ਫਰਲਾਂਗ ਦੀ ਵਿੱਥ 'ਤੇ ਹੈ ਅਤੇ ਪਟਿਆਲਾ ਤੋਂ ਸੱਤ ਕਿਲੋਮੀਟਰ ਹੈ। ਇੱਥੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਹੈ ਜੋ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਬਣਵਾਇਆ ਸੀ। ਗੁਰਦੁਆਰੇ ਦੇ

ਨਾਂ ਪਹਿਲਾਂ ਕਾਫੀ ਜ਼ਮੀਨ ਸੀ ਪਰ ਹੁਣ ਨਹੀਂ ਹੈ। ਇਸ ਦਾ ਝਗੜਾ ਵੀ ਚਲਦਾ ਰਿਹਾ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਇਉਂ ਲਿਖਿਆ ਹੈ : "ਸੀਂਭੜੋਂ ਪਟਿਆਲੇ ਤੋਂ ਸੱਤ ਕੋਹ ਵਾਯਵੀ ਕੋਣ ਤਸੀਲ ਸਰਹਿੰਦ ਥਾਣਾ ਮੂਲੇਪੁਰ ਦਾ ਇਕ ਪਿੰਡ। ਇਸ ਥਾਂ ਨੌਮੇ ਸਤਿਗੁਰੂ ਜੀ ਪਧਾਰੇ ਹਨ, ਰਿਆਸਤ ਵੱਲੋਂ ਚਾਲੀ ਘੁਮਾਉਂ ਜ਼ਮੀਨ ਗੁਰਦੁਆਰੇ ਦੇ ਨਾਮ ਹੈ। ਇਹ ਅਸਥਾਨ ਰੇਲਵੇ ਸਟੇਸ਼ਨ ਧਬਲਾਨ ਤੋਂ ਕਰੀਬ ਚਾਰ ਮੀਲ ਈਸਾਨ ਕੋਣ ਹੈ।"[55]

ਧੰਗੇੜਾ : ਪਿੰਡ ਧੰਗੇੜਾ, ਨਾਭਾ-ਗੋਬਿੰਦਗੜ੍ਹ ਸੜਕ ਉੱਪਰ ਨਾਭੇ ਤੋਂ ਪੰਜ ਮੀਲ ਦੀ ਵਿੱਥ 'ਤੇ ਸਥਿਤ ਹੈ। ਇੱਥੋਂ ਦਾ ਡਾਕਖਾਨਾ ਖਾਸ, ਥਾਣਾ ਤੇ ਤਹਿਸੀਲ ਨਾਭਾ ਤੇ ਜ਼ਿਲਾ ਪਟਿਆਲਾ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ ਜੋ ਪਿੰਡ ਤੋਂ ਬਾਹਰ ਵਾਰ ਹੈ। ਪਹਿਲਾਂ ਇੱਥੇ ਸਿਰਫ ਬਾਰਾਂ-ਬਾਰਾਂ ਫੁੱਟ ਦਾ ਇਕ ਕੱਚਾ ਕੋਠਾ ਹੀ ਬਣਿਆ ਹੋਇਆ ਸੀ ਪਰ 1973 ਵਿਚ ਇੱਥੇ ਪੱਕਾ ਗੁਰਦੁਆਰਾ ਅਤੇ ਸਰੋਵਰ ਬਣਾ ਦਿੱਤੇ ਗਏ ਸਨ। ਗੁਰਦੁਆਰੇ ਦਾ ਨਾਂ ਗੁਰਦੁਆਰਾ ਗੁਰੂਸਰ ਧੰਗੇੜਾ ਸਾਹਿਬ ਹੈ।

ਅਗੌਲ : ਪਿੰਡ ਅਗੌਲ ਨਾਭਾ-ਗੋਬਿੰਦਗੜ੍ਹ ਸੜਕ ਉੱਪਰ ਪਿੰਡ ਸਹੌਲੀ ਦੇ ਅੱਡੇ ਤੋਂ ਲਿੰਕ ਰੋਡ ਖੋਖ-ਨਾਭਾ ਉੱਤੇ ਢਾਈ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ। ਪਿੰਡ ਅਗੌਲ ਇਕ ਥੇਹ ਉੱਤੇ ਆਬਾਦ ਹੈ। ਇਸ ਦਾ ਡਾਕਖਾਨਾ ਖਾਸ, ਤਹਿਸੀਲ ਨਾਭਾ ਤੇ ਜ਼ਿਲਾ ਪਟਿਆਲਾ ਹੈ। ਇੱਥੇ ਪਹਿਲਾਂ ਪਿੱਪਲਾਂ ਦੇ ਦਰਖਤਾਂ ਦਾ ਇਕ ਤਕੜਾ ਝੁੰਡ ਹੁੰਦਾ ਸੀ। ਗੁਰੂ ਤੇਗ ਬਹਾਦੁਰ ਜੀ ਇਨ੍ਹਾਂ ਪਿੱਪਲਾਂ ਦੇ ਝੁੰਡ ਹੇਠਾਂ ਆ ਕੇ ਬੈਠੇ ਸਨ। ਇੱਥੇ ਹੀ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਅਗੌਲ ਪਾਤਸ਼ਾਹੀ ਨੌਵੀ 1 ਚੇਤ, ਸੰਮਤ 1976 ਬਿ. ਮੁਤਾਬਕ 1919 ਈ. ਨੂੰ ਬਣ ਕੇ ਤਿਆਰ ਕੀਤਾ ਗਿਆ ਸੀ। ਗੁਰਦੁਆਰੇ ਨਾਲ ਹੀ ਇਕ ਛੱਪੜ ਹੈ ਜਿਸ ਨੂੰ ਰਾਮ ਤਲਾਈ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ : "ਇਸ ਪਿੰਡ ਤੋਂ ਅਗਨੀ ਕੋਣ ਤਿੰਨ ਫਰਲਾਂਗ ਤੇ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਪਹਿਲਾਂ ਇੱਥੇ ਕੋਈ ਇਮਾਰਤ ਨਹੀਂ ਸੀ। ।ਕੇਵਲ ਇਕ ਪੁਰਾਣਾ ਪਿੱਪਲ ਬਿਰਛ ਹੈ, ਜਿਸ ਹੇਠਾਂ ਗੁਰੂ ਜੀ ਦਾ ਵਿਰਾਜਣਾ ਵ੍ਰਿਧ ਲੋਕ ਦੱਸਦੇ ਹਨ। ਹੁਣ ਸੰਮਤ 1976 ਬਿ. ਤੋਂ (1919 ਈ.) ਗੁਰਦੁਆਰਾ ਬਣਨ ਲਗਾ ਹੈ। ਦੱਸ ਬਿੱਘੇ ਜ਼ਮੀਨ ਭਾਈ ਨੱਥਾ ਸਿੰਘ ਜੀ ਅਗੌਲ ਨਿਵਾਸੀ ਨੇ ਲਗਾਈ ਹੈ। ਇਹੋ ਹੀ ਧੂਪ ਦੀਪ ਝਾੜੂ ਆਦਿਕ ਦੀ ਸੇਵਾ ਕਰਦੇ ਹਨ।"[56] ਪਰ ਇਸ ਸਮੇਂ ਲੋਕਲ ਪਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਦਾ ਪਰਬੰਧ ਕਰਦੀ ਹੈ।

ਰੋਹਟਾ : ਰੋਹਟਾ ਸਾਹਿਬ ਦਾ ਗੁਰਦੁਆਰਾ ਰੋਹਟੇ ਪਿੰਡ ਤੋਂ ਪੂਰਬ ਵੱਲ ਦੋ ਫਰਲਾਂਗ ਬਾਹਰਵਾਰ ਸੂਏ ਉੱਪਰ ਸਥਿਤ ਹੈ। ਇਹ ਸੂਆ, ਨਾਭੇ ਦੇ ਰੋਹਟੀ ਦੇ ਪੁਲਾਂ ਤੋਂ ਨਿਕਲਦਾ ਹੈ। ਰੋਹਟੀ ਦੇ ਪੁਲਾਂ ਤੋਂ ਗੁਰਦੁਆਰਾ ਦੱਖਣ-ਪੂਰਬ ਵੱਲ ਸੂਏ-ਸੂਏ ਜਾ ਕੇ ਤਿੰਨ ਕੁ ਫਰਲਾਂਗ ਦੀ ਵਿੱਥ 'ਤੇ ਹੈ। ਇਹ ਥਾਂ ਰੋਹਟਾ ਅਤੇ ਰੋਹਟੀ ਖਾਸ ਦੀ ਸਾਂਝੀ ਹੱਦ ਉੱਪਰ ਇਕ ਥੇਹ ਉੱਪਰ ਹੈ। ਇਸ ਥੇਹ ਉੱਪਰ ਜਦੋਂ ਗੁਰੂ ਤੇਗ ਬਹਾਦੁਰ ਜੀ ਆਏ ਸਨ ਤਾਂ ਇੱਥੇ ਦਰਖਤਾਂ ਦੀ ਇਕ ਸੰਘਣੀ ਝਿੜੀ ਸੀ। ਪਿੱਛੋਂ ਇਸ ਝਿੜੀ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਇੱਥੋਂ ਦੇ ਕੁਝ ਜੁਲਾਹਿਆਂ ਨੇ ਇਕ ਥੜਾ ਜਿਹਾ ਬਣਾ ਦਿੱਤਾ ਸੀ ਤੇ ਉਸ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਸੀ। ਪਿੱਛੋਂ ਮਹਾਰਾਜਾ ਹੀਰਾ ਸਿੰਘ ਅਤੇ ਮਹਾਰਾਜਾ ਰਿਪੁਦਮਨ ਸਿੰਘ ਨੇ ਆਪੋ ਆਪਣੇ ਸਮੇਂ ਇੱਥੇ ਪੱਕਾ ਗੁਰਦੁਆਰਾ ਬਣਵਾ ਦਿੱਤਾ ਸੀ। ਅੱਜ ਇਹ ਪਵਿੱਤਰ ਅਸਥਾਨ ਸ਼੍ਰੋਮਣੀ ਗੁਰਦੁਆਰਾ

ਪਰਬੰਧਕ ਕਮੇਟੀ ਅੰਮ੍ਰਿਤਸਰ ਅਧੀਨ ਹੈ।

ਥੂਹੀ : ਪਿੰਡ ਥੂਹੀ ਨਾਭਾ ਤੋਂ ਮੈਕਸੀਮਮ ਸਕਿਉਰਿਟੀ ਜੇਲ੍ਹ ਕੋਲੋਂ ਦੀ ਜਾਂਦੀ ਸੜਕ ਉੱਪਰ ਨਾਭੇ ਤੋਂ ਸੱਤ ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਖਾਸ, ਤਹਿਸੀਲ ਨਾਭਾ ਤੇ ਜ਼ਿਲ੍ਹਾ ਪਟਿਆਲਾ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਗੁਰਦੁਆਰਾ ਹੈ ਜਿਹੜਾ 1968 ਵਿਚ ਬਣਾਇਆ ਗਿਆ ਸੀ। ਪਹਿਲਾਂ ਸਿਰਫ ਇੱਥੇ ਇਕ ਕੱਚਾ ਕੋਠਾ ਹੀ ਹੁੰਦਾ ਸੀ। ਉਸੇ ਵਿਚ ਪਾਠ ਬਗੈਰਾ ਹੁੰਦਾ ਸੀ।

ਰਾਮਗੜ੍ਹ ਬੌੜਾਂ : ਰਾਮਗੜ੍ਹ ਬੌੜਾਂ ਦੋ ਪਿੰਡ ਹਨ—ਰਾਮਗੜ੍ਹ ਅਤੇ ਬੌੜਾਂ। ਦੋਹਾਂ ਦੇ ਵਿਚਕਾਰ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਸਾਂਝਾ ਗੁਰਦੁਆਰਾ ਬਾਉਲੀ ਸਾਹਿਬ ਪਾਤਸ਼ਾਹੀ ਨੌਵੀਂ ਹੈ। ਇਹ ਪਿੰਡ ਨਾਭੇ ਤੋਂ ਨਾਭਾ-ਭਵਾਨੀਗੜ੍ਹ ਸੜਕ ਉੱਪਰ ਤਿੰਨ ਕਿਲੋਮੀਟਰ ਦੀ ਵਿੱਥ ਉੱਤੇ ਹੈ। ਗੁਰਦੁਆਰੇ ਅੰਦਰ ਇਕ ਬੋਰਡ ਉੱਪਰ ਲਿਖ ਕੇ ਰੱਖਿਆ ਹੋਇਆ ਹੈ। ਇਸ ਲਿਖਤ ਅਨੁਸਾਰ ਇਸ ਬਾਉਲੀ ਸਾਹਿਬ ਦੀ ਸੇਵਾ ਸੰਮਤ 1926 ਬਿ. ਮੁਤਾਬਕ ਸੰਨ 1869 ਈ. ਵਿਚ ਮਹਾਰਾਜਾ ਨਾਭਾ ਭਰਪੂਰ ਸਿੰਘ ਅਤੇ ਉਸ ਦੀ ਮਹਾਰਾਣੀ ਸ਼ਿਵ ਕੌਰ ਨੇ ਕਰਵਾਈ ਸੀ। ਅੱਜ ਕੱਲ ਕਾਫੀ ਜ਼ਮੀਨ ਗੁਰਦੁਆਰੇ ਦੇ ਨਾਂ ਹੈ ਅਤੇ ਇਸ ਦਾ ਸਾਰਾ ਪਰਬੰਧ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਪਾਸ ਹੈ।

ਗੁਣੀ ਕੇ : ਪਿੰਡ ਗੁਣੀ ਕੇ ਨਾਭਾ-ਭਵਾਨੀਗੜ੍ਹ ਸੜਕ ਉੱਪਰੋਂ ਲਿੰਕ ਰੋਡ ਰਾਹੀਂ ਜਾ ਕੇ ਨਾਭੇ ਤੋਂ ਸੱਤ ਕੁ ਕਿਲੋਮੀਟਰ (ਪਿੰਡ ਰਾਮਗੜ੍ਹ ਬੌੜਾਂ ਲੰਘ ਕੇ) ਦੀ ਵਿੱਥ 'ਤੇ ਵਾਕਿਆ ਹੈ। ਇਸ ਦਾ ਡਾਕਖਾਨਾ ਖਾਸ, ਥਾਣਾ ਤੇ ਤਹਿਸੀਲ ਨਾਭਾ, ਜਿਲਾ ਪਟਿਆਲਾ ਹੈ। ਗੁਰੂ ਤੇਗ ਬਹਾਦੁਰ ਜੀ ਇੱਥੇ ਇਕ ਢਾਬ ਦੇ ਕਿਨਾਰੇ ਉੱਪਰ ਠਹਿਰੇ ਸਨ। ਇਸ ਢਾਬ ਨੂੰ ਸਿੱਧਾਂ ਵਾਲੀ ਢਾਬ ਵੀ ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ ਇਕ ਥੇਹ ਸੀ। ਇਸੇ ਥੇਹ ਅਤੇ ਢਾਬ ਦੇ ਨੇੜੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਪਹਿਲਾਂ-ਪਹਿਲਾਂ ਇੱਥੇ ਸਿਰਫ ਇਕ ਥੜ੍ਹਾ ਹੀ ਸੀ। ਪਿੱਛੋਂ ਸੰਮਤ 1917 ਬਿ. ਮੁਤਾਬਕ ਸੰਨ 1860 ਈ. ਵਿਚ ਮਹਾਰਾਜਾ ਭਰਭੂਰ ਸਿੰਘ ਨਾਭਾ ਨੇ ਪੱਕਾ ਗੁਰਦੁਆਰਾ ਬਣਵਾ ਦਿੱਤਾ ਸੀ।[57] ਸਥਾਨਕ ਰਵਾਇਤਾਂ ਅਨੁਸਾਰ ਇੱਥੇ ਗੁਰੂ ਜੀ ਦੇ ਅਸਥਾਨਾਂ ਦਾ ਸਰਵੇਖਣ ਕਰਨ ਲਈ ਸਿੱਖ ਇਤਿਹਾਸ ਦੇ ਮਸ਼ਹੂਰ ਅੰਗਰੇਜ਼ ਲਿਖਾਰੀ ਮੈਕਾਲਿਫ ਸਾਹਿਬ ਵੀ ਆਏ ਸਨ।

ਆਲੋਅਰਖ : ਪਿੰਡ ਆਲੋਅਰਖ, ਨਾਭਾ-ਭਵਾਨੀਗੜ੍ਹ ਸੜਕ ਉੱਪਰ ਪੱਛਮ ਵੱਲ ਦੋ ਕੁ ਫਰਲਾਂਗ ਦੀ ਵਿੱਥ ਉੱਤੇ ਸਥਿਤ ਹੈ। ਇਸ ਪਿੰਡ ਦਾ ਡਾਕਖਾਨਾ ਭਵਾਨੀਗੜ੍ਹ ਜ਼ਿਲਾ ਸੰਗਰੂਰ ਹੈ। ਗੁਰੂ ਜੀ ਨੇ ਇੱਥੇ ਇਕ ਸੰਘਣੀ ਝਿੜੀ ਅਤੇ ਖੂਹ ਉੱਪਰ ਡੇਰਾ ਲਾਇਆ ਸੀ। ਇੱਥੇ ਨਾਲ ਹੀ ਇਕ ਸੰਤ ਦੀ ਕੁਟੀਆ ਸੀ। ਇਸੇ ਸੰਤ ਦੇ ਪਰੇਮ ਸਦਕਾ ਗੁਰੂ ਜੀ ਇੱਥੇ ਠਹਿਰੇ ਸਨ। ਇਸ ਥਾਂ 'ਤੇ ਇਸ ਸਮੇਂ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਹੈ। ਜਿਸ ਨੂੰ ਇਲਾਕੇ ਦੀਆਂ ਸੰਗਤਾਂ ਨੇ ਸੰਮਤ 1966 ਬਿ. ਮੁਤਾਬਕ ਸੰਨ 1909 ਈ. ਵਿਚ ਬਣਾਇਆ ਸੀ। ਰਿਆਸਤ ਪਟਿਆਲਾ ਵੱਲੋਂ 125 ਬਿੱਘੇ ਜ਼ਮੀਨ ਗੁਰਦੁਆਰਾ ਸਾਹਿਬ ਨਾਲ ਲਗਾਈ ਗਈ ਸੀ।[58] ਪਹਿਲਾਂ ਇੱਥੇ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਦਾ ਪਰਕਾਸ਼ ਹੁੰਦਾ ਸੀ ਪਰ ਹੁਣ ਸਿਰਫ ਇਕੋ ਬੀੜ ਦਾ ਪਰਕਾਸ਼ ਹੁੰਦਾ ਹੈ। ਅੱਜ ਕੱਲ ਇਸ ਦਾ ਪਰਬੰਧ ਸ਼ਰੋਮਣੀ ਕਮੇਟੀ ਪਾਸ ਹੈ।

ਭਵਾਨੀਗੜ੍ਹ : ਭਵਾਨੀਗੜ੍ਹ ਜ਼ਿਲਾ ਸੰਗਰੂਰ ਦੀ ਤਹਿਸੀਲ ਹੈ ਅਤੇ ਪਟਿਆਲਾ-

ਸੰਗਰੂਰ ਜਾਂ ਪਟਿਆਲਾ-ਸੁਨਾਮ ਸੜਕ ਉੱਪਰ ਸਥਿਤ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਗੁਰਦੁਆਰਾ ਸੁਸ਼ੋਭਤ ਹੈ। ਇਸ ਦਾ ਪਰਬੰਧ ਲੋਕਲ ਕਮੇਟੀ ਕਰਦੀ ਹੈ। ਭਵਾਨੀਗੜ੍ਹ ਦਾ ਪੁਰਾਣਾ ਨਾ ਢੋਡੇ ਸੀ ਪਰ ਬਾਬਾ ਆਲਾ ਸਿੰਘ ਵੱਲੋਂ ਇੱਥੇ ਕਿਲਾ ਬਣਾਏ ਜਾਣ ਕਰ ਕੇ ਅਤੇ ਉਸ ਕਿਲੇ ਦਾ ਨਾ ਭਵਾਨੀ (ਦੇਵੀ) ਦੇ ਨਾ ਰੱਖੇ ਜਾਣ ਕਰ ਕੇ ਇਸ ਦਾ ਨਾਂ ਭਵਾਨੀਗੜ੍ਹ ਪਰਚਲਤ ਹੋ ਗਿਆ ਸੀ। ਅੱਜ ਕੱਲ੍ਹ ਗੁਰਦੁਆਰੇ ਦੇ ਨਾਂ ਕਾਫ਼ੀ ਜ਼ਮੀਨ ਹੈ।

ਫੱਗੂਵਾਲਾ : ਪਿੰਡ ਫੱਗੂਵਾਲਾ, ਭਵਾਨੀਗੜ੍ਹ ਤੋਂ ਅੱਗੇ ਸੰਗਰੂਰ ਵੱਲ ਤਕਰੀਬਨ ਪੰਜ ਕਿਲੋਮੀਟਰ ਦੀ ਵਿੱਥ 'ਤੇ ਹੈ। ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਥਾਂ ਪਿੰਡ ਤੋਂ ਬਾਹਰਵਾਰ ਦੋ ਕੁ ਫਰਲਾਂਗ ਦੀ ਵਿੱਥ 'ਤੇ ਭਵਾਨੀਗੜ੍ਹ-ਸੁਨਾਮ ਸੜਕ ਉੱਪਰ ਹੈ। ਇਸ ਸਮੇਂ ਇੱਥੇ ਬਹੁਤ ਸੁੰਦਰ ਗੁਰਦੁਆਰਾ ਹੈ। ਭਾਵੇਂ ਫੱਗੂਵਾਲਾ ਗੁਰੂ ਸਾਹਿਬ ਦੇ ਵੇਲੇ ਨਹੀਂ ਸੀ ਪਰ ਅੱਜ ਇਹ ਪਿੰਡ ਫੱਗੂਵਾਲੇ ਦਾ ਹੀ ਗੁਰਦੁਆਰਾ ਅਖਵਾਉਂਦਾ ਹੈ।[59]

ਘਰਾਚੋ : ਪਿੰਡ ਘਰਾਚੋ, ਭਵਾਨੀਗੜ੍ਹ-ਸੁਨਾਮ ਸੜਕ ਉੱਪਰ ਤਕਰੀਬਨ ਛੇ ਮੀਲ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਖਾਸ, ਤਹਿਸੀਲ ਤੇ ਜ਼ਿਲਾ ਸੰਗਰੂਰ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਗੁਰਦੁਆਰਾ ਦੇਸਿਆਣਾ ਪਾਤਸ਼ਾਹੀ ਨੌਵੀਂ ਹੈ। ਇਹ ਪਿੰਡ ਦੇ ਉੱਤਰ ਵਾਲੇ ਪਾਸੇ ਹੈ। ਦੇਸਿਆਣਾ ਨਾਂ ਇੱਥੋਂ ਦੇ ਕਿਸੇ ਭਾਈ ਦੇਸੂ ਦੇ ਨਾਂ 'ਤੇ ਪਿਆ ਹੈ। ਇਸ ਨੇ ਆਪਣੀ ਜ਼ਮੀਨ ਵਿਚ ਗੁਰੂ ਸਾਹਿਬ ਦਾ ਠਹਿਰਾ ਕੀਤਾ ਸੀ ਅਤੇ ਉੱਥੇ ਹੀ ਗੁਰਦੁਆਰਾ ਬਣਵਾ ਦਿੱਤਾ ਸੀ। ਵਿਸਾਖਾ ਸਿੰਘ ਨੇ ਇੱਥੋਂ ਦੇ ਗੁਰਦੁਆਰੇ ਬਾਰੇ ਇਉਂ ਲਿਖਿਆ ਹੈ : "ਏਥੇ ਗੁਰੂ ਤੇਗ ਬਹਾਦੁਰ ਜੀ ਢੋਡਿਆਂ ਤੋਂ ਹੁੰਦੇ ਹੋਏ ਬਿਰਾਜੇ ਸਨ। ਨਿਸ਼ਾਨ ਸਾਹਿਬ ਸਾਧਾਰਣ ਰੂਪ ਵਿਚ ਕਾਇਮ ਰਿਹਾ। ਹੁਣ ਥੋੜ੍ਹੇ ਚਿਰ ਤੋਂ ਉੱਥੇ ਸੰਗਤ ਨੇ ਗੁਰਦੁਆਰਾ ਬਣਾਇਆ ਹੈ। ਥੋੜ੍ਹੀ ਜਿਹੀ ਜ਼ਮੀਨ ਏਸ ਅਸਥਾਨ ਦੇ ਨਾਉਂ ਉਦੋਂ ਤੋਂ ਚਲੀ ਆਉਂਦੀ ਹੈ ਜੋ ਪਹਿਲਾਂ ਬਹੁਤੀ ਸੀ। ਸੁਲਤਾਨੀਆਂ ਅਤੇ ਅਣਮਤੀਆਂ ਨੇ ਹੁਣ ਤਾਈਂ ਇਹ ਸਥਾਨ ਪਰਸਿਧ ਨਹੀਂ ਹੋਣ ਦਿੱਤਾ। ਇਸ ਕਰ ਕੇ ਭੋਇੰ ਵੀ ਖੁਸ ਚੁੱਕੀ ਹੈ।"[60]

ਨਾਗਰਾ : ਪਿੰਡ ਨਾਗਰਾ ਭਵਾਨੀਗੜ੍ਹ-ਸੁਨਾਮ ਸੜਕ ਉੱਪਰ ਭਵਾਨੀਗੜ੍ਹ ਤੋਂ 15 ਕਿਲੋਮੀਟਰ ਦੀ ਵਿੱਥ 'ਤੇ ਹੈ। ਮੇਨ ਸੜਕ ਨਾਲੋਂ ਡੇਢ ਕੁ ਕਿਲੋਮੀਟਰ ਹਟਵਾਂ ਹੈ। ਗੁਰੂ ਤੇਗ ਬਹਾਦੁਰ ਜੀ ਤੋਂ ਪਹਿਲਾਂ ਇੱਥੇ ਗੁਰੂ ਹਰਿਗੋਬਿੰਦ ਸਾਹਿਬ ਵੀ ਆਏ ਸਨ। ਭਾਵੇਂ ਇਸ ਸਮੇਂ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਇੱਥੇ ਨਹੀਂ ਹੈ ਪਰ ਪਹਿਲਾਂ ਇਹ ਸੀ ਕਿਉਂਕਿ ਭਾਈ ਕਾਨ੍ਹ ਸਿੰਘ ਨਾਭਾ ਇੱਥੋਂ ਦੇ ਗੁਰਦੁਆਰੇ ਬਾਰੇ ਲਿਖਦੇ ਹਨ : "ਨਾਗਰਾ ਵਿਚ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਅਸਥਾਨ ਹੈ। ਗੁਰੂ ਜੀ ਫੱਗੂਵਾਲੇ ਤੋਂ ਇੱਥੇ ਆਏ ਸਨ। ਕਿਸੇ ਸਮੇਂ ਇਹ ਗੁਰਦੁਆਰਾ ਪੱਕਾ ਸੀ ਪਰ ਹੁਣ ਛੋਟੀ ਜਿਹੀ ਚਾਰ ਦਿਵਾਰੀ ਹੀ ਖੜੀ ਹੈ, ਹੋਰ ਸਭ ਢਹਿ ਗਿਆ ਹੈ।" ਪਿੱਛੋਂ ਇਹ ਚਾਰ ਦਿਵਾਰੀ ਵੀ ਮਿਟ ਗਈ ਹੈ।

ਟੱਲ-ਘਨੌੜ ਜੱਟਾਂ : ਪਿੰਡ ਟੱਲ-ਘਨੌੜ ਜੱਟਾਂ ਭਵਾਨੀਗੜ੍ਹ ਤੋਂ ਪੂਰਬ ਵੱਲ 10 ਕਿਲੋਮੀਟਰ, ਸਮਾਣੇ ਤੋਂ 15 ਕਿਲੋਮੀਟਰ ਅਤੇ ਸੁਨਾਮ ਤੋਂ 20 ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦੇ ਨੇੜੇ ਹੀ ਘਨੌੜ ਰਾਜਪੂਤਾਂ ਦਾ ਪਿੰਡ ਵੀ ਹੈ ਇਸ ਲਈ ਇਹ ਜੱਟਾਂ ਦਾ ਪਿੰਡ ਹੋਣ ਕਰ ਕੇ ਘਨੌੜ ਜੱਟਾਂ ਕਿਹਾ ਜਾਣ ਲੱਗ ਪਿਆ। ਰਾਜਪੂਤ ਰੰਘੜਾਂ ਦੀ ਘਨੌੜ ਜੱਟਾਂ ਨਾਲ ਦੁਸ਼ਮਣੀ ਸੀ। ਇਸ ਲਈ ਆਪਸ ਵਿਚ ਹਮਲੇ ਹੁੰਦੇ ਰਹਿੰਦੇ ਸਨ। ਘਨੌੜ-ਜੱਟਾਂ ਨੇ ਆਪਣੇ ਪਿੰਡ ਦੇ

ਬਾਹਰ ਇਕ ਟੱਲ ਲਮਕਾ ਲਿਆ ਸੀ। ਜਦੋਂ ਬਾਹਰਲਾ ਹਮਲਾ ਹੁੰਦਾ ਸੀ ਤਾਂ ਇਸ ਟੱਲ ਨੂੰ ਖੜਕਾ ਕੇ ਸਭ ਨੂੰ ਸਾਵਧਾਨ ਕਰ ਦਿੱਤਾ ਜਾਂਦਾ ਸੀ। ਇਸ ਕਰ ਕੇ ਇਸ ਪਿੰਡ ਦਾ ਨਾਂ ਟੱਲ-ਘਨੌੜ ਜੱਟਾਂ ਚਾਲੂ ਹੋ ਗਿਆ।

ਇੱਥੇ ਤਿੰਨ ਗੁਰੂ ਸਾਹਿਬਾਨ ਆਏ ਹਨ : ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦੁਰ ਜੀ। ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਅਲੱਗ ਹੈ ਜਦੋਂ ਕਿ ਬਾਕੀ ਦੋ ਗੁਰੂ ਸਾਹਿਬਾਨ ਦਾ ਗੁਰਦੁਆਰਾ ਇਕੱਠਾ ਹੈ।[62] ਇਹ ਪਿੰਡ ਦੇ ਪੱਛਮ ਵੱਲ ਨਹਿਰ ਦੇ ਉੱਪਰ ਹੈ। ਇਸ ਦੀ ਉਸਾਰੀ 1933 ਈ. ਵਿਚ ਸ਼ੁਰੂ ਹੋਈ ਸੀ। ਅੱਜ ਕੱਲ੍ਹ ਲੋਕਲ ਕਮੇਟੀ ਇਸ ਦਾ ਪਰਬੰਧ ਕਰਦੀ ਹੈ।

ਸਮਾਣਾ : ਸਮਾਣਾ, ਜ਼ਿਲਾ ਪਟਿਆਲਾ ਦੀ ਤਹਿਸੀਲ ਅਤੇ ਮਸ਼ਹੂਰ ਪੁਰਾਤਨ ਸ਼ਹਿਰ ਹੈ। ਕਿਸੇ ਸਮੇਂ ਸਮਾਣਾ ਇਕ ਰਾਜ ਦੀ ਰਾਜਧਾਨੀ ਵੀ ਰਿਹਾ ਸੀ। ਇਸ ਦੇ ਨਾਮਕਰਣ ਬਾਰੇ ਡਾ. ਗੰਡਾ ਸਿੰਘ ਨੇ ਇਉਂ ਲਿਖਿਆ ਹੈ ਕਿ ਚਲੀ ਆ ਰਹੀ ਪਰੰਪਰਾ ਅਨੁਸਾਰ ਇੱਥੇ ਇਮਾਮਗੜ੍ਹ ਦੇ ਅਸਥਾਨ 'ਤੇ ਪੁਰਾਣੀ ਆਬਾਦੀ ਹੁੰਦੀ ਸੀ। ਜਦ ਇਰਾਨ ਦੇ ਸਮਾਨਵੀਂ ਘਰਾਣੇ ਦੇ ਕੁਝ ਲੋਕ ਉੱਥੋਂ ਉੱਠ ਕੇ ਇੱਥੇ ਆਬਾਦ ਹੋਏ ਤਾਂ ਇਸ ਦਾ ਨਾਉਂ ਉਨ੍ਹਾਂ ਦੇ ਨਾਉਂ ਪਰ ਸਮਾਣਾ ਹੋ ਗਿਆ।[63] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਫਾਰਿਸ ਦਾ ਸਮਾਨਿਦ ਖਾਨਦਾਨ ਇਸ ਥਾ ਪਹਿਲਾਂ ਵਸਿਆ ਸੀ ਜਿਸ ਕਾਰਣ ਇਹ ਨਾਉਂ ਹੋਇਆ।"[64] ਸਮਾਣਾ ਕਿਉਂਕਿ ਮੁੱਢ ਤੋਂ ਹੀ ਮੁਸਲਿਮ ਹਕੂਮਤ ਦਾ ਮਹੱਤਵਪੂਰਣ ਥਾਂ ਰਿਹਾ ਹੈ ਇਸ ਕਰ ਕੇ ਇੱਥੋਂ ਦੇ ਪਠਾਣ ਸਰਦਾਰ ਸਾਰੇ ਇਲਾਕੇ ਉੱਪਰ ਪੂਰੇ ਰੋਅਬਦਾਬ ਵਾਲੇ ਮੰਨੇ ਜਾਂਦੇ ਸਨ। ਇਹ ਵੀ ਇਕ ਕਾਰਣ ਸੀ ਕਿ ਸਮਾਣਾ ਸਿੱਖ ਧਰਮ ਦਾ ਕੋਈ ਮਹੱਤਵਪੂਰਣ ਅਸਥਾਨ ਨਹੀਂ ਰਿਹਾ। ਜਦੋਂ ਗੁਰੂ ਤੇਗ ਬਹਾਦੁਰ ਜੀ ਇੱਥੇ ਆਏ ਸਨ ਤਾਂ ਉਹ ਆਪਣੇ ਦੋਸਤ ਗੜ੍ਹੀ ਨਜ਼ੀਰ ਦੇ ਮਾਲਕ ਪਠਾਣ ਪਾਸ ਆਏ ਸਨ। ਇਹ ਪਠਾਣ ਸੈਫਾਬਾਦ (ਬਹਾਦਰਗੜ੍ਹ) ਦੇ ਨਵਾਬ ਸੈਫੂਦੀਨ ਦਾ ਰਿਸ਼ਤੇਦਾਰ ਸੀ। ਉਸੇ ਨੇ ਹੀ ਇੱਥੇ ਗੁਰੂ ਜੀ ਦਾ ਠਹਿਰਾ ਅਤੇ ਸੇਵਾ ਆਦਿ ਕੀਤੀ ਸੀ। ਇਹ ਥਾਂ ਅੱਜ ਕੱਲ ਪੱਤੀ ਮਲਕਾਨਾ ਵਿਚ ਹੈ। ਇਸ ਨੂੰ ਗੁਰਦੁਆਰਾ ਥੜ੍ਹਾ ਸਾਹਿਬ ਕਿਹਾ ਜਾਂਦਾ ਹੈ। ਇਸ ਦੇ ਪੱਛਮ ਵੱਲ ਬੈਰਾਗੀਆਂ ਦਾ ਬਹੁਤ ਪੁਰਾਣਾ ਮੰਦਰ ਹੈ। ਭਾਈ ਕਾਨ੍ਹ ਸਿੰਘ ਇਸ ਮੱਤ ਦਾ ਹੈ ਕਿ ਜਿਸ ਅਸਥਾਨ 'ਤੇ ਗੁਰੂ ਤੇਗ ਬਹਾਦੁਰ ਜੀ ਠਹਿਰੇ ਸਨ ਉਹ ਸਮਾਣੇ ਦੀ ਹੱਦ ਤੋਂ ਬਾਹਰ ਹੈ।[65] ਵਿਸਾਖਾ ਸਿੰਘ ਨੇ ਵੀ ਇਸੀ ਤਰ੍ਹਾਂ ਲਿਖਿਆ ਹੈ।[66]

ਗੁਰੂ ਤੇਗ ਬਹਾਦੁਰ ਨੂੰ ਸ਼ਹੀਦ ਕਰਨ ਵਾਲਾ ਜਲਾਦ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਵਿਖੇ ਸ਼ਹੀਦ ਕਰਨ ਵਾਲਾ ਜਲਾਦ ਸਮਾਣੇ ਦੇ ਹੀ ਵਸਨੀਕ ਸਨ। ਇਸ ਕਰਕੇ 1708-9 ਈ. ਵਿਚ ਬੰਦਾ ਸਿੰਘ ਬਹਾਦੁਰ ਨੇ ਸਮਾਣੇ ਉਪਰ ਹਮਲਾ ਕਰਕੇ, ਇਸ ਸਮੁੱਚੇ ਸ਼ਹਿਰ ਨੂੰ ਢਹਿ-ਢੇਰੀ ਕਰ ਦਿੱਤਾ ਸੀ।

ਦੋਦੜਾ : ਪਿੰਡ ਦੋਦੜਾ ਸਮਾਣੇ ਤੋਂ ਸਿਧਾ ਚਾਰ ਕਿਲੋਮੀਟਰ, ਗੜ੍ਹੀ ਨਜ਼ੀਰ ਤੋਂ ਪੰਜ ਕਿਲੋਮੀਟਰ ਅਤੇ ਕਮਾਲਪੁਰ ਤੋਂ ਅੱਠ ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਕੁਲਾਰਾਂ, ਥਾਣਾ ਤੇ ਤਹਿਸੀਲ ਸਮਾਣਾ ਅਤੇ ਜ਼ਿਲਾ ਪਟਿਆਲਾ ਹੈ। ਇੱਥੇ ਗੁਰੂ ਸਾਹਿਬ ਇਕ ਪਿੱਪਲ ਦੇ ਦਰੱਖਤ ਹੇਠਾਂ ਆ ਕੇ ਬੈਠੇ ਸਨ। ਇਸ ਪਿੱਪਲ ਦੇ ਦਰੱਖਤ ਦਾ ਨਿਸ਼ਾਨ ਹੁਣ ਵੀ ਹੈ।[67] ਪਹਿਲਾਂ-ਪਹਿਲਾਂ ਇਸ ਪਿੱਪਲ ਹੇਠਾ ਗੁਰੂ ਜੀ ਦੀ ਯਾਦ ਵਿਚ ਇਕ ਥੜ੍ਹਾ ਹੀ ਬਣਾਇਆ

ਹੋਇਆ ਸੀ। ਫਿਰ ਕੁਝ ਕਮਰੇ ਪਾ ਕੇ ਗੁਰਦੁਆਰਾ ਬਣਾ ਦਿੱਤਾ ਗਿਆ ਹੈ। ਇਸ ਸਮੇਂ ਇਕ ਸਾਧਾਰਣ ਜਿਹਾ ਗੁਰਦੁਆਰਾ ਹੈ।

ਕਮਾਲਪੁਰ : ਪਿੰਡ ਕਮਾਲਪੁਰ ਸਮਾਣਾ-ਸੂਲਰ ਘਰਾਂਟਾਂ ਵਾਲੀ ਸੜਕ ਉੱਪਰ ਹੈ। ਇੱਥੋਂ ਦਾ ਡਾਕਖਾਨਾ ਖਾਸ, ਥਾਣਾ ਦਿੜਬਾ, ਤਹਿਸੀਲ ਸੁਨਾਮ ਅਤੇ ਜਿਲਾ ਸੰਗਰੂਰ ਹੈ। ਪਹਿਲਾਂ ਇੱਥੇ ਗੁਰੂ ਨਾਨਕ ਦੇਵ ਜੀ ਦੇ ਆਉਣ ਦੀ ਵੀ ਰਵਾਇਤ ਹੈ। ਉਨ੍ਹਾਂ ਦੀ ਜਗ੍ਹਾ ਇੱਥੇ ਇਕ ਟਿੱਬੀ ਉੱਪਰ ਸੀ। ਪਿੱਛੋਂ ਗੁਰੂ ਤੇਗ ਬਹਾਦੁਰ ਜੀ ਵੀ ਇਸੇ ਟਿੱਬੀ ਉੱਪਰ ਆ ਕੇ ਬਿਰਾਜੇ ਸਨ। ਇਸੇ ਟਿੱਬੀ 'ਤੇ ਪਿੱਛੋਂ ਸਰਹਿੰਦੀ ਛੋਟੀਆਂ ਇਟਾਂ ਦੀ ਇਕ ਮੰਜੀ ਸਾਹਿਬ ਬਣਾ ਦਿੱਤੀ ਗਈ ਸੀ। ਇਸ ਦੇ ਪਾਸ ਹੀ ਇਕ ਛੋਟੀ ਖੂਹੀ ਵੀ ਹੈ। ਪਿੱਛੋਂ ਇੱਥੇ ਕੁਝ ਉਦਾਸੀ ਸਾਧੂਆਂ ਦੇ ਆ ਕੇ ਕਾਬਜ਼ ਹੋ ਜਾਣ ਕਾਰਨ ਇਹ ਗੁਰਦੁਆਰਾ ਸਾਧਾਂ ਦੇ ਡੇਰੇ ਵਿਚ ਬਦਲ ਗਿਆ। ਹੁਣ ਇਹ ਡੇਰਾ ਵੀ ਉਜੜ ਗਿਆ ਹੈ ਪਰ ਲੋਕਾਂ ਦੇ ਮਨਾਂ ਵਿਚ ਇਸ ਥਾਂ ਪ੍ਰਤੀ ਬਹੁਤ ਸ਼ਰਧਾ ਹੈ ਕਿਉਂਕਿ ਉਨ੍ਹਾਂ ਅਨੁਸਾਰ ਇਹ ਗੁਰੂ ਸਾਹਿਬਾਨ ਦੇ ਬਿਰਾਜਣ ਵਾਲੀ ਜਗ੍ਹਾ ਹੈ। ਸਾਧਾਂ ਦੇ ਕਾਬਜ਼ ਹੋ ਜਾਣ ਤੋਂ ਪਹਿਲਾਂ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਇੱਥੇ ਆਪਣਾ ਇਕ ਸੇਵਕ ਛੱਡ ਦਿੱਤਾ ਸੀ ਪਰ ਉਸ ਦੀ ਮਿਰਤੂ ਦੀ ਯਾਦ ਵਿਚ ਇੱਥੇ ਕੋਈ ਨਾ ਆਇਆ। ਜਿਸ ਕਰ ਕੇ ਇਸ ਥਾਂ ਨੂੰ ਖਾਲੀ ਸਮਝ ਕੇ ਸਾਧ ਆ ਬੈਠੇ ਸਨ। ਭਾਈ ਕਾਨ੍ਹ ਸਿੰਘ ਨੇ ਇਸ ਅਸਥਾਨ ਨੂੰ ਸਿਰਫ ਗੁਰੂ ਨਾਨਕ ਦੇਵ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਦਾ ਯਾਤਰਾ ਅਸਥਾਨ ਹੀ ਦੱਸਿਆ ਹੈ।[68]

ਦਿੜਬਾ : ਪਿੰਡ ਦਿੜਬਾ ਕਮਾਲਪੁਰ ਤੋਂ ਦੱਖਣ ਵੱਲ ਪੰਜ ਕਿਲੋਮੀਟਰ 'ਤੇ ਹੈ। ਇੱਥੋਂ ਦਾ ਡਾਕਖਾਨਾ ਖਾਸ, ਤਹਿਸੀਲ ਸੁਨਾਮ ਅਤੇ ਜ਼ਿਲਾ ਸੰਗਰੂਰ ਹੈ। ਇਹ ਪਿੰਡ ਪਾਤੜਾਂ-ਮਹਿਲਾਂ ਸੜਕ ਉੱਪਰ ਹੈ। ਇੱਥੇ ਉੱਚੀਆਂ-ਉੱਚੀਆਂ ਦੈੜਾਂ (ਟਿੱਬੀਆਂ) ਹੋਣ ਕਰ ਕੇ ਇਸ ਦਾ ਨਾਂ ਦੈੜਾਂ ਤੋਂ ਬਿਗੜ ਕੇ ਦਿੜਬਾ ਪਰਚਲਤ ਹੋ ਗਿਆ। ਗੁਰੂ ਤੇਗ ਬਹਾਦੁਰ ਜੀ ਇੱਥੇ ਇਕ ਢਾਬ ਦੇ ਕਿਨਾਰੇ ਬਰੋਟਿਆਂ ਦੇ ਰੁੱਖਾਂ ਹੇਠਾਂ ਆ ਕੇ ਬੈਠੇ ਸਨ। ਪਿੱਛੋਂ ਇਸੇ ਹੀ ਥਾਂ 'ਤੇ ਪਿੰਡਾਂ ਦੀਆਂ ਸਿੱਖ ਸੰਗਤਾਂ ਨੇ ਗੁਰਦੁਆਰਾ ਬਣਾ ਦਿੱਤਾ ਜਿਸ ਦਾ ਨਾਂ ਗੁਰਦੁਆਰਾ ਸੈਂਤਿਆਣਾ ਪਾਤਸ਼ਾਹੀ ਨੌਵੀਂ ਹੈ। ਸੈਂਤਿਆਣਾ ਇਸ ਢਾਬ ਦਾ ਨਾਂ ਸੀ। ਇਸੇ ਦੇ ਨਾਂ 'ਤੇ ਹੀ ਗੁਰਦੁਆਰੇ ਦਾ ਨਾਂ ਚਾਲੂ ਹੋ ਗਿਆ ਹੈ। ਭਾਈ ਕਾਨ੍ਹ ਸਿੰਘ ਨੇ ਵੀ ਇਸ ਗੁਰੂ ਅਸਥਾਨ ਦਾ ਜ਼ਿਕਰ ਕੀਤਾ ਹੈ।[69] ਪਿੱਛੋਂ ਬਾਬਾ ਆਲਾ ਸਿੰਘ ਨੇ ਵੀ ਇਸ ਥਾਂ 'ਤੇ ਆਪਣਾ ਹੈਡਕੁਆਰਟਰ ਬਣਾ ਕੇ ਰੱਖਿਆ ਸੀ। ਇੱਥੇ ਬਾਬਾ ਆਲਾ ਸਿੰਘ ਦੇ ਚੁੱਲ੍ਹੇ ਸਨ। ਭਾਵ ਇੱਥੇ ਬਾਬਾ ਆਲਾ ਸਿੰਘ ਵੱਲੋਂ ਲੰਗਰ ਤਿਆਰ ਕਰਵਾਇਆ ਜਾਂਦਾ ਸੀ।

ਨਨਹੇੜਾ : ਪਿੰਡ ਨਨਹੇੜਾ ਸਮਾਣਾ-ਸ਼ਤਰਾਣਾ ਸੜਕ ਉੱਪਰ ਸਮਾਣੇ ਵੱਲੋਂ 18 ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਹਰਚੰਦ ਪੁਰਾ, ਥਾਣਾ ਘੱਗਾ, ਤਹਿਸੀਲ ਤੇ ਜ਼ਿਲਾ ਪਟਿਆਲਾ ਹੈ। ਇੱਥੋਂ ਦੋਦੜਾ 16 ਕਿਲੋਮੀਟਰ ਅਤੇ ਪਾਤੜਾਂ 19 ਕਿਲੋਮੀਟਰ ਦੀ ਦੂਰੀ ਤੇ ਹਨ। ਗੁਰੂ ਤੇਗ ਬਹਾਦੁਰ ਜੀ ਇੱਥੇ ਪਰਚਾਰ ਦੌਰੇ ਸਮੇਂ ਆਏ ਸਨ। ਉਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਵੀ ਸੀ ਜਿਹੜਾ ਕਿ ਉਦਾਸੀ ਸੰਤਾਂ ਦੇ ਪਰਬੰਧ ਹੇਠ ਸੀ। ਇਸ ਗੁਰਦੁਆਰੇ ਦੇ ਨਾਂ ਜੀਂਦ ਅਤੇ ਕੈਥਲ ਦੇ ਹੁਕਮਰਾਨਾਂ ਵੱਲੋਂ ਜ਼ਮੀਨ ਵੀ ਲਗਵਾਈ ਹੋਈ ਸੀ ਪਰ ਗੁਰਦੁਆਰਾ ਸੁਧਾਰ ਲਹਿਰ ਵੇਲੇ ਸਿੱਖਾਂ ਅਤੇ ਉਦਾਸੀਆਂ ਵਿਚ ਝਗੜਾ ਹੋ ਜਾਣ ਕਰ ਕੇ ਇੱਥੋਂ ਦੇ ਉਦਾਸੀਆਂ ਨੇ ਇਸ ਗੁਰਦੁਆਰੇ ਦਾ ਸੰਕਲਪ ਬਿਲਕੁਲ ਬਦਲ ਦਿੱਤਾ ਹੈ। ਅੱਜ ਭਾਵੇਂ

ਸ਼ਰੋਮਣੀ ਕਮੇਟੀ ਇਸ ਗੁਰਦੁਆਰੇ ਦਾ ਕੇਸ ਜਿੱਤ ਚੁੱਕੀ ਹੈ ਪਰ ਅਜੇ ਤਕ ਇਸ ਦਾ ਕਬਜ਼ਾ ਲੈਣਾ ਬਾਕੀ ਹੈ।

ਬਹਿਰ ਜੱਖ : ਇਹ ਪਿੰਡ ਖਨੌਰੀ-ਕੈਥਲ ਪੱਕੀ ਸੜਕ ਉੱਪਰ ਸਥਿਤ ਅਰਨੋ ਪਿੰਡ ਤੋਂ ਲਿੰਕ ਰੋਡ ਰਾਹੀਂ ਪੱਛਮ ਵੱਲ ਤਿੰਨ ਕਿਲੋਮੀਟਰ 'ਤੇ ਹੈ। ਖਨੌਰੀ ਤੋਂ ਅਰਨੋ ਨੌ ਕਿਲੋਮੀਟਰ ਅਤੇ ਕੈਥਲ 22 ਕਿਲੋਮੀਟਰ ਹੈ। ਬਹਿਰ ਜੱਖ ਦਾ ਡਾਕਖਾਨਾ ਖਾਸ, ਥਾਣਾ ਘੱਗਾ, ਤਹਿਸੀਲ ਸਮਾਣਾ ਤੇ ਜ਼ਿਲਾ ਪਟਿਆਲਾ ਹੈ।

ਹਿੰਦੂ ਮਿਥਿਹਾਸ ਅਨੁਸਾਰ ਇਸ ਪਿੰਡ ਦਾ ਨਾਮਕਰਣ ਮਹਾਂਭਾਰਤ ਦੇ ਯੁੱਧ ਤੋਂ ਚਾਲੂ ਹੋਇਆ ਹੈ। ਜਦੋਂ ਗੁਰੂ ਤੇਗ ਬਹਾਦੁਰ ਜੀ ਇੱਥੇ ਧਰਮ ਪਰਚਾਰ ਕਰਦੇ ਹੋਏ ਆਏ ਸਨ ਤਾਂ ਇੱਥੋਂ ਦੇ ਇਕ ਤਰਖਾਣ ਸਿੱਖ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਸੀ।[70] ਇਸੇ ਤਰਖਾਣ ਸਿੱਖ ਨੂੰ ਗੁਰੂ ਸਾਹਿਬ ਨੇ ਇਸ ਇਲਾਕੇ ਦਾ ਪਰਚਾਰਕ ਨੀਅਤ ਕਰ ਦਿੱਤਾ ਸੀ। ਪਿੱਛੋਂ ਗੁਰੂ ਸਾਹਿਬ ਦੇ ਬਿਰਾਜਣ ਵਾਲੀ ਥਾਂ 'ਤੇ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਗੁਰਦੁਆਰਾ ਬਣਵਾ ਦਿੱਤਾ ਸੀ। ਇਕ ਜ਼ਮੀਨ ਦਾ ਪੱਟਾ ਵੀ ਗੁਰਦੁਆਰਾ ਸਾਹਿਬ ਦੇ ਨਾਂ ਲਗਵਾ ਦਿੱਤਾ ਸੀ। ਅੱਜ ਕੱਲ ਇਸ ਦਾ ਪਰਬੰਧ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਪਾਸ ਹੈ।

ਮੂਣਕ : ਕਸਬਾ ਮੂਣਕ, ਜਾਖ਼ਲ-ਪਾਤੜਾਂ ਸੜਕ ਉੱਪਰ ਸਥਿਤ ਹੈ। ਇਹ ਜਾਖ਼ਲ ਤੋਂ ਸੱਤ ਕਿਲੋਮੀਟਰ ਅਤੇ ਪਾਤੜਾਂ ਤੋਂ 16 ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਤੇ ਥਾਣਾ ਖਾਸ, ਤਹਿਸੀਲ ਸੁਨਾਮ ਅਤੇ ਜ਼ਿਲਾ ਸੰਗਰੂਰ ਹੈ। ਇੱਥੇ ਪਟਿਆਲਾ ਰਿਆਸਤ ਵੱਲੋਂ ਉਸਾਰਿਆ ਗਿਆ ਇਕ ਕਿਲਾ ਵੀ ਸੀ ਜਿਹੜਾ ਹੁਣ ਖੰਡਰਾਤਾਂ ਦੇ ਰੂਪ ਵਿਚ ਹੈ। ਇਸ ਦਾ ਨਾਂ ਕਿਲ੍ਹਾ ਅਕਾਲ ਗੜ੍ਹ ਸੀ। ਗੁਰੂ ਤੇਗ ਬਹਾਦੁਰ ਜੀ ਇੱਥੇ ਧਰਮ ਪਰਚਾਰ ਕਰਦੇ ਹੋਏ ਆਏ ਸਨ। ਉਨ੍ਹਾਂ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਅਕਾਲ ਗੜ੍ਹ ਸਾਹਿਬ ਹੈ। ਇਸ ਨੂੰ 1953 ਵਿਚ ਸਰਦਾਰ ਹਰਚੰਦ ਸਿੰਘ ਜੇਜੀ, ਚੂੜਲ ਨਿਵਾਸੀ, ਨੇ ਆਪਣੀ ਹਿੰਮਤ ਨਾਲ ਬਣਵਾਇਆ ਸੀ। ਪਹਿਲਾਂ ਪਹਿਲ ਇਸ ਦਾ ਪਰਬੰਧ ਮਹੰਤਾਂ ਕੋਲ ਸੀ ਪਰ ਪਿੱਛੋਂ ਇਲਾਕੇ ਦੀਆਂ ਸੰਗਤਾਂ ਨੇ ਇਸ ਦਾ ਪਰਬੰਧ ਆਪ ਸੰਭਾਲ ਲਿਆ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦਾ ਜ਼ਿਕਰ ਇਉਂ ਕੀਤਾ ਹੈ : "ਮੂਣਕ-ਰਾਜ ਪਟਿਆਲਾ, ਨਜ਼ਾਮਤ ਸੁਨਾਮ ਵਿਚ ਜਾਖ਼ਲ ਜੰਕਸ਼ਨ ਤੋਂ ਤਿੰਨ ਕੋਹ ਪੂਰਵ ਇਕ ਨਗਰ ਜਿੱਥੇ ਪੁਰਾਣਾ ਕਿਲਾ ਹੈ। ਇਸ ਤੋਂ ਇਕ ਫਰਲਾਂਗ ਉੱਤਰ ਗੁਰੂ ਤੇਗ ਬਹਾਦੁਰ ਸਾਹਿਬ ਵਿਰਾਜੇ ਸਨ। ਕੇਵਲ ਮੰਜੀ ਸਾਹਿਬ ਬਣਿਆ ਹੋਇਆ ਹੈ। ਰਿਆਸਤ ਵੱਲੋਂ 84 ਵਿੱਘੇ ਜ਼ਮੀਨ ਹੈ। ਪੁਜਾਰੀ ਸਿੰਘ ਹੈ।"[71]

ਮਕੋਰੜ ਸਾਹਿਬ : ਪਿੰਡ ਮਕੋਰੜ ਸਾਹਿਬ ਮੂਣਕ ਤੋਂ ਸੱਤ ਕਿਲੋਮੀਟਰ ਦੀ ਵਿੱਥ 'ਤੇ ਹੈ ਅਤੇ ਇੱਥੋਂ ਧਮਧਾਨ ਸਾਹਿਬ 16 ਕਿਲੋਮੀਟਰ ਅੱਗੇ (ਹਰਿਆਣੇ ਵਿਚ) ਰਹਿ ਜਾਂਦਾ ਹੈ। ਇਸ ਦਾ ਡਾਕਖਾਨਾ ਖਾਸ, ਥਾਣਾ ਮੂਣਕ, ਤਹਿਸੀਲ ਸੁਨਾਮ ਅਤੇ ਜ਼ਿਲਾ ਸੰਗਰੂਰ ਹੈ। ਗੁਰੂ ਤੇਗ ਬਹਾਦੁਰ ਜੀ ਸੰਭਵ ਤੌਰ ਤੇ ਧਮਧਾਨ ਸਾਹਿਬ ਨੂੰ ਆਉਣ-ਜਾਣ ਸਮੇਂ ਜਾਂ ਧਮਧਾਨ ਸਾਹਿਬ ਵਿਖੇ ਰਹਿਣ ਸਮੇਂ ਇਸ ਪਿੰਡ ਵਿਚ ਪਧਾਰੇ ਸਨ। ਇਸ ਇਲਾਕੇ ਵਿਚ ਗੁਰੂ ਸਾਹਿਬ ਦੀਆਂ ਸਿੱਖ ਸੰਗਤਾਂ ਬਹੁਤ ਸਨ। ਇਸ ਪਿੰਡ ਵਿਚ ਗੁਰੂ ਸਾਹਿਬ ਦੀ ਆਮਦ ਬਾਰੇ ਸਾਖੀ ਪੋਥੀ ਅਤੇ ਪੰਡਿਤ ਤਾਰਾ ਸਿੰਘ ਨਰੋਤਮ ਦੀ ਲਿਖਤ ਵਿਚ ਵੀ ਜ਼ਿਕਰ ਆਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦਾ ਸੰਖੇਪ ਜ਼ਿਕਰ ਇਉਂ ਕੀਤਾ ਹੈ : "ਮਕੋਰੜ-ਇਕ ਪਿੰਡ ਜੋ ਪਟਿਆਲਾ ਨਿਜ਼ਾਮਤ,

ਤਸੀਲ ਨਰਵਾਣਾ, ਥਾਣਾ ਮੂਨਕ ਵਿਚ ਰੇਲਵੇ ਸਟੇਸ਼ਨ ਟੋਹਾਣਾ ਤੋਂ ਪੂਰਵ ਤਿੰਨ ਮੀਲ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਪਧਾਰੇ ਹਨ ਪਰ ਪੰਥ ਦੀ ਅਣਗਹਿਲੀ ਕਰ ਕੇ ਗੁਰਦੁਆਰਾ ਨਹੀਂ ਬਣਿਆ।"[72] ਭਾਈ ਸਾਹਿਬ ਦੀ ਇਹ ਲਿਖਤ, 1930 ਤੋਂ ਪਹਿਲਾਂ ਦੀ ਹੈ। ਪਿੱਛੋਂ 1946 ਈ. ਵਿਚ ਇੱਥੇ ਇਕ ਥੜ੍ਹੇ ਦੀ ਸੇਵਾ ਮਹੰਤ ਤਾਰਾ ਸਿੰਘ ਨੇ ਕਰਨੀ ਸ਼ੁਰੂ ਕਰ ਦਿੱਤੀ ਸੀ। ਇਹ ਥੜ੍ਹਾ ਗੁਰੂ ਸਾਹਿਬ ਦੇ ਵਿਰਾਜਣ ਵਾਲੀ ਥਾਂ ਉੱਪਰ ਇਕ ਯਾਦਗਾਰ ਵੱਜੋਂ ਸੀ। 1953 ਦੇ ਕਰੀਬ ਸਰਦਾਰ ਹਰਚੰਦ ਸਿੰਘ ਜੇਜੀ ਨੇ ਇੱਥੇ ਗੁਰਦੁਆਰਾ ਬਣਵਾ ਦਿੱਤਾ ਸੀ।

ਧਮਧਾਨ ਸਾਹਿਬ (ਹਰਿਆਣਾ) : ਧਮਧਾਨ ਸਾਹਿਬ, ਹਰਿਆਣਾ ਪਰਾਂਤ, ਜ਼ਿਲਾ ਜੀਂਦ ਅਤੇ ਤਹਿਸੀਲ ਨਰਵਾਣਾ ਦਾ ਇਕ ਪਰਸਿੱਧ ਨਗਰ ਹੈ। ਇਸ ਦਾ ਡਾਕਖਾਨਾ ਖਾਸ ਅਤੇ ਥਾਣਾ ਨਰਵਾਣਾ ਹੈ। ਇੱਥੋਂ ਬਹਿਰ ਜੱਖ 20 ਕਿਲੋਮੀਟਰ, ਮੀਹਾਂ ਸਿੰਘ ਵਾਲਾ ਸੱਤ ਕਿਲੋਮੀਟਰ, ਮਕੋਰੜ ਸਾਹਿਬ ਬਾਰਾਂ ਕਿਲੋਮੀਟਰ ਹੈ। ਹਰਿਆਣਾ ਬਣਨ ਤੋਂ ਪਹਿਲਾਂ ਇਸ ਇਲਾਕੇ ਨੂੰ ਪੰਜਾਬ ਵਿਚ ਬਾਂਗਰ ਦੇ ਇਲਾਕੇ ਦੇ ਤੌਰ ਤੇ ਜਾਣਿਆ ਜਾਂਦਾ ਸੀ। ਗੁਰੂ ਤੇਗ ਬਹਾਦੁਰ ਜੀ ਨੇ ਮਾਲਵਾ ਖੇਤਰ ਦਾ ਦੌਰਾ ਕਰਨ ਸਮੇਂ ਹੀ ਬਾਂਗਰ ਖੇਤਰ ਦਾ ਵੀ ਦੌਰਾ ਕੀਤਾ ਸੀ। ਧਮਧਾਨ ਸਾਹਿਬ ਸਮੁੱਚੇ ਬਾਂਗਰ ਇਲਾਕੇ ਦਾ ਕੇਂਦਰੀ ਅਸਥਾਨ ਬਣਾਇਆ ਗਿਆ ਸੀ। ਗੁਰੂ ਸਾਹਿਬ ਨੇ ਆਪਣਾ ਮੁੱਖ ਡੇਰਾ ਇੱਥੇ ਰੱਖਿਆ ਸੀ ਅਤੇ ਇੱਥੋਂ ਆਲੇ ਦੁਆਲੇ ਦੇ ਪਿੰਡਾਂ ਵਿਚ ਪਰਚਾਰ ਦੌਰਿਆਂ ਤੇ ਜਾਂਦੇ ਸਨ।

ਧਮਧਾਨ ਸਾਹਿਬ ਦੇ ਮੁਤੱਲਕ ਵੱਖ-ਵੱਖ ਲਿਖਤਾਂ ਵਿਚ ਵੱਖ-ਵੱਖ ਵਰਨਣ ਮਿਲਦਾ ਹੈ। ਸਰੂਪ ਦਾਸ ਭੱਲਾ ਨੇ ਇੱਥੋਂ ਦੇ ਮੁੱਖ ਪਰਚਾਰਕ ਜਾਂ ਮਸੰਦ ਦਾ ਨਾਂ ਭਾਈ ਮੇਹਾ ਜੀ ਲਿਖਿਆ ਹੈ :

ਤਹਾ ਭਾਈ ਮੇਹੇ ਸੇਵਾ ਠਾਨੀ।
ਅਤਿ ਸਰਧਾ ਸਿਰ ਢੋਵੈ ਪਾਨੀ।[73]

ਪਰ ਹੋਰਨਾਂ ਲਿਖਤਾਂ ਵਿਚ, ਜਿਵੇਂ ਕੇ ਗੁਰੂ ਕੀਆਂ ਸਾਖੀਆਂ[74] ਅਤੇ ਮਹਾਨ ਕੋਸ਼,[75] ਇੱਥੋਂ ਦੇ ਮੁੱਖ ਪਰਚਾਰਕ ਦਾ ਨਾਂ ਭਾਈ ਦੱਗੋ ਜੀ ਦੱਸਿਆ ਗਿਆ ਹੈ। ਇਸ ਨਾਂ ਦੇ ਵਖਰੇਵੇਂ ਤੋਂ ਬਿਨਾਂ ਬਾਕੀ ਸਾਰਾ ਵਰਨਣ ਤਕਰੀਬਨ ਮਿਲਦਾ ਜੁਲਦਾ ਹੈ ਕਿਉਂਕਿ ਇਹ ਅਸਥਾਨ ਗੁਰੂ ਤੇਗ ਬਹਾਦੁਰ ਜੀ ਦੀਆਂ ਬਾਂਗਰ ਵਿਚਲੇ ਖੇਤਰ ਦੀਆਂ ਗਤੀਵਿਧੀਆਂ ਦਾ ਮੁੱਖ ਕੇਂਦਰ ਸੀ, ਇਸ ਲਈ ਇੱਥੇ ਰਿਹਾਇਸ਼ੀ ਮਕਾਨ ਅਤੇ ਹੋਰ ਪਾਣੀ ਬਗੈਰਾ ਦੀਆਂ ਸਹੂਲਤਾਂ ਦਾ ਹੋਣਾ ਜ਼ਰੂਰੀ ਸੀ। ਕਈ ਲਿਖਤਾਂ ਵਿਚ ਜ਼ਿਕਰ ਆਉਂਦਾ ਹੈ ਕਿ ਇੱਥੇ ਰਿਹਾਇਸ਼ੀ ਮਕਾਨ ਉਸਾਰੇ ਗਏ ਸਨ ਅਤੇ ਪਾਣੀ ਦੀ ਸਹੂਲਤ ਲਈ ਇਕ ਖੂਹ ਵੀ ਲਗਵਾਇਆ ਗਿਆ ਸੀ। ਖੂਹ ਵਿਚੋਂ ਲਗਾਤਾਰ ਪਾਣੀ ਕੱਢਣ ਲਈ ਇਕ ਦੱਖਣੀ ਬੈਲ ਦੇ ਰੱਖੇ ਹੋਣ ਦਾ ਹਵਾਲਾ ਵੀ ਮਿਲਦਾ ਹੈ। ਹੋ ਸਕਦਾ ਹੈ ਕਿ ਦੱਖਣੀ ਬੈਲ ਖੂਹ ਵਿਚੋਂ ਪਾਣੀ ਕੱਢਣ ਲਈ ਜ਼ਿਆਦਾ ਲਾਭਦਾਇਕ ਹੁੰਦੇ ਹੋਣ।

ਗੁਰੂ ਜੀ 8 ਨਵੰਬਰ, 1665 ਈ. ਦੀ ਦੀਵਾਲੀ ਨੂੰ ਧਮਧਾਨ ਸਾਹਿਬ ਵਿਖੇ ਸਨ ਅਤੇ ਇੱਥੇ ਹੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਬੜੀ ਧੂਮਧਾਮ ਨਾਲ ਮਨਾਇਆ ਗਿਆ ਸੀ। ਗੁਰਪੁਰਬ ਦੇ ਮੌਕੇ ਤੇ ਬਾਦਸ਼ਾਹ ਬੁਰੰਜੀ ਅਨੁਸਾਰ ਤੀਹ ਹਜ਼ਾਰ ਸਿੱਖ ਸੰਗਤਾਂ ਦਾ ਇਕੱਠ ਸੀ। ਅਗਰ ਇਸ ਜਾਣਕਾਰੀ ਵਿਚ ਪੂਰੀ ਸੱਚਾਈ ਮੰਨ ਲਈ ਜਾਵੇ ਤਾਂ ਇਸ ਤੋਂ ਸਾਬਤ ਹੁੰਦਾ ਹੈ ਕਿ ਧਮਧਾਨ ਸਾਹਿਬ ਸਿੱਖ ਧਰਮ ਦਾ ਬਹੁਤ ਤਕੜਾ ਕੇਂਦਰ ਬਣ ਗਿਆ ਸੀ। ਇੱਥੋਂ ਹੀ ਗੁਰੂ ਜੀ ਦੀ ਗਰਿਫ਼ਤਾਰੀ ਵੀ ਹੋਈ ਸੀ।[76] ਇਹ ਗਰਿਫ਼ਤਾਰੀ ਕੱਤਕ ਮਹੀਨੇ ਦੀ ਸ਼ੁਕਲਾ ਪੱਖ ਸੁਦੀ

ਗਿਆਰਾਂ, ਸੰਮਤ 1722 ਬਿ. ਨੂੰ ਹੋਈ ਅਤੇ ਰਿਹਾਈ ਪੋਹ ਮਹੀਨੇ ਦੀ ਕਰਿਸ਼ਨ ਪੱਖ ਏਕਮ, ਸੰਮਤ 1722 ਬਿ. ਨੂੰ ਹੋ ਗਈ ਸੀ। ਇਹ ਸਮਾਂ ਅੰਗਰੇਜ਼ੀ ਮਿਤੀ ਅਨੁਸਾਰ ਨਵੰਬਰ, 1665 ਅਤੇ ਜਨਵਰੀ, 1666 ਈ. ਵਿਚਕਾਰ ਦਾ ਬਣਦਾ ਹੈ। ਇਸ ਬਾਰੇ ਭੱਟ ਵਹੀ ਜਾਦੂਬੰਸੀਆਂ ਖਾਤਾ ਬੜਤੀਆਂ ਦੀ ਲਿਖਤ ਇਉਂ ਜਾਣਕਾਰੀ ਦਿੰਦੀ ਹੈ :

> "ਗੁਰੂ ਤੇਗ ਬਹਾਦੁਰ ਜੀ ਮਹਲ ਨਾਮਾ........ਨਗਰ ਧਮਧਾਨ ਪਰਗਨਾ ਬਾਂਗਰ ਸੇ ਆਲਮ ਖਾਨ ਰੁਹੇਲਾ ਸ਼ਾਹੀ ਹੁਕਮ ਗੈਲ ਦਿਲੀ ਤੇ ਲੇਕਰ ਆਯਾ। ਸਾਲ ਸਤਰੈ ਸੈ ਬਾਈਸ ਕਾਰਤਿਕ ਮਾਸੇ ਸੁਕਲਾ ਪਖੇ ਸੁਦੀ ਗਿਆਰਾਂ ਦਿਹੁੰ ਸਾਥ ਮਤੀ ਦਾਸ ਸਤੀ ਦਾਸ ਬੇਟੇ ਹੀਰਾ ਮਲ ਛਿਬਰ ਕੇ ਗਵਾਲ ਦਾਸ ਬੇਟਾ ਛੋਟੇ ਮਲ ਛਿਬਰ ਕਾ ਗੁਰਦਾਸ ਬੇਟਾ ਕੀਰਤ ਬੜਤੀਆ ਕਾ ਸੰਗਤ ਬੇਟਾ ਬਿਨੇ ਉਪਲ ਕਾ ਜੇਠਾ ਦਿਆਲ ਦਾਸ ਬੇਟੇ ਮਤੀ ਦਾਸ ਦੇ ਜਲਹਾਨਾ ਬਲੌਤ ਹੋਰ ਸਿਖ ਫ਼ਕੀਰ ਫੜੇ ਆਏ।"

ਇਸੇ ਭੱਟ ਵਹੀ ਦੀ ਦੂਸਰੀ ਲਿਖਤ ਅਨੁਸਾਰ,

> "ਗੁਰੂ ਤੇਗ ਬਹਾਦੁਰ ਜੀ ਮਹਲ ਨਾਮਾ......ਕੋ ਬਾਦਸ਼ਾਹ ਔਰੰਗਜ਼ੇਬ ਨੇ ਕੰਵਰ ਰਾਮ ਸਿੰਘ ਕੱਛਬਾਹਾ ਬੇਟਾ ਰਾਜਾ ਜੈ ਸਿੰਘ ਮਿਰਜ਼ਾ ਕੀ ਮਿਸਲ ਮੇ ਨਜ਼ਰਬੰਦ ਕੀਯਾ ਜਾਨੇ ਕਾ ਹੁਕਮ ਦੀਯਾ ਦੋ ਮਾਸ ਤੀਨ ਦਿਹੁੰ ਗੁਰੂ ਜੀ ਬੰਦ ਰਹੇ.......ਸੰਮਤ ਸਤਰੈ ਸੈ ਬਾਈਸ ਕ੍ਰਿਸ਼ਣ ਪਖੇ ਪੋਖ ਮਾਸ ਕੀ ਏਕਮ ਕੋ ਬੰਧਨ ਮੁਕਤ ਹੂਏ।"

ਗੁਰੂ ਕੀਆਂ ਸਾਖੀਆਂ[77] ਅਨੁਸਾਰ ਪਹਿਲਾਂ-ਪਹਿਲਾਂ ਗੁਰੂ ਜੀ ਦਾ ਵਿਚਾਰ ਧਮਧਾਨ ਸਾਹਿਬ ਵਿਖੇ ਹੀ ਪੱਕੀ ਰਿਹਾਇਸ਼ ਕਰਨ ਦਾ ਸੀ ਪਰ ਜਦੋਂ ਗੁਰੂ ਜੀ ਮਈ, 1665 ਵਿਚ ਬਿਲਾਸਪੁਰ ਵਿਖੇ ਉੱਥੋਂ ਦੇ ਰਾਜਾ ਦੀਪ ਚੰਦ ਦੀ ਅਠਾਰਵੀਂ ਤੇ ਪਰਿਵਾਰ ਸਮੇਤ ਗਏ ਸਨ ਤਾਂ ਉੱਥੋਂ ਦੀ ਰਾਣੀ ਚੰਪਾ ਨੇ ਗੁਰੂ ਜੀ ਦੀ ਮਾਤਾ ਨਾਨਕੀ ਜੀ ਅੱਗੇ ਪੇਸ਼ਕਸ਼ ਕੀਤੀ ਸੀ ਕਿ ਜੇਕਰ ਗੁਰੂ ਕੋਟ ਹਰਿ ਰਾਇ (ਕੀਰਤਪੁਰ ਸਾਹਿਬ) ਵਿਖੇ ਨਹੀਂ ਰਹਿਣਾ ਚਾਹੁੰਦੇ ਤਾਂ ਉਨ੍ਹਾਂ ਦੀ ਰਿਹਾਇਸ਼ ਲਈ ਕਿਸੇ ਹੋਰ ਥਾਂ ਜ਼ਮੀਨ ਦਿੱਤੀ ਜਾ ਸਕਦੀ ਹੈ। ਇਸ ਪੇਸ਼ਕਸ਼ ਅਨੁਸਾਰ ਮੌਜੂਦਾ ਆਨੰਦਪੁਰ ਸਾਹਿਬ (ਉਦੋਂ ਚੱਕ ਨਾਨਕੀ) ਵਾਲੀ ਥਾਂ ਲਈ ਗਈ ਸੀ। ਇਸ ਤਰ੍ਹਾਂ ਧਮਧਾਨ ਸਾਹਿਹਬ ਵਿਖੇ ਰਿਹਾਇਸ਼ ਕਰਨ ਦਾ ਵਿਚਾਰ ਬਦਲ ਗਿਆ ਸੀ।

ਧਮਧਾਨ ਸਾਹਿਬ ਵਿਖੇ ਸਭ ਤੋਂ ਪਹਿਲਾਂ ਗੁਰਦੁਆਰਾ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਬਣਵਾਇਆ ਸੀ। ਇੱਥੋਂ ਦੇ ਮਹੰਤ ਇਸ ਤਰਾਂ ਰਹੇ ਸਨ : ਭਾਈ ਮੱਲੋ ਸਿੰਘ, ਬਾਬਾ ਕਾਲ਼ਾ ਸਿੰਘ, ਭਾਈ ਪਰਤਾਪ ਸਿੰਘ, ਅੱਘੜ ਸਿੰਘ, ਤਪੀਆ ਸਿੰਘ, ਆਦਿ। ਪੈਪਸੂ ਵੇਲੇ ਇਹ ਗੁਰਦੁਆਰਾ, ਧਰਮ ਅਰਥ ਬੋਰਡ ਅਧੀਨ ਸੀ ਪਰ ਪਿੱਛੋਂ ਪੰਜਾਬ ਸਿੱਖ ਗੁਰਦੁਆਰਾ ਐਕਟ ਅਨੁਸਾਰ ਇਸ ਦਾ ਪਰਬੰਧ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਪਾਸ ਹੈ।

ਗੁਰਣੇ ਕਲਾਂ : ਪਿੰਡ ਗੁਰਣੇ ਕਲਾਂ ਲਹਿਰਾ-ਜਾਖ਼ਲ ਸੜਕ ਉੱਪਰ ਇਕ ਕਿਲੋਮੀਟਰ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ। ਇਹ ਲਹਿਰੇ ਤੋਂ ਛੇ ਕਿਲੋਮੀਟਰ ਅਤੇ ਜਾਖ਼ਲ ਤੋਂ ਨੌ ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਬਲਹਿਰਾ, ਥਾਣਾ ਮੂਨਕ, ਤਹਿਸੀਲ ਸੁਨਾਮ ਅਤੇ ਜ਼ਿਲਾ ਸੰਗਰੂਰ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਪਰਚਾਰ ਦੌਰਾ ਕਰਦੇ ਹੋਏ ਆਏ

ਸਨ। ਉਨ੍ਹਾਂ ਦੀ ਯਾਦ ਵਿਚ ਇਕ ਛੋਟਾ ਜਿਹਾ ਗੁਰਦੁਆਰਾ ਹੈ। ਗੁਰਦੁਆਰੇ ਦੀ ਇਮਾਰਤ ਕੋਈ ਬਹੁਤੀ ਅੱਛੀ ਨਹੀਂ ਹੈ। ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੁੰਦਾ ਹੈ। ਦੋ ਕਮਰਿਆਂ ਵਿਚ ਮਹੰਤ ਰਹਿੰਦਾ ਹੈ। ਇਹ ਮਹੰਤ ਸਾਹਿਬ ਜੱਦੀ ਤੌਰ ਤੇ ਹੀ ਇੱਥੇ ਰਹਿੰਦੇ ਆ ਰਹੇ ਹਨ। ਭਾਈ ਕਾਨ੍ਹ ਸਿੰਘ ਨੇ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ : "ਰਿਆਸਤ ਪਟਿਆਲਾ, ਨਜ਼ਾਮਤ ਤਸੀਲ ਸੁਨਾਮ ਥਾਣਾ ਮੂਨਕ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਪੱਛਮ ਇਕ ਫਰਲਾਂਗ ਪੁਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ। ਪਾਸ ਛੋਟਾ ਰਿਹਾਇਸ਼ੀ ਮਕਾਨ ਹੈ। ਪੁਜਾਰੀ ਸਿੰਘ ਹੈ। ਗੁਰਦੁਆਰੇ ਨਾਲ ਤਿੰਨ ਸੌ ਰੁਪਏ ਸਾਲਾਨਾ ਜਾਗੀਰ ਰਿਆਸਤ ਪਟਿਆਲੇ ਵੱਲੋਂ ਅਤੇ ਦੱਸ ਵਿੱਘੇ ਜ਼ਮੀਨ ਪਿੰਡ ਵੱਲੋਂ ਹੈ।"[78]

ਲੇਹਲ ਕਲਾਂ : ਪਿੰਡ ਲੇਹਲ ਜਾਂ ਲੇਲ੍ਹ ਕਲਾਂ ਗੁਰਨੇ ਕਲਾਂ ਤੋਂ ਸੱਤ ਕਿਲੋਮੀਟਰ ਅਤੇ ਮੂਨਕ ਤੋਂ ਦੱਸ ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਖਾਸ, ਥਾਣਾ ਮੂਨਕ, ਤਹਿਸੀਲ ਸੁਨਾਮ ਅਤੇ ਜ਼ਿਲਾ ਸੰਗਰੂਰ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਰਵਾਇਤ ਬੜੀ ਤਕੜੀ ਹੈ। ਗੁਰੂ ਜੀ ਦੀ ਸੇਵਾ ਇੱਥੇ ਦੇ ਇਕ ਅੜਕ ਨਾਂ ਦੇ ਕਿਸਾਨ ਨੇ ਕੀਤੀ ਸੀ। ਇਸ ਅੜਕ ਨੂੰ ਗੁਰੂ ਜੀ ਨੇ ਨਾਮ-ਬਾਣੀ ਦਾ ਅਭਿਆਸ ਕਰਨ ਦੀ ਪਰੇਰਨਾ ਦਿੱਤੀ ਸੀ। ਇਸੇ ਦੀ ਵੰਸ ਹੀ ਅੱਜ ਪਿੰਡ ਵਿਚ ਵੱਧ-ਫੁੱਲ ਰਹੀ ਹੈ। ਗੁਰੂ ਤੇਗ ਬਹਾਦੁਰ ਜੀ ਦੇ ਆਰਾਮ ਕਰਨ ਵਾਲੀ ਥਾਂ ਇਕ ਰੇਤਲੇ ਟਿਬੇ ਉੱਪਰ ਸੀ ਜੋ ਪਿੰਡ ਦੇ ਬਾਹਰਵਾਰ ਕੁਝ ਦੂਰੀ ਦੀ ਵਿੱਥ 'ਤੇ ਹੈ। ਪਹਿਲਾਂ ਪਹਿਲ ਬਾਬਾ ਅੜਕ ਨੇ ਗੁਰੂ ਸਾਹਿਬ ਦੀ ਯਾਦਗਾਰੀ ਥਾਂ ਨੂੰ ਸੰਭਾਲਿਆ। ਪਿੱਛੋਂ ਇੱਥੇ ਗੁਰਦੁਆਰਾ ਉਸਾਰਿਆ ਗਿਆ ਸੀ। ਭਾਈ ਕਾਨ੍ਹ ਸਿੰਘ ਨੇ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ : "ਲੇਲ ਕਲਾਂ-ਰਿਆਸਤ ਪਟਿਆਲਾ ਨਜ਼ਾਮਤ, ਤਸੀਲ, ਥਾਣਾ ਮੂਨਕ ਵਿਚ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਗੁਰਨੇ ਤੋਂ ਤਿੰਨ ਮੀਲ ਉੱਤਰ-ਪੂਰਬ ਹੈ। ਇਸ ਪਿੰਡ ਤੋਂ ਦੋ ਫਰਲਾਂਗ ਪੁਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਇੱਥੇ ਰੇਤਲੀ ਅਤੇ ਉੱਚੀ ਥਾਂ ਦੇਖ ਕੇ ਠਹਿਰ ਗਏ। ਪਾਸ ਇਕ ਜ਼ਿਮੀਂਦਾਰ ਆਪਣੀ ਫਸਲ ਦਾ ਰਾਖਾ ਸੀ ਜਿਸ ਦਾ ਨਾਮ ਅੜਕ ਸੀ। ਉਸ ਨੇ ਸਤਿਪੁਰਖ ਸਮਝ ਕੇ ਮੱਥਾ ਟੇਕਿਆ ਅਤੇ ਸੇਵਾ ਪੁੱਛੀ। ਸਤਿਗੁਰਾਂ ਨੇ ਉਸ ਨੂੰ ਪ੍ਰੇਮ ਭਗਤੀ ਦਾ ਉਪਦੇਸ਼ ਦਿੱਤਾ ਅਤੇ ਥੋੜ੍ਹਾ ਜਿਹਾ ਸਮਾਂ ਹੀ ਠਹਿਰ ਕੇ ਮੂਨਕ ਵੱਲ ਨੂੰ ਚਲੇ ਗਏ। ਗੁਰਦੁਆਰਾ ਸੁਨਿਹਰੀ ਕਲਸ਼ ਵਾਲਾ ਅਤੇ ਮਕਾਨ ਬਣੇ ਹੋਏ ਹਨ ਜਿਨ੍ਹਾਂ ਦੀ ਸੇਵਾ ਮਹੰਤ ਮੱਲ ਸਿੰਘ ਜੀ ਧਮਧਾਨ ਵਾਲਿਆਂ ਦੇ ਉਦਮ ਨਾਲ ਨਗਰ-ਵਾਸੀਆਂ ਨੇ ਸੰਮਤ 1940 ਬਿ. (ਸੰਨ 1883 ਈ.) ਵਿਚ ਕੀਤੀ ਹੈ। ਗੁਰਦੁਆਰੇ ਨਾਲ ਜਾਗੀਰ ਜ਼ਮੀਨ ਕੁਝ ਨਹੀਂ ਹੈ। ਅੜਕ ਸਿੰਘ ਦੀ ਵੰਸ ਵਿਚੋਂ ਇਕ ਪ੍ਰੇਮੀ ਸਿੰਘ ਸੇਵਾ ਕਰਦਾ ਹੈ।"[79]

ਗਾਗਾ : ਗਾਗਾ ਆਮ ਤੌਰ ਤੇ ਲਹਿਰਾ-ਗਾਗਾ ਦੇ ਸੰਯੁਕਤ ਨਾਂ ਨਾਲ ਜ਼ਿਆਦਾ ਮਸ਼ਹੂਰ ਹੈ ਕਿਉਂਕਿ ਇਹ ਦੋਵੇਂ ਨੇੜੇ-ਨੇੜੇ ਹੀ ਸਥਿਤ ਹਨ। ਇਹ ਸੰਘਰੇੜੀ ਤੋਂ ਗਿਆਰਾਂ ਕਿਲੋਮੀਟਰ, ਅਤੇ ਗੁਰਨਿਆਂ ਤੋਂ 16 ਕਿਲੋਮੀਟਰ ਦੂਰ ਹੈ। ਇਸ ਦਾ ਡਾਕਖਾਨਾ ਤੇ ਥਾਣਾ ਲਹਿਰਾ, ਤਹਿਸੀਲ ਸੁਨਾਮ ਅਤੇ ਜ਼ਿਲਾ ਸੰਗਰੂਰ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਯਾਦ ਵਿਚ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ ਹੈ। ਇਹ ਗਾਗਾ ਪਿੰਡ ਤੋਂ ਪੱਛਮ ਵੱਲ ਇਕ ਫਰਲਾਂਗ ਦੀ ਵਿੱਥ 'ਤੇ ਇਕ ਢਾਬ ਦੇ ਕਿਨਾਰੇ ਉੱਪਰ ਹੈ। ਹੁਣ ਇਸ ਢਾਬ ਨੂੰ ਇਕ

ਸਰੋਵਰ ਵਿਚ ਬਦਲਿਆ ਜਾ ਚੁੱਕਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ ਵਿਚ ਇਸ ਦਾ ਜਿਕਰ ਇਉਂ ਆਇਆ ਹੈ : "ਗਾਗਾ-ਰਿਆਸਤ ਪਟਿਆਲਾ, ਨਜਾਮਤ, ਤਸੀਲ ਅਤੇ ਥਾਣਾ ਸੁਨਾਮ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਵਾਯਵੀਂ ਕੋਣ ਇਕ ਫਰਲਾਂਗ ਪੁਰ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਇੱਥੇ ਇਕ ਢਾਬ ਦੇ ਕਿਨਾਰੇ ਠਹਿਰੇ ਸਨ। ਗੁਰਦੁਆਰਾ ਅਤੇ ਰਿਹਾਇਸ਼ੀ ਮਕਾਨ ਚੰਗੇ ਬਣੇ ਹੋਏ ਹਨ। ਜਿਨ੍ਹਾਂ ਦੀ ਸੇਵਾ ਸਰਦਾਰ ਸੇਵਾ ਸਿੰਘ ਜੀ ਵਜੀਰ ਰਿਆਸਤ ਨਾਭਾ ਨੇ ਸੰਮਤ 1933 ਬਿ. (ਸੰਨ 1876 ਈ.) ਵਿਚ ਕਰਾਈ। ਗੁਰਦੁਆਰੇ ਨਾਲ 750 ਬਿੱਘੇ ਜਮੀਨ ਰਿਆਸਤ ਪਟਿਆਲੇ ਵੱਲੋਂ ਹੈ। ਪੁਜਾਰੀ ਸਿੰਘ ਹੈ। ਰੇਲਵੇ ਸਟੇਸ਼ਨ ਲਹਿਰਾ ਗਾਗਾ ਤੋਂ ਪੱਛਮ ਵੱਲ ਡੇਢ ਮੀਲ ਦੇ ਕਰੀਬ ਹੈ।"[80]

ਸੰਘਰੇੜੀ : ਸੰਘਰੇੜੀ ਪਿੰਡ, ਗੋਬਿੰਦਪੁਰੇ ਤੋਂ ਤਿੰਨ ਕਿਲੋਮੀਟਰ ਅਤੇ ਗਾਗਾ ਤੋਂ ਬਾਰਾਂ ਕਿਲੋਮੀਟਰ ਦੂਰ ਹੈ। ਇਸ ਦਾ ਡਾਕਖਾਨਾ ਤੇ ਥਾਣਾ ਬਰੇਟਾ, ਤਹਿਸੀਲ ਤੇ ਜ਼ਿਲਾ ਮਾਨਸਾ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਆਏ ਸਨ ਅਤੇ ਉਨ੍ਹਾਂ ਦੀ ਯਾਦ ਵਿਚ ਇੱਥੇ ਇਕ ਗੁਰਦੁਆਰਾ ਸਥਿਤ ਹੈ। ਪੰਡਿਤ ਤਾਰਾ ਸਿੰਘ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਲਿਖਿਆ ਹੈ : "ਸੰਗ੍ਰੇੜੀ ਗ੍ਰਾਮ ਗੋਬਿੰਦ ਪੁਰੇ ਸੇ ਦੋ ਕੋਸ ਪੂਰਬ। ਗੁਰਦੁਆਰਾ। ਸਿੱਖ। ਗੋਬਿੰਦਪੁਰੇ ਸੇ ਗੁਰੂ ਜੀ ਈਹਾਂ ਆਏ।"[81] ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ : "ਸੰਘ੍ਰੇੜੀ-ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਮਾਨਸਾ, ਥਾਣਾ ਬੋਹਾ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਉੱਤਰ ਦਿਸ਼ਾ ਵਸੋਂ ਦੇ ਨਾਲ ਹੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ ਜਿਸ ਨਾਲ ਚਾਰ ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ। ਪੁਜਾਰੀ ਸਿੰਘ ਹੈ। ਰੇਲਵੇ ਸਟੇਸ਼ਨ ਬਰੇਟਾ ਤੋਂ ਪੱਛਮ ਦੋ ਮੀਲ ਕੱਚਾ ਰਸਤਾ ਹੈ।"[82]

ਗੋਬਿੰਦਪੁਰਾ : ਪਿੰਡ ਗੋਬਿੰਦਪੁਰਾ, ਬੱਤੋਆਣੇ ਤੋਂ ਪਿੰਡ ਦਾਤੇਵਾਸ ਰਾਹੀਂ ਗਿਆਰਾਂ ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਅਤੇ ਥਾਣਾ ਬਰੇਟਾ, ਤਹਿਸੀਲ ਤੇ ਜ਼ਿਲਾ ਮਾਨਸਾ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਪਰਚਾਰ ਦੌਰੇ ਸਮੇਂ ਆਏ ਸਨ ਅਤੇ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਵੀ ਇੱਥੇ ਆਏ ਸਨ। ਅੱਜ ਕੱਲ ਇੱਥੇ ਜੋ ਗੁਰਦੁਆਰਾ ਹੈ ਉਹ ਦੋਵੇਂ ਗੁਰੂ ਸਾਹਿਬਾਨ ਦੀ ਯਾਦ ਵਿਚ ਬਣਿਆ ਹੋਇਆ ਹੈ। ਅੰਦਰ ਪਰਕਾਸ਼ ਅਸਥਾਨ ਦੇ ਨੇੜੇ ਦੋਵੇਂ ਗੁਰੂ ਸਾਹਿਬਾਨ ਦੇ ਨਾਂ ਤੇ ਮੰਜੀ ਸਾਹਿਬ ਬਣੇ ਹੋਏ ਹਨ। ਸਾਖੀ ਪੋਥੀ ਵਿਚ ਲਿਖਿਆ ਹੈ : "ਉੱਥੋਂ ਕੂਚ ਹੋਇਆ ਡੇਰਾ। ਗੋਬਿੰਦਪੁਰੇ ਉਤਰੇ। ਟਹਿਲ ਜੇਹੀ ਕੁ ਸਿੱਖਾਂ ਤੋਂ ਸਰੀ ਤੇਹੀ ਕੁ ਕੀਤੀ।"[83] ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ : "ਗੋਬਿੰਦਪੁਰਾ-ਰਿਆਸਤ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਮਾਨਸਾ, ਥਾਣਾ ਬੋਹਾ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਉੱਤਰ ਦੇ ਪਾਸੇ ਵਸੋਂ ਦੇ ਨਾਲ ਹੀ ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਨੌਵੇਂ ਸਤਿਗੁਰੂ ਇਕ ਰਾਤ ਇਸ ਥਾਂ ਵਿਰਾਜੇ ਸਨ।...... ਦੋਵੇਂ ਸਤਿਗੁਰਾਂ ਦੇ ਮੰਜੀ ਸਾਹਿਬ ਜੁਦੇ-ਜੁਦੇ ਬਣੇ ਹੋਏ ਹਨ। ਹੁਣ ਵੱਡਾ ਗੁਰਦੁਆਰਾ ਬਣਾਉਣ ਦੀ ਤਿਆਰੀ ਹੋ ਰਹੀ ਹੈ। ਰੇਲਵੇ ਸਟੇਸ਼ਨ ਦਾਤੇਵਾਸ ਤੋਂ ਦੱਖਣ ਵੱਲ ਡੇਢ ਮੀਲ ਦੇ ਕਰੀਬ਼ ਕੱਚਾ ਰਸਤਾ ਹੈ।"[84] ਪੰਡਿਤ ਤਾਰਾ ਸਿੰਘ ਨਰੋਤਮ ਨੇ 1884 ਦੇ ਸਮੇਂ ਦੇ ਹਾਲਾਤ ਨੂੰ ਦਸਦਿਆਂ ਲਿਖਿਆ ਹੈ : "ਗੋਬਿੰਦਪੁਰਾ ਬਰ੍ਹੇ ਸੇ ਸਾਤ ਕੋਸ ਪੂਰਬ ਬੋਹਯਾ ਪਾਸ। ਗੁਰਦੁਆਰਾ। ਨਿਰਮਲੇ। ਇਸ ਗ੍ਰਾਮ ਮੇਂ ਗੁਰੂ ਗੋਬਿੰਦ ਸਿੰਘ ਜੀ ਭੀ ਆਏ ਸਨ।"[85]

ਬਰ੍ਹੇ : ਪਿੰਡ ਬਰ੍ਹੇ ਜਾਂ ਬਰਾਂ ਕੋਟ ਧਰਮੂ ਤੋਂ 14 ਕਿਲੋਮੀਟਰ ਅਤੇ ਬੁਢਲਾਢੇ ਤੋਂ ਸੱਤ ਕਿਲੋਮੀਟਰ ਦੀ ਵਿੱਥ 'ਤੇ ਹੈ। ਇੱਥੋਂ ਦਾ ਡਾਕਖਾਨਾ ਖਾਸ, ਥਾਣਾ ਬੋਹਾ, ਤਹਿਸੀਲ ਤੇ ਜ਼ਿਲਾ ਮਾਨਸਾ ਹੈ। ਗੁਰੂ ਸਾਹਿਬ ਇਲਾਕੇ ਵਿਚ ਧਰਮ ਪਰਚਾਰ ਕਰਦੇ ਹੋਏ ਇਸ ਪਿੰਡ ਵਿਚ ਆਏ ਸਨ। ਵੱਖ-ਵੱਖ ਲਿਖਤਾਂ ਵਿਚ ਆਏ ਜ਼ਿਕਰ ਮੁਤਾਬਕ ਇੱਥੇ ਤੇਗ ਬਹਾਦੁਰ ਜੀ ਨੇ ਚੁਮਾਸਾ (ਜੇਠ, ਹਾੜ, ਸਾਉਣ ਅਤੇ ਭਾਦੋਂ ਦੇ ਚਾਰ ਮਹੀਨੇ) ਕੱਟਿਆ ਸੀ। ਪਿੰਡ ਦੇ ਲੋਕਾਂ ਨੇ ਗੁਰੂ ਜੀ ਅਤੇ ਸਿੱਖ ਸੰਗਤਾਂ ਦੀ ਬਹੁਤ ਸੇਵਾ ਕੀਤੀ ਸੀ। ਇੱਥੇ ਮੋਠ ਬਹੁਤ ਹੁੰਦੇ ਸਨ। ਗੁਰੂ ਜੀ ਦੇ ਘੋੜਿਆਂ ਨੂੰ ਮੋਠ ਖੁਆਏ ਜਾਂਦੇ ਸਨ। ਸਾਖੀ ਪੋਥੀ ਵਿਚ ਲਿਖਿਆ ਹੈ : "ਅੱਗੇ ਡੇਰਾ ਬਰ੍ਹੇ ਹੋਇਆ। ਬਰਿਆਂ ਨੂੰ ਕਿਹਾ : ਤੁਸੀਂ ਐਤ ਜਗਾ ਹੋਇ ਬਸੋ, ਤੁਮਾਰੀ ਫਤੇ ਹੋਵੇਗੀ। ਗੁਰੂ ਜੀ ਨੇ ਸਾਉਣ ਦਾ ਚਉਮਾਸਾ ਡੇਰਾ ਉੱਥੇ ਹੀ ਰੱਖਿਆ। ਘੋੜਿਆਂ, ਰਥਾਂ ਕਿਆਂ ਬੈਲਾਂ ਨੂੰ ਮੋਠ ਚਾਰੇ।" ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ, "ਇਸ ਗ੍ਰਾਮ ਮੇਂ ਗੁਰੂ ਜੀ ਚੁਮਾਸਾ ਰਹੇ। ਲੋਕਾਂ ਨੇ ਬਹੁਤ ਸੇਵਾ ਕਰੀ। ਹੁਕਮ ਦੀਆ ਪੁਰਾਣੇ ਘਰ ਛੋਡ ਕੇ ਨਏ ਬਨਾਇ ਲਵੋ। ਧਨ ਧਾਨ ਸਬ ਦਿਨੋ ਮੇ ਬਹੁਤ ਹੋਵੇਗਾ।"[86] ਭਾਈ ਕਾਨ੍ਹ ਸਿੰਘ ਨਾਭਾ ਲਿਖਦਾ ਹੈ : "ਇਸ ਪਿੰਡ ਤੋਂ ਪੱਛਮ ਇਕ ਫਰਲਾਂਗ ਪਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਇੱਥੇ ਚੁਮਾਸਾ ਠਹਿਰੇ ਸਨ। ਗੁਰਦੁਆਰਾ ਅਤੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ। ਨਾਲ 210 ਘੁਮਾਉਂ ਦੇ ਕਰੀਬ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ।"[87] ਕੁਝ ਸਾਲ ਹੋਏ ਹੜਾਂ ਕਾਰਨ ਇੱਥੋਂ ਦਾ ਗੁਰਦੁਆਰਾ ਮੰਜੀ ਸਾਹਿਬ ਹਿੱਲ ਗਿਆ ਸੀ। ਇਕ ਬਣ ਦਾ ਪੁਰਾਣਾ ਦਰਖਤ ਵੀ ਰੁੜ੍ਹ ਗਿਆ ਸੀ। ਅੱਜ ਕੱਲ ਇਹ ਗੁਰਦੁਆਰਾ ਸ਼ਰੋਮਣੀ ਕਮੇਟੀ ਦੇ ਅਧੀਨ ਹੈ।

ਕੋਟ ਧਰਮੂ (ਸੂਲੀਸਰ) : ਪਿੰਡ ਕੋਟ ਧਰਮੂ ਮਾਨਸਾ ਤੋਂ 14 ਕਿਲੋਮੀਟਰ ਅਤੇ ਬਰ੍ਹੇ ਪਿੰਡ ਤੋਂ ਵੀ ਤਕਰੀਬਨ ਇਤਨੀ ਹੀ ਦੂਰ ਹੈ। ਇਸ ਦਾ ਡਾਕਖਾਨਾ ਖਾਸ, ਥਾਣਾ, ਤਹਿਸੀਲ ਤੇ ਜ਼ਿਲਾ ਮਾਨਸਾ ਹੈ। ਪਿੰਡ ਦੇ ਆਬਾਦ ਹੋਣ ਬਾਰੇ ਅਤੇ ਨਾਮਕਰਣ ਬਾਰੇ ਬੰਦੋਬਸਤ ਸਦਰ ਕਾਨੂਨਗੋ, ਡੀ. ਸੀ. ਬਠਿੰਡਾ ਦੇ ਰਿਕਾਰਡ ਵਿਚ ਇਉਂ ਲਿਖਿਆ ਗਿਆ ਹੈ : "ਯਹ ਰਕਬਾ ਬੰਜਰ ਵਾ ਵੀਰਾਨ ਪੜਾ ਥਾ। ਮਾਘ ਵਦੀ ੧ ਸੰਮਤ 1718 ਬਿ. ਮੇਂ ਮੱਸਮੀ ਹਮੀਰਾ ਆਲਾ ਮੌਰੂਸ ਕੌਮ ਜੱਟ ਸਿੱਧੂ ਨੇ ਮੌਜ਼ਾ ਤਲਵੰਡੀ ਸਾਬੋ ਤਹਿਸੀਲ ਬਠਿੰਡਾ ਰਿਆਸਤ ਹਜ਼ਾ ਸੇ ਉੱਠ ਕਰ ਅਹਿਦ ਬਾਦਸ਼ਾਹਾਂ ਦੇਹਲੀ ਬਾ ਅਜਾਜ਼ਤ ਹੁਕਮ ਵਕਤ ਜ਼ਿਲਾ ਅਦਾਏ ਨਜ਼ਰਾਨਾ ਦੇਹ ਹਜ਼ਾ ਕੋ ਆਬਾਦ ਕੀਆ.......ਦਫਾ ਦੋਮ ਮਾਘ ਵਦੀ ੧ ਸੰਮਤ 1718 ਕੋ ਬੁਨਿਆਦ ਗਾਉਂ ਕਾਇਮ ਹੁਈ। ਔਰ ਬਾਨੀ ਦੇਹ ਮੁਸੱਮੀ ਹਮੀਰਾ ਜੱਟ ਸਿੱਧੂ ਕੇ ਬੜੇ ਬੇਟੇ ਕਾ ਨਾਮ ਧਰਮੂ ਥਾ। ਇਸ ਲਈ ਹਮੀਰੇ ਨੇ ਆਪਣੇ ਬੇਟੇ ਕੇ ਨਾਂ ਪਰ ਕੋਟ ਧਰਮੂ ਰੱਖਾ।"

ਇੱਥੇ ਗੁਰੂ ਤੇਗ ਬਹਾਦੁਰ ਜੀ ਇਸ ਇਲਾਕੇ ਵਿਚ ਪਰਚਾਰ ਦੌਰਾ ਕਰਦੇ ਹੋਏ ਆ ਕੇ ਠਹਿਰੇ ਸਨ। ਇੱਥੋਂ ਦੇ ਕੁਝ ਲੁਟੇਰਿਆਂ ਵੱਲੋਂ ਗੁਰੂ ਜੀ ਦਾ ਇਕ ਘੋੜਾ ਚੁਰਾ ਲੈਣ ਕਰ ਕੇ ਉਹ ਲੁਟੇਰੇ ਫੜੇ ਗਏ ਅਤੇ ਉਹ ਸ਼ਰਮ ਦੇ ਮਾਰੇ ਸਭ ਲੋਕਾਂ ਦੇ ਸਾਹਮਣੇ ਸੂਲੀ ਤੇ ਚੜ੍ਹ ਕੇ ਮਰ ਗਏ ਸੀ। ਇਸ ਕਰ ਕੇ ਇੱਥੋਂ ਦੇ ਗੁਰਦੁਆਰੇ ਦਾ ਨਾਂ ਗੁਰਦੁਆਰਾ ਸੂਲੀਸਰ ਪਾਤਸ਼ਾਹੀ ਨੌਵੀਂ ਹੈ। ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ : "ਇਸ ਪਿੰਡ ਤੋਂ ਤਕਰੀਬਨ ਪੌਣਾ ਮੀਲ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਗੁਰਦੁਆਰਾ ਹੈ।........ਇਸ ਗੁਰਦੁਆਰੇ ਨਾਲ ਰਿਆਸਤ ਵੱਲੋਂ 125 ਘੁਮਾਉਂ ਜ਼ਮੀਨ ਮੁਆਫ਼ ਹੈ।"[88] ਸੂਲੀਸਰ ਗੁਰਦੁਆਰੇ ਦਾ ਮੋਢੀ ਮਹੰਤ ਨਾਨੂੰ ਸਿੰਘ ਅਕਾਲੀ

ਸੀ। ਉਸ ਪਿੱਛੋਂ ਹਰ ਸਿੰਘ ਅਤੇ ਜਿਉਣ ਸਿੰਘ ਮਹੰਤ ਬਣੇ। ਫਿਰ ਮਹੰਤ ਰਾਮ ਸਿੰਘ ਕੋਟਲੀ ਕਲਾਂ ਵਾਲੇ ਆਏ। ਇਕ ਸਰਦਾਰ ਗੁਰਬਚਨ ਸਿੰਘ ਪਟਿਆਲਾ ਨੇ ਵੀ ਇਸ ਅਸਥਾਨ ਦੀ ਸੇਵਾ ਕਰਵਾਈ ਸੀ। ਇਸ ਸਮੇਂ ਗੁਰਦੁਆਰਾ ਭਾਵੇਂ ਸਾਧਾਰਨ ਹੈ ਪਰ ਜ਼ਮੀਨ ਕਾਫ਼ੀ ਹੈ।

ਤਲਵੰਡੀ ਸਾਬੋ ਕੀ : ਤਲਵੰਡੀ ਸਾਬੋ ਕੀ ਨੂੰ ਦਮਦਮਾ ਸਾਹਿਬ ਵੀ ਕਿਹਾ ਜਾਂਦਾ ਹੈ। ਇਹ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਮਹੱਤਵਪੂਰਣ ਤਖ਼ਤ ਹੈ। ਅੱਜ ਕੱਲ ਪਰਬੰਧਕੀ ਤੌਰ ਤੇ ਇਹ ਅਸਥਾਨ ਬਠਿੰਡਾ ਜ਼ਿਲੇ ਦੀ ਇਕ ਤਹਿਸੀਲ ਹੈ। ਇੱਥੇ ਤਿੰਨ ਗੁਰੂ ਸਾਹਿਬਾਨ ਆਏ ਹਨ : ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ।

ਗੁਰੂ ਤੇਗ ਬਹਾਦੁਰ ਜੀ ਦੀ ਆਮਦ ਬਾਰੇ ਸਾਨੂੰ ਗੁਰਮੁਖੀ ਦੀ ਇਕ ਮੁੱਢਲੀ ਲਿਖਤ ਮਾਹਿਮਾ ਪ੍ਰਕਾਸ਼ ਤੋਂ ਸਭ ਤੋਂ ਪਹਿਲੀ ਜਾਣਕਾਰੀ ਇਸ ਤਰ੍ਹਾਂ ਮਿਲਦੀ ਹੈ :

ਗੁਰ ਲਖੀ ਜੰਗਲ ਕੀਆ ਪਿਆਨਾ। ਸਿਖਨ ਕੀ ਸ਼ਰਧਾ ਮਨ ਜਾਨਾ।
ਗੁਰਦਰਸ਼ਨ ਸ਼ਰਧਾ ਜਿਨ-ਜਿਨ ਕੀਨਾ। ਤਹ-ਤਹ ਗਏ ਦਿਆਲ ਪ੍ਰਬੀਨਾ।
ਦੇ ਦਰਸ਼ਨ ਸਗਲ ਕਿਰਤਾਰਥ ਕਰੇ। ਸੰਖਿਆ ਲਿਖਤ ਅੰਤ ਨਹੀਂ ਪਰੇ।
ਪੁਨ ਸਾਬੋ ਕੀ ਤਲਵੰਡੀ ਗਏ। ਤਿਸ ਦੇਸ ਮਹਿ ਕਾਲ ਕਛੁਕ ਰਹੇ।[89]

ਸਾਖੀ ਪੋਥੀ ਦੇ ਵਿਚ ਇਸ ਬਾਰੇ ਕੁਝ ਵਿਸਥਾਰ ਸਹਿਤ ਜ਼ਿਕਰ ਆਇਆ ਹੈ ਜਿਸ ਵਿਚੋਂ ਇਤਿਹਾਸਕ ਜਾਣਕਾਰੀ ਵਾਲੀ ਟੂਕ ਇਸ ਤਰ੍ਹਾਂ ਹੈ : "ਅੱਗੇ ਡੇਰਾ ਤਲਵੰਡੀ ਹੋਇਆ। ਗੁਰੂ ਜੀ ਜਾਇ ਉਤਰੇ। ਇਕ ਵੱਡਾ ਬਰਮੀ ਕਾ ਬੁਰਜ ਥੀ ਤਿਸ ਨੂੰ ਨਮਸਕਾਰ ਕੀਤੀ।.......ਫਿਰ ਅਗਲੇ ਦਿਹ ਬੇਰੀ ਹੇਠ ਜਾਇ ਬੈਠੇ। ਸਿੱਖਾਂ ਨੂੰ ਬਚਨ ਕੀਤਾ : ਕਹੀਆਂ ਲਿਆਵੋ। ਸਿੱਖ ਲੈ ਆਏ। ਆਪ ਕਹੀ ਲੈ ਕੇ ਟੱਕ ਲਾਇਆ। ਆਪ ਕਾਰ ਕੱਢੀ ਦੁਸ਼ਾਲੇ ਨਾਲ, ਪੰਜ ਵਾਰੀ। ਸਿੱਖ, ਸੰਤ, ਮਾਈ, ਬੀਬੀ ਸਭ ਕੋਈ ਲਗਾ ਕਾਰ ਕੱਢਣ।"[90] ਇਸ ਪਿੱਛੋਂ ਜਦੋਂ 1884 ਵਿਚ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਗੁਰਦੁਆਰਿਆਂ ਦੇ ਸਰਵੇਖਣ ਦੀ ਰਿਪੋਰਟ ਪਰਕਾਸ਼ਤ ਕਰਵਾਈ ਤਾਂ ਉਸ ਵਿਚ ਇਸ ਅਸਥਾਨ ਬਾਰੇ ਜ਼ਿਕਰ ਇਸ ਤਰ੍ਹਾਂ ਹੋਇਆ ਹੈ :

"ਸਾਬੋ ਕੀ ਤਲਵੰਡੀ ਮਾਈਸਰ ਖਾਨੇ ਸੇ ਪਾਂਚ ਕੋਸ ਦੱਖਣ। ਮੰਜੀ ਸਾਹਿਬ। ਬਡੇ ਦਰਬਾਰ ਸੇ ਪਾਂਚ ਕਦਮ ਗੁਰੂ ਸਾਹਿਬ ਜੀ ਕੀ ਮੰਜੀ ਹੈ। ਇਕ ਮੰਜੀ ਗੁਰੂ ਸਰ ਪੈ। ਜਹਾਂ ਦੁਸ਼ਾਲੇ ਮੈ ਤਿਮਾ ਪਾਇ ਗੁਰੂ ਸਾਹਿਬ ਨੇ ਕਾਰ ਕਾਢੀ।"[91] ਭਾਈ ਕਾਨ੍ਹ ਸਿੰਘ ਨਾਭਾ ਨੇ ਇੱਥੇ ਵੱਖ-ਵੱਖ ਗੁਰਦੁਆਰਿਆਂ ਬਾਰੇ ਜਾਣਕਾਰੀ ਦਿੰਦਿਆਂ, ਗੁਰੂ ਤੇਗ ਬਹਾਦੁਰ ਜੀ ਨਾਲ ਸਬੰਧਤ ਅਸਥਾਨ ਬਾਰੇ ਇਉਂ ਲਿਖਿਆ ਹੈ : "ਮੰਜੀ ਸਾਹਿਬ—ਇਸ ਥਾਂ ਗੁਰੂ ਤੇਗ ਬਹਾਦੁਰ ਸਾਹਿਬ ਨੌ ਦਿਨ ਬਿਰਾਜੇ ਹਨ। ਵੱਡੇ ਦਰਬਾਰ ਪਾਸ ਸੁਨਹਿਰੀ ਕਲਸ਼ ਵਾਲਾ ਗੁਰਦੁਆਰਾ ਬਣਿਆ ਹੋਇਆ ਹੈ। ਮੰਜੀ ਸਾਹਿਬ ਨੰ: 2: ਗੁਰੂ ਸਰ ਸਰੋਵਰ ਦੇ ਦੱਖਣ ਵੱਲ ਗੁਰੂ ਤੇਗ ਬਹਾਦੁਰ ਸਾਹਿਬ ਦਾ ਅਸਥਾਨ। ਇਹ ਤਾਲ ਖੁਦਵਾਉਣ ਸਮੇਂ ਸਤਿਗੁਰੂ ਨੇ ਆਪਣੇ ਦੁਸ਼ਾਲੇ ਵਿਚ ਕਾਰ ਕੱਢੀ ਸੀ।"[92]

ਉਪਰੋਕਤ ਟੂਕਾਂ ਤੋਂ ਜੋ ਗੱਲਾਂ ਸਾਬਤ ਹੁੰਦੀਆਂ ਹਨ ਉਨ੍ਹਾਂ ਅਨੁਸਾਰ, ਗੁਰੂ ਸਾਹਿਬ ਇੱਥੇ ਤਕਰੀਬਨ ਨੌ-ਦੱਸ ਦਿਨ ਠਹਿਰੇ ਸਨ। ਜਿਸ ਬਰਮੀ ਦੇ ਉੱਚੇ ਬੁਰਜ ਨੂੰ ਗੁਰੂ ਤੇਗ ਬਹਾਦੁਰ ਜੀ ਨੇ ਨਮਸਕਾਰ ਕੀਤੀ ਸੀ ਸ਼ਾਇਦ ਉਹ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣਾਇਆ ਗਿਆ

ਕੱਚਾ ਬੁਰਜ ਜਾਂ ਥੜਾ ਹੋਵੇਗਾ। ਨਹੀਂ ਤਾਂ ਨਮਸਕਾਰ ਕਰਨ ਦੀ ਕੋਈ ਤੁਕ ਨਹੀਂ ਨਜ਼ਰ ਆਉਂਦੀ। ਇੱਥੇ ਗੁਰੂ ਸਾਹਿਬ ਨੇ ਸਰੋਵਰ ਖੁਦਵਾਇਆ ਸੀ। ਜਿਸ ਦੀ ਸ਼ੁਰੂਆਤ ਗੁਰੂ ਜੀ ਨੇ ਖੁਦ ਆਪਣੇ ਕਰ-ਕਮਲਾਂ ਨਾਲ ਅਤੇ ਆਪਣੇ ਕੀਮਤੀ ਦੁਸ਼ਾਲੇ ਰਾਹੀਂ ਮਿੱਟੀ ਕੱਢ ਕੇ ਕੀਤੀ ਸੀ। ਇਸ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਅਸਥਾਨ ਗੁਰੂ ਤੇਗ ਬਹਾਦੁਰ ਜੀ ਵੱਲੋਂ ਹੀ ਇਸ ਇਲਾਕੇ ਦਾ ਇਕ ਸਿੱਖ ਧਰਮ ਪਰਚਾਰ ਕੇਂਦਰ ਸਥਾਪਤ ਕਰ ਦਿੱਤਾ ਗਿਆ ਸੀ। ਅੱਜ ਕੱਲ ਇਹ ਅਸਥਾਨ ਗੁਰਦੁਆਰਾ ਐਕਟ ਦੀ ਧਾਰਾ 85 ਅਧੀਨ ਸਿੱਧਾ ਹੀ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਅਧੀਨ ਹੈ। ਇਸ ਦੀ ਮੁੱਖ ਉਸਾਰੀ ਤਖ਼ਤ ਦਮਦਮਾ ਸਾਹਿਬ ਦੇ ਤੌਰ 'ਤੇ ਹੈ। ਗੁਰੂ ਗੋਬਿੰਦ ਸਿੰਘ ਜੀ ਨਾਲ ਇਸ ਅਸਥਾਨ ਦਾ ਗਹਿਰਾ ਸੰਬੰਧ ਰਿਹਾ ਹੈ। ਉਨ੍ਹਾਂ ਦੀ ਯਾਦ ਵਿਚ ਇੱਥੇ ਅਨੇਕਾਂ ਅਸਥਾਨ ਅਤੇ ਵਸਤਾਂ ਮੌਜੂਦ ਹਨ।

ਟਾਹਲਾ ਸਾਹਿਬ : ਪਿੰਡ ਟਾਹਲਾ ਸਾਹਿਬ, ਮੌੜ ਮੰਡੀ ਤੋਂ ਤਿੰਨ ਕੁ ਕਿਲੋਮੀਟਰ ਦੱਖਣ ਵੱਲ ਹੈ। ਇਸ ਦਾ ਡਾਕਖਾਨਾ ਮੌੜ ਮੰਡੀ, ਤਹਿਸੀਲ ਤੇ ਜਿਲਾ ਬਠਿੰਡਾ ਹੈ। ਇਸ ਪਿੰਡ ਦਾ ਪਹਿਲਾ ਨਾਂ ਕੁੱਬ, ਅਤੇ ਰਾਜਗੜ੍ਹ ਵੀ ਰਿਹਾ ਹੈ। ਬੰਦੋਬਸਤ ਰਿਕਾਰਡ ਮਾਲ ਪਟਵਾਰੀ 1910 ਵਿਚ ਦਰਜ ਹੈ : "ਕਹਿਤ ਸਾਲੀ 1840 ਮੇਂ ਗੈਰ ਆਬਾਦ ਹੋ ਗਿਆ। ਸੰਮਤ 1874 ਮੇਂ ਰਾਜੂ ਸਿੰਘ ਮੋਹੜੀ ਗਡ ਕੌਮ ਜੱਟ ਧਾਲੀਵਾਲ ਨੇ ਮੋਹੜੀ ਗੱਡੀ। ਪਟਾ ਸੌਣ ਸੁਦੀ 13 ਸੰਮਤ 1874 ਨੂੰ ਸਰਕਾਰ ਤੋਂ ਮਿਲਿਆ।"

ਜਦੋਂ ਗੁਰੂ ਤੇਗ ਬਹਾਦੁਰ ਸਾਹਿਬ ਇਸ ਇਲਾਕੇ ਵਿਚ ਧਰਮ ਪਰਚਾਰ ਕਰਦੇ ਹੋਏ ਇੱਥੇ ਆਏ ਸਨ ਤਾਂ ਉਹ ਇਕ ਢਾਬ ਦੇ ਕਿਨਾਰੇ ਟਾਹਲੀ ਦੇ ਇਕ ਵੱਡੇ ਦਰਖਤ ਹੇਠ ਬੈਠੇ ਸਨ। ਟਾਹਲੀ ਦੇ ਵੱਡੇ ਆਕਾਰ ਨੂੰ ਦੇਖ ਕੇ ਸਿੱਖ ਸੰਗਤਾ ਉਸ ਨੂੰ ਟਾਹਲਾ ਕਹਿਣ ਲੱਗ ਪਈਆਂ। ਗੁਰੂ ਜੀ ਦੀ ਪਵਿੱਤਰ ਯਾਦ ਜੁੜੀ ਹੋਣ ਕਰ ਕੇ ਟਾਹਲਾ ਸਾਹਿਬ ਕਿਹਾ ਜਾਣ ਲੱਗ ਪਿਆ। ਅੱਜ ਕੱਲ ਇਸ ਪਿੰਡ ਦਾ ਨਾਂ ਟਾਹਲਾ ਸਾਹਿਬ ਹੈ।

ਗੁਰੂ ਜੀ ਦੇ ਇੱਥੇ ਆਉਣ ਪਰਤੀ ਦੋ ਵਿਚਾਰ ਹਨ। ਇਕ ਤਾਂ ਇਹ ਕਿ ਗੁਰੂ ਜੀ ਮੌੜ ਮੰਡੀ ਤੋਂ ਇੱਥੇ ਆਉਂਦੇ ਸਨ। ਦੂਸਰਾ ਇਹ ਕਿ ਗੁਰੂ ਜੀ ਤਲਵੰਡੀ ਸਾਬੋ ਤੋਂ ਇੱਥੇ ਆਏ ਸਨ। ਇੱਥੇ ਜਿਹੜੀ ਢਾਬ ਸੀ ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਇਕੱਠਿਆਂ ਕਰ ਕੇ ਉਸ ਦੀ ਹੋਰ ਜ਼ਿਆਦਾ ਖੁਦਵਾਈ ਕਰਵਾਈ ਸੀ ਤਾ ਕਿ ਮੀਹਾਂ ਦੇ ਮੌਸਮ ਵਿਚ ਇਸ ਵਿਚ ਜ਼ਿਆਦਾ ਪਾਣੀ ਭਰਿਆ ਜਾ ਸਕੇ। ਇਸ ਇਲਾਕੇ ਵਿਚ ਡੰਗਰਾਂ-ਪਸ਼ੂਆਂ ਲਈ ਪਾਣੀ ਦਾ ਸੋਮਾ ਸਿਰਫ ਬਰਸਾਤੀ ਟੋਭੇ ਜਾਂ ਢਾਬਾਂ ਸਨ। ਸਾਖੀ ਪੋਥੀ ਵਿਚ ਲਿਖਿਆ ਹੈ : ਤਿਥੋਂ (ਮੌੜਾਂ) ਗੁਰੂ ਕੇ ਜਾਇ ਬੈਠਦੇ ਟਾਲੀਏ। ਤਾਲ ਕੀ ਮੌੜਾਂ ਥੋਂ ਕਾਰ ਕਢਵਾਉਂਦੇ। ਇਕ ਗੁਰਪੁਰਬ ਵੱਡਾ ਹੋਇਆ। ਗੁਰੂ ਜੀ ਪਾਸ ਮੱਥਾ ਟੇਕਣ ਸੰਗਤਾਂ ਦੂਰ-ਦੂਰ ਤੇ ਆਈਆਂ।"[13] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ : "ਪਿੰਡ ਕੁੱਬ ਤੋਂ ਉੱਤਰ ਦਿਸ਼ਾ ਅੱਧ ਮੀਲ ਦੇ ਕਰੀਬ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕੋ ਗੁਰਦੁਆਰਾ ਹੈ। ਨੌਵੇਂ ਗੁਰੂ ਜੀ ਤਲਵੰਡੀ ਸਾਬੋ ਤੋਂ ਆਏ ਇੱਥੇ ਟਾਹਲੀ ਹੇਠ ਬਿਰਾਜੇ। ਜਿਸ ਤੋਂ ਟਾਹਲਾ ਸਾਹਿਬ ਮਸ਼ਹੂਰ ਹੋ ਗਿਆ। ਉਹ ਬਿਰਛ ਹੁਣ ਸੁੱਕ ਗਿਆ ਹੈ।"[14]

ਮੌੜ ਮੰਡੀ : ਮੌੜ ਮੰਡੀ ਕਸਬਾ ਮਾਨਸਾ-ਬਠਿੰਡਾ ਸੜਕ ਉੱਪਰ ਮਾਨਸਾ ਤੋਂ ਤਕਰੀਬਨ 15 ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਮੌੜ ਮੰਡੀ ਆਧੁਨਿਕ ਕਸਬੇ ਦਾ ਨਾਂ ਹੈ ਜਦੋਂ ਕਿ ਮੌੜ

ਪਿੰਡ ਇਸ ਤੋਂ ਇਕ ਪਾਸੇ ਮੁੱਖ ਸੜਕ ਉੱਪਰ ਸਥਿਤ ਹੈ। ਇੱਥੋਂ ਦਾ ਡਾਕਖਾਨਾ ਖਾਸ, ਥਾਣਾ ਖਾਸ ਮੌੜ ਮੰਡੀ, ਤਹਿਸੀਲ ਤੇ ਜ਼ਿਲਾ ਬਠਿੰਡਾ ਹੈ। ਮੌੜ ਪਿੰਡ ਇਕ ਮੌੜ ਨਾਂ ਦੇ ਮਾਨ ਗੋਤ ਦੇ ਜੱਟ ਨੇ ਵਸਾਇਆ ਸੀ। ਇਹ ਜੱਟ ਕਬੀਲਾ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਧਰਮ ਵਿਚ ਸ਼ਾਮਲ ਹੋ ਚੁੱਕਿਆ ਸੀ। ਮੌੜ ਦੀ ਵੰਸ ਵਿਚੋਂ ਨਥੂ, ਲੱਲਾ, ਰਘੂ, ਮਿਰਜ਼ਾ ਅਤੇ ਆਸਾ ਗੁਰੂ ਤੇਗ ਬਹਾਦੁਰ ਜੀ ਦੇ ਸ਼ਰਧਾਵਾਨ ਸਿੱਖ ਸਨ। ਸਥਾਨਕ ਰਵਾਇਤ ਅਨੁਸਾਰ ਇਹ ਇਲਾਕਾ ਗੁਰੂ ਸਾਹਿਬ ਸਮੇਂ ਗੈਰ-ਆਬਾਦ ਅਤੇ ਜੰਗਲੀ ਸੀ। ਪਿੰਡ ਦੇ ਲੋਕ ਸੂਰਜ ਛਿੱਪਣ ਤੋਂ ਪਿੱਛੋਂ ਪਿੰਡ ਤੋਂ ਬਾਹਰ ਨਹੀਂ ਸੀ ਨਿਕਲਦੇ। ਅਗਿਆਨਤਾ ਕਾਰਨ ਉਨ੍ਹਾਂ ਨੂੰ ਜੰਗਲ ਵਿਚ ਭੂਤਾਂ ਜਿਨ੍ਹਾਂ ਤੇ ਪਰੇਤਾਂ ਦਾ ਵਾਸਾ ਮਹਿਸੂਸ ਹੁੰਦਾ ਸੀ। ਗੁਰੂ ਸਾਹਿਬ ਨੇ ਇਸ ਇਲਾਕੇ ਵਿਚ ਵਿਚਰਦਿਆਂ ਬਾਹਰ ਜੰਗਲਾਂ ਵਿਚ ਹੀ ਡੇਰਾ ਲਾਇਆ ਹੋਇਆ ਸੀ। ਲੋਕ ਹੈਰਾਨ ਹੋ ਕੇ ਪੁੱਛਦੇ ਸਨ ਕਿ ਬਾਹਰ ਜਿਹੜੇ ਜਿੰਨ ਪਰੇਤ ਰਹਿੰਦੇ ਸੀ ਉਹ ਕਿੱਥੇ ਗਏ। ਗੁਰੂ ਜੀ ਦੇ ਸਾਥੀ ਸਿੱਖ ਅੱਗੋਂ ਉਸੇ ਲਹਿਜੇ ਵਿਚ ਜਵਾਬ ਦਿੰਦੇ ਕਹਿੰਦੇ ਸਨ ਕਿ ਉਨ੍ਹਾਂ ਸਭ ਨੂੰ ਗੁਰੂ ਸਾਹਿਬ ਨੇ ਮਾਰ ਭਜਾਇਆ ਹੈ। ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਮੌੜ ਕਲਾਂ ਪਾਤਸ਼ਾਹ ਨੌਵੀਂ ਹੈ। ਗੁਰਦੁਆਰੇ ਦੇ ਨਾਂ ਪਟਿਆਲਾ ਰਿਆਸਤ ਵੱਲੋਂ ਕਾਫੀ ਜ਼ਮੀਨ ਲਗਵਾਈ ਹੋਈ ਹੈ ਪਰ ਜ਼ਮੀਨ ਜ਼ਿਆਦਾ ਉਪਜਾਊ ਨਾ ਹੋਣ ਕਾਰਣ ਅੱਛੀ ਆਮਦਨ ਵਾਲੀ ਨਹੀਂ ਹੈ। ਸਾਖੀ ਪੋਥੀ ਵਿਚ ਦਿਓ ਦੀ ਕਥਾ ਤੇ ਹੀ ਸਾਰਾ ਜ਼ੋਰ ਲਾਇਆ ਪਿਆ ਹੈ। ਜਿਹੜਾ ਮੰਨਣ-ਯੋਗ ਨਹੀਂ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ : "ਇਸ ਪਿੰਡ ਤੋਂ ਉੱਤਰ ਵੱਲ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਦਰਬਾਰ ਉੱਚਾ ਸੁੰਦਰ ਬਣਿਆ ਹੋਇਆ ਹੈ। ਰਹਿਣ ਲਈ ਦੋ ਮੰਜ਼ਿਲੇ ਪੱਕੇ ਮਕਾਨ ਹਨ ਜੋ ਮਹੰਤ ਹਰੀ ਸਿੰਘ ਨੇ ਗੁਰਦੁਆਰੇ ਦੇ ਗੱਭੇ ਨਾਲ ਬਣਾਏ ਹਨ। ਉਸ ਦੇ ਦਿਹਾਂਤ ਪਿੱਛੋਂ ਨਗਰ ਵਾਸੀਆਂ ਨੇ ਇਕ ਕਮੇਟੀ ਬਣਾ ਕੇ 14 ਮੱਘਰ, ਸੰਮਤ 1980 ਬਿ. ਨੂੰ ਗੁਰਦੁਆਰੇ ਦੀ ਸੇਵਾ ਆਪਣੇ ਹੱਥ ਲਈ।"

ਮਾਈਸਰ ਖਾਨਾ : ਪਿੰਡ ਮਾਈਸਰ ਖਾਨਾ ਸੁਨਾਮ ਬਠਿੰਡਾ ਸੜਕ ਉੱਪਰ ਮੌੜ ਮੰਡੀ ਤੋਂ ਨੌਂ ਕਿਲੋਮੀਟਰ ਅੱਗੇ ਹੈ। ਬਠਿੰਡਾ ਇੱਥੋਂ 32 ਕਿਲੋਮੀਟਰ ਅੱਗੇ ਰਹਿ ਜਾਂਦਾ ਹੈ। ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ ਇੱਥੇ ਦੇਵੀ ਮਾਈ ਦਾ ਸਰੋਵਰ (ਤਲਾਬ) ਹੋਣ ਕਰ ਕੇ ਮਾਈ ਦਾ ਸਰ ਬੋਲਦੇ ਸਨ। ਇਸ ਮਾਈ ਦੇ ਸਰ ਉੱਪਰ ਕਿਸੇ ਸਿੱਧੂ ਗੋਤ ਦੇ ਜੱਟ ਖਾਨਾ ਨੇ ਪਿੰਡ ਆਬਾਦ ਕਰ ਲਿਆ ਜਿਸ ਨੂੰ ਇਕ ਸੰਯੁਕਤ ਨਾਂ ਮਾਈਸਰ ਖਾਨਾ ਨਾਲ ਜਾਣਿਆ ਜਾਣ ਲੱਗ ਪਿਆ। 1960 ਦੇ ਬੰਦੋਬਸਤ ਰਿਕਾਰਡ ਡੀ. ਸੀ. ਬਠਿੰਡਾ ਵਿਚ ਇਸ ਪਿੰਡ ਬਾਰੇ ਇਉਂ ਲਿਖਿਆ ਹੈ : "ਆਬਾਦੀ ਇਸ ਗਾਉਂ ਕੀ ਬਹੁਤ ਪੁਰਾਣੀ ਹੈ। ਜ਼ਮਾਨਾ ਮਾਜ਼ੀ ਮੇਂ ਜਿਸੇ ਤਕਰੀਬਨ 400 ਸਾਲ ਗੁਜ਼ਰੇ ਹੋ ਗਏ ਮਸੱਮੀ ਖਾਨਾ ਮੌਰੂਸ ਆਲਾ ਜੱਟ ਸਿੱਧੂ ਨੇ ਇਲਾਕਾ ਜੈਸਲਮੇਰ ਸੇ ਆ ਕਰ ਰਕਬਾ ਗੈਰ ਆਬਾਦ ਦੇਹ ਹਜ਼ਾ ਬੁਨਿਆਦ ਆਬਾਦੀ ਕੈਮ ਕੀ।......ਬੁਨਿਆਦ ਆਬਾਦੀ ਖਾਨਾ ਆਲਾ ਮੌਰੂਸ ਨੇ ਕਾਇਮ ਕੀ ਥੀ। ਔਰ ਜ਼ਮਾਨਾ ਸਾਬਕਾ ਮੇਂ ਜਹਾਂ ਦੇਵੀ ਕਾ ਮੰਦਰ ਥਾ ਔਰ ਮੁੱਤਸਿਲ ਮੰਦਰ ਟੋਹਬਾ ਹੈ, ਮਿੱਟੀ ਨਿਕਾਲੀ ਜਾਤੀ ਥੀ ਔਰ ਉਸ ਟੋਹਬਾ ਕੋ ਦੇਵੀ ਜਾਂ ਮਾਈ ਕੇ ਨਾਮ ਪਰ ਮਾਈਸਰ ਬੋਲਤੇ ਥੇ। ਇਸ ਲੀਏ ਨਾਮ ਗਾਉਂ ਕਾ ਟੋਹਬਾ ਮੁਜ਼ਕਰਾ ਔਰ ਮੌਰੂਸ ਆਲ੍ਹਾ ਕੇ ਨਾਮ ਪਰ ਮਾਈਸਰ ਮਸ਼ਹੂਰ ਹੋ ਗਿਆ।"

ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਹੈ।

ਗੁਰਦੁਆਰੇ ਵਾਲੀ ਥਾਂ ਤੇ ਜ਼ਮੀਨ ਹੇਠ ਇਕ ਪੁਰਾਣਾ ਥੜਾ ਸੀ ਜਿਸ ਨੂੰ ਗੁਰੂ ਜੀ ਦੀ ਯਾਦਗਾਰ ਸਮਝਿਆ ਜਾਂਦਾ ਸੀ। ਇਸ ਸਮੇਂ ਇਹ ਥੜਾ ਹੇਠਾਂ ਭੋਰੇ ਵਿਚ ਹੈ ਅਤੇ ਉੱਪਰ ਗੁਰਦੁਆਰਾ ਮੰਜੀ ਸਾਹਿਬ ਉਸਾਰਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨੇ ਇਸ ਦਾ ਜ਼ਿਕਰ ਇਉਂ ਕੀਤਾ ਹੈ : "ਇਸ (ਪਿੰਡ) ਦੀ ਵਸੋਂ ਦੇ ਨਾਲ ਹੀ ਦੱਖਣ ਵੱਲ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਗੁਰਦੁਆਰਾ ਹੈ। ਛੋਟਾ ਜਿਹਾ ਮੰਦਰ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਹਨ। ਢਾਈ ਘੁਮਾਂ ਜ਼ਮੀਨ ਪਿੰਡ ਵੱਲੋਂ ਹੈ। ਪੁਜਾਰੀ ਉਦਾਸੀ ਹੈ। ਗੁਰਦੁਆਰੇ ਨਾਲ ਦਾ ਟੋਬਾ 'ਤਿਤਰਸਰ' ਨਾਮ ਤੋਂ ਪਰਸਿਧ ਹੈ।"[95]

ਭੈਣੀ ਬਾਘਾ : ਪਿੰਡ ਭੈਣੀ ਬਾਘਾ ਸੁਨਾਮ-ਬਠਿੰਡਾ ਸੜਕ ਉੱਪਰ ਖਿਆਲਾ ਕਲਾਂ ਤੋਂ ਸੱਤ ਕਿਲੋਮੀਟਰ ਅੱਗੇ ਹੈ। ਇਸ ਦਾ ਡਾਕਖਾਨਾ ਖਾਸ, ਥਾਣਾ, ਤਹਿਸੀਲ ਅਤੇ ਜ਼ਿਲਾ ਮਾਨਸਾ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਦੋ ਗੁਰਦੁਆਰੇ ਹਨ। ਇਕ ਗੁਰਦੁਆਰਾ ਰਕਾਬਸਰ ਸਾਹਿਬ ਅਤੇ ਦੂਸਰਾ ਗੁਰਦੁਆਰਾ ਪਿਪਲਸਰ ਸਾਹਿਬ। ਸਥਾਨਕ ਰਵਾਇਤ ਅਨੁਸਾਰ ਇੱਥੇ ਗੁਰੂ ਸਾਹਿਬ ਨੇ ਪਿੰਡ ਦੇ ਇਕ ਚੁਮਿਆਰ ਕੋਲੋਂ ਆਪਣੇ ਘੋੜੇ ਦੀ ਰਕਾਬ ਠੀਕ ਕਰਵਾਈ ਸੀ। ਰਕਾਬ ਠੀਕ ਕਰਨ ਵਾਲਾ ਚਮਿਆਰ ਗੁਰੂ ਸਾਹਿਬ ਦਾ ਹੀ ਸਿੱਖ ਬਣ ਗਿਆ ਸੀ। ਗੁਰੂ ਸਾਹਿਬ ਨੇ ਉਸ ਦੀ ਸ਼ਰਧਾ ਦੇਖ ਕੇ ਉਸ ਨੂੰ ਸਿੱਖ ਸੰਗਤ ਵਿਚ ਪ੍ਰਮੁੱਖ ਥਾਂ ਦਿੱਤੀ ਸੀ। ਇਸ ਕਰ ਕੇ ਇਸ ਪਿੰਡ ਦੇ ਸਾਰੇ ਚਮਿਆਰ ਸਿੱਖ ਧਰਮ ਨੂੰ ਮੰਨਣ ਵਾਲੇ ਹਨ। ਗੁਰਦੁਆਰਾ ਪਿਪਲਸਰ ਵਾਲੀ ਥਾਂ ਤੇ ਗੁਰੂ ਸਾਹਿਬ ਇਕ ਪਿਪਲ ਹੇਠ ਖੜੇ ਸਨ। ਇਸ ਜ਼ਮੀਨ ਦੇ ਮਾਲਕ ਜਥੇਦਾਰ ਸਰਬਨ ਸਿੰਘ ਨੇ ਇਕ ਬਿੱਘਾ ਜ਼ਮੀਨ ਦੇ ਕੇ ਇੱਥੇ ਗੁਰਦੁਆਰਾ ਬਣਵਾਇਆ ਸੀ।

ਡਿੱਖ : ਪਿੰਡ ਡਿੱਖ ਭੈਣੀ ਬਾਘਾ ਤੋਂ 16 ਕਿਲੋਮੀਟਰ ਦੀ ਵਿੱਥ 'ਤੇ ਹੈ। ਇੱਥੋਂ ਅੱਗੇ ਮੋੜ ਗਿਆਰਾਂ ਕਿਲੋਮੀਟਰ ਦੀ ਵਿੱਥ 'ਤੇ ਹੈ। ਡਿੱਖ ਦਾ ਡਾਕਖਾਨਾ ਖਾਸ, ਥਾਣਾ ਬਾਲਿਆਂਵਾਲੀ, ਤਹਿਸੀਲ ਰਾਮਪੁਰਾਫੂਲ ਅਤੇ ਜ਼ਿਲਾ ਬਠਿੰਡਾ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਇਲਾਕੇ ਵਿਚ ਪਰਚਾਰ ਦੌਰਾ ਕਰਦੇ ਹੋਏ ਆਏ ਸਨ ਪਰ ਇੱਥੇ ਗੁਰਦੁਆਰਾ 1917 ਤੋਂ ਪਿੱਛੋਂ ਹੀ ਬਣਿਆ ਹੈ। ਇਲਾਕੇ ਦੀ ਸੰਗਤ ਨੇ ਲੀਕਲ ਸਿੰਘ ਨੰਬਰਦਾਰ ਦੀ ਅਗਵਾਈ ਹੇਠ ਇਕ ਟਿੱਬੇ ਹੇਠੋਂ ਪੁਰਾਣਾ ਥੜਾ ਨਿਕਾਲਿਆ ਸੀ। ਇਸ ਥੜੇ ਬਾਰੇ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਇਹ ਗੁਰੂ ਤੇਗ ਬਹਾਦੁਰ ਜੀ ਦੇ ਬੈਠਣ ਵਾਲੀ ਥਾਂ ਉੱਪਰ ਬਣਾਇਆ ਗਿਆ ਸੀ। ਇਸ ਥੜੇ ਉੱਪਰ ਗੁਰਦੁਆਰਾ ਮੰਜਾ ਸਾਹਿਬ ਉਸਾਰਿਆ ਗਿਆ। 1943 ਈ. ਦੇ ਨੇੜੇ ਤੇੜੇ ਇੱਥੇ ਇਕ ਖੂਹੀ ਲਗਵਾਈ ਗਈ ਸੀ ਜਿਸ ਦਾ ਪਾਣੀ ਬਹੁਤ ਸੁਆਦ ਸੀ। ਪਿੰਡ ਦਾ ਪਾਣੀ ਖਾਰਾ ਹੋਣ ਕਰ ਕੇ ਘਰ ਇਸੇ ਖੂਹੀ ਦਾ ਪਾਣੀ ਵਰਤਦੇ ਹਨ।

ਖਿਆਲਾ ਕਲਾਂ : ਪਿੰਡ ਖਿਆਲਾ ਕਲਾਂ ਸੁਨਾਮ-ਮਾਨਸਾ ਸੜਕ ਉੱਪਰ ਭੀਖੀ ਤੋਂ ਬਾਰਾਂ ਕਿਲੋਮੀਟਰ ਦੀ ਦੂਰੀ 'ਤੇ ਹੈ। ਇੱਥੋਂ ਅੱਗੇ ਮਾਨਸਾ ਸੱਤ ਕਿਲੋਮੀਟਰ ਰਹਿ ਜਾਂਦੀ ਹੈ। ਇਸ ਦਾ ਡਾਕਖਾਨਾ ਖਾਸ, ਤਹਿਸੀਲ ਤੇ ਜ਼ਿਲਾ ਮਾਨਸਾ ਹੈ। ਇੱਥੇ ਗੁਰੂ ਜੀ ਦੀ ਯਾਦ ਵਿਚ ਤਿੰਨ ਗੁਰਦੁਆਰੇ ਹਨ। ਇਕ ਗੁਰਦੁਆਰਾ ਮਹੰਤਾਂ ਵਾਲਾ ਹੈ ਜੋ ਨਿਹੰਗ ਸਿੰਘਾਂ ਦੇ ਕਬਜ਼ੇ ਵਿਚ ਹੈ। ਦੂਸਰਾ ਗੁਰਦੁਆਰਾ ਤੀਰ ਸਰ ਹੈ। ਇੱਥੇ ਗੁਰੂ ਸਾਹਿਬ ਨੇ ਤੀਰ ਨਾਲ ਖੂਹ ਲਗਵਾਉਣ ਦੀ ਸ਼ੁਰੂਆਤ ਕੀਤੀ ਸੀ। ਇਸ ਖੂਹ ਨਾਲ ਪਿੰਡ ਦੀ ਪਾਣੀ ਦੀ ਕਿੱਲਤ ਦੂਰ ਹੋ ਗਈ ਸੀ। ਇਸ ਦਾ

ਪਾਣੀ ਬਹੁਤ ਸੁਆਦ ਸੀ। ਹੁਣ ਇਸ ਥਾਂ ਤੇ ਗੁਰਦੁਆਰਾ ਤੀਰਸਰ ਪਾਤਸ਼ਾਹੀ ਨੌਵੀਂ ਹੈ। ਇਹ ਬਸ ਅੱਡੇ ਤੋਂ ਇਕ ਫਰਲਾਂਗ ਦੀ ਵਿੱਥ 'ਤੇ ਹੈ। ਤੀਸਰਾ ਗੁਰਦੁਆਰਾ ਬੇਰੀ ਸਾਹਿਬ ਹੈ। ਇੱਥੇ ਬੜਾ ਪੁਰਾਣਾ ਬੇਰੀ ਦਾ ਦਰਖਤ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਬੇਰੀ ਗੁਰੂ ਸਾਹਿਬ ਦੇ ਸਮੇਂ ਦੀ ਹੈ। ਪਿੰਡ ਖਿਆਲਾ ਕਲਾਂ ਵਿਚ ਪੰਡਤ ਗੁੱਜਰ ਰਾਮ ਦੀ ਵੰਸ ਵਿਚੋਂ ਪੱਤੀ ਮੱਕਾ ਦੇ ਵਿਚ ਪੰਡਿਤ ਹਰੀ ਰਾਮ ਦੇ ਲੜਕੇ ਨਛੱਤਰ ਸਿੰਘ ਦੇ ਘਰ ਇਕ ਛੰਨਾ ਸੁਰੱਖਿਅਤ ਰੱਖਿਆ ਹੋਇਆ ਹੈ। ਇਸ ਛੰਨੇ ਬਾਰੇ ਰਵਾਇਤ ਹੈ ਕਿ ਪੰਡਿਤ ਗੁਜੜ ਰਾਮ ਨੇ ਇਸ ਛੰਨੇ ਵਿਚ ਗੁਰੂ ਜੀ ਨੂੰ ਦੁੱਧ ਛਕਾਇਆ ਸੀ। ਪਿੱਛੋਂ ਪੰਡਿਤ ਜੀ ਨੇ ਇਸ ਛੰਨੇ ਨੂੰ ਗੁਰੂ ਜੀ ਦੇ ਕਰ-ਕਮਲਾਂ ਦੀ ਛੋਹ ਪਰਾਪਤ ਹੋਣ ਕਰ ਕੇ ਸੁਰੱਖਿਅਤ ਰੱਖ ਲਿਆ ਸੀ। ਇਸ ਪੰਡਿਤ ਘਰਾਣੇ ਨੂੰ ਗੁਰੂ ਘਰ ਦਾ ਆਸ਼ੀਰਵਾਦ ਮਿਲਿਆ ਹੋਇਆ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ : "ਈਹਾਂ ਬ੍ਰਾਹਮਣ ਨੇ ਸੇਵਾ ਕਰੀ। ਗੁਰੂ ਜੀ ਨੇ ਬ੍ਰਾਹਮਣ ਕੋ ਆਗਿਆ ਦਈ। ਕੂਆ ਅਰ ਬਟ ਕਾ ਪੇੜ ਲਗਾਓ ਉਸ ਨੇ ਦੋਨੋ ਲਗਾਏ। ਅਬ ਤਕ ਲੱਗ ਰਹੇ ਹੈਂ।"[96] ਸਾਖੀ ਪੋਥੀ ਵਿਚ ਲਿਖਿਆ ਹੈ : "ਤੇਰਾ ਛੰਨਾ ਵੀ ਵਿਆਹ ਕਾਰਜ ਪੂਰੀਦਾ ਰਹੂ। ਤੇਰੇ ਭਾਂਡੇ ਦੁੱਧ ਭੀ ਰਹੂ ਸਦਾ। ਏਥੇ ਖੂਹ ਲਗੇਗਾ। ਇਕ ਇਸ ਜਾਗਾ ਬੋਹੜ ਲਗੇਗਾ।"[97] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ : "ਖਿਆਲਾ ਨਾਉਂ ਦੇ ਪਿੰਡ ਜਿਨ੍ਹਾਂ ਦੇ ਵਿਚਕਾਰ ਨੌਮੇ ਸਤਿਗੁਰੂ ਵਿਰਾਜੇ ਹਨ। ਗੁਰੂ ਸਾਹਿਬ ਇਸ ਥਾਂ ਹੁਕਮ ਦੇ ਕੇ ਖੂਹ ਅਤੇ ਵੜ ਦਾ ਬ੍ਰਿਛ ਲਗਵਾਇਆ ਜੋ ਹੁਣ ਵਿਦਯਮਾਨ ਹਨ।......ਇਕ ਬ੍ਰਾਹਮਣ ਦੇ ਘਰ ਗੁਰੂ ਤੇਗ ਬਹਾਦੁਰ ਸਾਹਿਬ ਦਾ ਬਖ਼ਸ਼ਿਆ ਕਟੋਰਾ ਹੈ।"[98]

ਜੋਗਾ : ਪਿੰਡ ਜੋਗਾ ਬਰਨਾਲਾ-ਮਾਨਸਾ ਸੜਕ ਉੱਤੇ ਬਰਨਾਲੇ ਤੋਂ 24 ਕਿਲੋਮੀਟਰ ਅਤੇ ਮਾਨਸਾ ਤੋਂ ਪਿੱਛੋਂ ਵੱਲ 28 ਕਿਲੋਮੀਟਰ ਦੀ ਵਿੱਥ 'ਤੇ ਹੈ। ਅਲੀਸ਼ੇਰ ਤੋਂ ਜੋਗਾ 9 ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਦੀ ਤਹਿਸੀਲ ਮਾਨਸਾ ਅਤੇ ਜ਼ਿਲਾ ਬਠਿੰਡਾ ਹੈ। ਅਸਲ ਵਿਚ ਜੋਗਾ ਤੇ ਰੱਲਾ ਦੋਵੇਂ ਇਕੱਠੇ ਹੀ ਨੇੜੇ-ਨੇੜੇ ਪਿੰਡ ਹਨ। ਸਾਖੀ ਪੋਥੀ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਵੇਲੇ ਸਿਰਫ ਰੱਲਾ ਪਿੰਡ ਹੀ ਸੀ ਜੋਗਾ ਨਹੀਂ ਸੀ। ਜੋਗਾ ਪਿੰਡ ਤਾਂ ਗੁਰੂ ਤੇਗ ਬਹਾਦੁਰ ਜੀ ਦੀ ਬਖ਼ਸ਼ਿਸ ਨਾਲ ਬੰਨ੍ਹਿਆ ਗਿਆ ਸੀ। ਸਥਾਨਕ ਰਵਾਇਤਾਂ ਅਨੁਸਾਰ ਗੁਰੂ ਸਾਹਿਬ ਰੱਲੇ ਪਿੰਡ ਕੋਲ ਇਕ ਥੇਹ ਉੱਪਰ ਬੈਠੇ ਸਨ ਇੱਥੇ ਹੀ ਰੱਲੇ ਦੇ ਚੋਧਰੀ ਦੇ ਭਤੀਜੇ ਜੁਗਰਾਜ ਨੇ ਆ ਕੇ ਗੁਰੂ ਸਾਹਿਬ ਦੀ ਟਹਿਲ ਸੇਵਾ ਕੀਤੀ। ਇਸ ਟਹਿਲ ਸੇਵਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਜੁਗਰਾਜ ਜਾਂ ਜੋਗੇ ਨੂੰ ਇਸ ਥੇਹ ਉੱਪਰ ਆ ਕੇ ਵਸਣ ਲਈ ਕਿਹਾ। ਇਸ ਤਰ੍ਹਾਂ ਜੁਗਰਾਜ ਜਾਂ ਜੋਗੇ ਦੇ ਨਾਂ ਤੇ ਹੀ ਪਿੰਡ ਜੋਗਾ ਬੰਨ੍ਹਿਆ ਗਿਆ ਸੀ। ਸਾਖੀ ਪੋਥੀ ਵਿਚ ਇਸ ਦਾ ਜ਼ਿਕਰ ਇਉਂ ਆਇਆ ਹੈ : "ਜੋਗੇ ਕੇ ਲਾਉਣੇ ਗੁਰੂ ਜੀ ਨੇ ਦੁਪਹਿਰੇ ਡੇਰਾ ਕੀਤਾ। ਫੇਰ ਗੁਰੂ ਜੀ ਨੇ ਕਹਿਆ : ਕੋਈ ਏਸ ਜਾਗਾ ਬਸਦਾ ਹੈ ਕੇ ਨਹੀਂ?' ਸਿੱਖਾਂ ਕਹਿਆ : 'ਕੋਈ-ਕੋਈ ਮਨੁੱਖ ਫਿਰਦਾ ਹੈ ਜੀ।' ਅੱਗੇ ਕੂਚ ਹੋਇ ਚਲੇ ਜਾਂਦੇ ਸਨਿ, ਜੁਗਰਾਜ ਨੇ ਮਥਾ ਆਣ ਟੇਕਿਆ। ਕਹਿਆ : 'ਜੀ ਚਲੋ ਡੇਰਾ ਕਰੋ'। ਗੁਰੂ ਜੀ ਨੇ ਕਹਿਆ : "ਐਤ ਥੇਹ ਪਿੰਡ ਵਸਾਇ ਲੈ ਅਜੀਤ ਕਲਰੀ ਹੈ। ਉੱਥੇ ਜੋਗਾ ਵਸਿਆ।"[99] ਪੰਡਿਤ ਤਾਰਾ ਸਿੰਘ ਨਰੋਤਮ ਨੇ 1884 ਵਿਚ ਕੀਤੇ ਗਏ ਸਰਵੇਖਣ ਅਨੁਸਾਰ ਲਿਖਿਆ ਹੈ : "ਜੋਗਾ ਗ੍ਰਾਮ ਅਲੀਸੇਰ ਸੇ ਪਾਂਚ ਕੋਸ ਵਾਯੂ ਕੋਣ ਮੇਂ। ਇਕ ਗੁਰਦੁਆਰਾ ਦੋ ਪੁਜਾਰੀ ਕਬੀ ਰਹਤਾ ਹੈ ਕਬੀ ਨਹੀਂ। ਅਲੀਸ਼ੇਰ ਸੇ ਉੱਠ ਕਰ ਗੁਰੂ ਜੀ ਇਸ ਗ੍ਰਾਮ ਮੇਂ ਉਤਰੇ।"[100] ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ :

"ਜੋਗੇ ਦੇ ਪਾਸ ਰੱਲਾ ਪਿੰਡ ਹੈ, ਇੱਥੇ ਗੁਰੂ ਤੇਗ ਬਹਾਦੁਰ ਸਾਹਿਬ ਮਾਲਵੇ ਵਿਚ ਵਿਚਰਦੇ ਹੋਏ ਬਿਰਾਜੇ ਹਨ।"[101]

ਭੂਪਾਲ : ਪਿੰਡ ਭੂਪਾਲ ਜੋਗੇ ਰੱਲੇ ਤੋਂ ਅੱਗੇ ਗਿਆਰਾਂ ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦੀ ਤਹਿਸੀਲ ਤੇ ਜ਼ਿਲਾ ਮਾਨਸਾ ਹੈ। ਇਲਾਕੇ ਵਿਚ ਪਰਚਾਰ ਦੌਰਾ ਕਰਦੇ ਹੋਏ ਗੁਰੂ ਸਾਹਿਬ ਭੂਪਾਲ ਪਿੰਡ ਵਿਚ ਆ ਕੇ ਠਹਿਰੇ ਸਨ। ਸਾਖੀ ਪੋਥੀ ਵਿਚ ਲਿਖਿਆ ਹੈ: "ਗੁਰੂ ਜੀ ਨੇ ਡੇਰਾ ਭੂਪਾਲੀ ਕੀਤਾ। ਨਗਰੀ ਨੇ ਕੱਖ ਪੱਠੇ ਅਤੇ ਦੁੱਧ ਦਹੀਂ ਕੀ ਟਹਿਲ ਕੀਤੀ। ਘੋੜਿਆਂ ਨੂੰ ਦਾਣਾ ਦੀਆ।"[102] ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ : "ਭੂਪਾਲ ਗ੍ਰਾਮ ਜੋਗੇ ਸੇ ਚਾਰ ਕੋਸ ਅਗ਼ਨਿ ਕੋਣ ਮੇਂ। ਗੁਰਦੁਆਰਾ। ਸਿੱਖ। ਏਕ ਰਾਤ੍ਰ ਈਹਾਂ ਵਾਸ ਕੀਆ ਲੋਗੋਂ ਨੇ ਪ੍ਰੇਮ ਸੇ ਸੇਵਾ ਕਰੀ।"[103] ਵਿਸਾਖਾ ਸਿੰਘ ਜਨੇਤਪੁਰਾ ਨੇ ਲਿਖਿਆ ਹੈ : "ਇਸ ਪਿੰਡ ਤੋਂ ਉੱਤਰ-ਪੂਰਬ ਪਾਸੇ ਹੀ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਇਕ ਰਾਤ ਬਿਰਾਜੇ ਸਨ। ਮੰਜੀ ਸਾਹਿਬ ਬਣਿਆ ਹੋਇਆ ਹੈ। 50 ਘੁਮਾਂ ਜ਼ਮੀਨ ਰਿਆਸਤ ਪਟਿਆਲਾ ਵੱਲੋਂ ਗੁਰਦੁਆਰੇ ਦੇ ਨਾਉਂ ਹੈ। ਪੁਜਾਰੀ ਸਿੰਘ ਹੈ।"[104] ਅੱਜ ਕੱਲ ਇੱਥੇ ਦੋ ਗੁਰਦੁਆਰੇ ਹਨ। ਦੋਵੇਂ ਹੀ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਹਨ। ਸ਼ਾਇਦ ਬਾਹਰਲਾ ਗੁਰਦੁਆਰਾ ਇਸ ਲਈ ਬਣਾਇਆ ਗਿਆ ਹੈ ਕਿਉਂਕਿ ਅੰਦਰਲੇ ਗੁਰਦੁਆਰੇ ਤੇ ਕਿਸੇ ਦਾ ਜੱਦੀ ਅਧਿਕਾਰ ਹੈ।

ਭੀਖੀ : ਕਸਬਾ ਭੀਖੀ ਇਸ ਸਮੇਂ ਸੁਨਾਮ-ਬਠਿੰਡਾ ਜਾਂ ਸੁਨਾਮ-ਮਾਨਸਾ ਸੜਕ ਉੱਪਰ ਸੁਨਾਮ ਤੋਂ 25 ਕਿਲੋਮੀਟਰ ਅਤੇ ਮਾਨਸਾ ਤੋਂ ਸੁਨਾਮ ਵੱਲ 16 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਥੋਂ ਦਾ ਥਾਣਾ ਤੇ ਡਾਕਖਾਨਾ ਖਾਸ, ਤਹਿਸੀਲ ਤੇ ਜ਼ਿਲਾ ਮਾਨਸਾ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਇਸ ਇਲਾਕੇ ਵਿਚ ਧਰਮ ਪਰਚਾਰ ਕਰਦੇ ਹੋਏ ਆਏ ਸਨ। ਇੱਥੋਂ ਦਾ ਜੱਟ ਜਿਮੀਂਦਾਰ ਦੇਸੂ ਇਲਾਕੇ ਦਾ ਚੌਧਰੀ ਸੀ। ਕਈਆਂ ਨੇ ਗੈਂਡਾ ਨਾਂ ਲਿਖਿਆ ਹੈ। ਇਸ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਸੀ ਅਤੇ ਇਹ ਚਹਿਲ ਗੋਤ ਦਾ ਜੱਟ ਸੀ। ਗੁਰੂ ਸਾਹਿਬ ਦੀਆਂ ਸੰਗਤਾਂ ਦਾ ਕਿਉਂਕਿ ਇਸ ਇਲਾਕੇ ਵਿਚ ਜ਼ੋਰ ਸੀ ਅਤੇ ਜੱਟ ਕਬੀਲੇ ਸਿੱਖ ਧਰਮ ਨੂੰ ਅਪਣਾ ਚੁੱਕੇ ਸਨ। ਇਸ ਕਰ ਕੇ ਦੇਸੂ ਜਾਂ ਗੈਂਡੇ ਜੱਟ ਚੌਧਰੀ ਨੇ ਗੁਰੂ ਸਾਹਿਬ ਦੀ ਸ਼ਰਨ ਆ ਕੇ ਸਿੱਖ ਧਰਮ ਧਾਰਨ ਕਰ ਲਿਆ ਸੀ। ਗੁਰੂ ਸਾਹਿਬ ਨੇ ਉਸ ਨੂੰ ਇਲਾਕੇ ਦੇ ਚੌਧਰੀ ਹੋਣ ਦੀ ਮਾਣਤਾ ਦੇ ਦਿੱਤੀ ਪਰ ਉਸ ਇਲਾਕੇ ਵਿਚ ਸੁਲਤਾਨੀ ਲੋਕਾਂ ਦਾ ਵੀ ਜ਼ੋਰ ਸੀ। ਉਹ ਨਹੀਂ ਚਾਹੁੰਦੇ ਸਨ ਕਿ ਦੇਸੂ ਜਾਂ ਗੈਂਡਾ ਸਿੱਖ ਧਰਮ ਵਿਚ ਸ਼ਾਮਲ ਹੋਵੇ। ਉਨ੍ਹਾਂ ਨੇ ਸੁਲਤਾਨੀ ਗੁਰੂ ਪਾਸ ਸ਼ਕਾਇਤਾਂ ਭੇਜੀਆਂ ਪਰ ਦੇਸੂ ਜਾਂ ਗੈਂਡਾ ਸਿੱਖ ਧਰਮ ਵਿਚ ਦਰਿੜ੍ਹ ਰਹੇ ਸਨ। ਉਦੋਂ ਤੋਂ ਲੈ ਕੇ ਇਸ ਇਲਾਕੇ ਵਿਚ ਸਿੱਖ ਧਰਮ ਦਾ ਬੋਲਬਾਲਾ ਹੋ ਗਿਆ ਸੀ। ਵੱਖ-ਵੱਖ ਲਿਖਤਾਂ ਵਿਚ ਇਸ ਦਾ ਜਿਸ ਤਰ੍ਹਾਂ ਜ਼ਿਕਰ ਆਇਆ ਹੈ ਉਹ ਇਸ ਤਰ੍ਹਾਂ ਹੈ। ਸਾਖੀ ਪੋਥੀ : "ਗੁਰੂ ਜੀ ਦੀ ਕ੍ਰਿਪਾ ਹੋਈ, ਹੋਰ ਬਚਨ ਹੋਏ। ਗੁਰੂ ਜੀ ਨੇ ਕਹਿਆ : ਤੈਨੂੰ (ਦੇਸੂ ਨੂੰ) ਰਾਜ ਬਖ਼ਸ਼ਿਆ ਇਹੁ ਸਰਵਰ ਦੀ ਖੂੰਡੀ ਸਿਟਿ ਪਾਉ' ਗੁਰੂ ਜੀ ਨੇ ਓਸ ਨੂੰ ਪੰਜ ਤੀਰ ਬੀਰਾਂ ਬਵੰਜਾ ਵਿਚਹੁ ਬਖਸੇ। ਬਚਨ ਕਹਿਆ : ਤੈਨੂੰ ਸਰਦਾਰ ਬੀਰ ਬਖਸ਼ੇ। ਜਿਸ ਤਰਫਿ ਮੂਹੁ ਕਰੇਗਾ ਤੇਰੀ ਜੀਤ ਹੋਵੇਗੀ। ਸਿੱਖੀ ਰਖੇਗਾ ਤਾਂ ਰਾਜੁ ਕਰੇਗਾ।"[105] ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ : "ਆਪ ਭੀਖੀ ਰਹੇ। ਊਹਾਂ ਚਾਹਲ ਗੋਤ ਕੇ ਜਿਮੀਂਦਾਰ ਕੋ ਸੁਲਤਾਨ ਕੀ ਸੇਵਕੀ ਸੇ ਹਟਾਯ ਕੇ ਸਭ ਜਗਾ ਫਤੇ ਪਾਵਨ ਹੇਤ ਪਾਂਚ ਤੀਰ ਬਖਸੇ। ਨਾਮ ਗੈਂਡਾ ਥਾ।"[106] ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ : "ਪਿੰਡ ਤੋਂ ਉੱਤਰ

ਪੱਛਮ ਪਾਸ ਹੀ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਇੱਥੇ ਦਸ ਦਿਨ ਨਿਵਾਸ ਕੀਤਾ। ਇੱਥੋਂ ਦੇ ਤਰਖਾਣਾਂ ਅਤੇ ਬਾਣੀਆਂ ਨੇ ਸੇਵਾ ਕੀਤੀ। ਗੈਂਡਾ ਚਾਹਲ ਗੋਤ ਦਾ ਜੋ ਸੁਲਤਾਨ ਦਾ ਉਪਾਸ਼ਕ ਸੀ ਸਤਿਗੁਰਾਂ ਦਾ ਉਪਦੇਸ਼ ਸੁਣ ਕੇ ਸਿੱਖ ਹੋਇਆ।"[107] ਇਸ ਸਮੇਂ ਇੱਥੇ ਗੁਰੂ ਜੀ ਦੀ ਯਾਦ ਵਿਚ ਜੋ ਗੁਰਦੁਆਰਾ ਹੈ ਉਹ ਦੇਸੂ ਦੇ ਕੋਟ (ਥਾਣੇ) ਤੋਂ ਪੂਰਬ-ਉੱਤਰ ਦਿਸ਼ਾ ਵੱਲ ਇਕ ਫਰਲਾਂਗ ਦੇ ਫਾਸਲੇ 'ਤੇ ਢਾਬ ਦੇ ਕਿਨਾਰੇ 'ਤੇ ਹੈ। ਇਸ ਦਾ ਪਰਬੰਧ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਪਾਸ ਹੈ।

ਧਲੇਓ : ਪਿੰਡ ਧਲੇਓਂ ਜਾਂ ਧਲੇਵਾਂ ਭੀਖੀ ਤੋਂ ਛੇ ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਹੋਡਲ ਕਲਾਂ, ਥਾਣਾ, ਤਹਿਸੀਲ ਅਤੇ ਜਿਲਾ ਮਾਨਸਾ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਗੁਰਦੁਆਰਾ ਹੈ ਜੋ ਸੰਮਤ 1973 ਬਿ. ਮੁਤਾਬਕ ਸੰਨ 1916 ਈ. ਵਿਚ ਬਣਾਇਆ ਗਿਆ ਸੀ। ਇਸ ਗੁਰਦੁਆਰੇ ਨੂੰ ਬਣਵਾਉਣ ਵਿਚ ਪਿੰਡ ਰਾਇ ਸਿੰਘ ਵਾਲਾ (ਨੇੜੇ ਸਕਰੌਦੀ ਸਿੰਘਾਂ ਦੀ) ਦੇ ਕਿਸੇ ਸਰਦਾਰ ਰਣਬੀਰ ਸਿੰਘ ਦਾ ਕਾਫੀ ਹੱਥ ਸੀ।[108] ਪਹਿਲਾਂ ਰਿਆਸਤ ਪਟਿਆਲਾ ਵੱਲੋਂ ਇਸ ਗੁਰਦੁਆਰੇ ਨੂੰ 120 ਰੁਪਏ ਸਾਲਾਨਾ ਮਿਲਦੇ ਸਨ। ਇੱਥੇ ਕੋਈ ਸੰਤ ਰਹਿੰਦਾ ਸੀ ਜੋ ਗੁਰੂ ਸਾਹਿਬ ਦੇ ਦਰਸ਼ਨਾਂ ਦਾ ਅਭਿਲਾਖੀ ਸੀ। ਉਸ ਨਾਲ ਗੁਰੂ ਜੀ ਦੀ ਵਿਚਾਰ-ਚਰਚਾ ਹੋਈ ਸੀ। ਗੁਰਦੁਆਰੇ ਦਾ ਨਾਂ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਹੈ।

ਸਮਾਂਅ : ਪਿੰਡ ਸਮਾਂਅ (ਸਮਾਯ) ਖੀਵਾ ਵੱਡਾ ਤੋਂ ਚਾਰ ਕਿਲੋਮੀਟਰ ਅਤੇ ਭੀਖੀ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਦਾ ਡਾਕਖਾਨਾ ਖਾਸ, ਤਹਿਸੀਲ ਤੇ ਜਿਲਾ ਮਾਨਸਾ ਹੈ। ਗੁਰੂ ਸਾਹਿਬ ਇਸ ਇਲਾਕੇ ਵਿਚ ਧਰਮ ਪਰਚਾਰ ਕਰਦੇ ਹੋਏ ਇਸ ਪਿੰਡ ਵਿਚ ਆ ਕੇ ਠਹਿਰੇ ਸਨ। ਵੱਖ-ਵੱਖ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਇੱਥੇ ਕਾਬਲ ਵੱਲੋਂ ਜੋ ਸੰਗਤ ਆਨੰਦਪੁਰ ਸਾਹਿਬ ਵਿਖੇ ਗੁਰੂ ਜੀ ਦੇ ਦਰਸ਼ਨ ਕਰਨ ਖਾਤਰ ਆਈ ਸੀ ਉਹ ਇਹ ਪਤਾ ਲੱਗਣ ਤੇ ਕਿ ਗੁਰੂ ਸਾਹਿਬ ਤਾਂ ਮਾਲਵੇ ਵਿਚ ਧਰਮ ਪਰਚਾਰ ਕਰ ਰਹੇ ਹਨ, ਤਾਂ ਇੱਥੇ ਆ ਕੇ ਗੁਰੂ ਜੀ ਨੂੰ ਮਿਲੀ ਸੀ। ਸਮਾਂਅ ਪਿੰਡ ਦੇ ਜਿਮੀਦਾਰਾਂ ਨੇ ਤਨੋ ਮਨੋ ਸਿੱਖ ਸੰਗਤਾਂ ਦੀ ਦੁੱਧ, ਲੱਸੀ ਅਤੇ ਲੰਗਰ ਨਾਲ ਸੇਵਾ ਕੀਤੀ ਸੀ। ਪਿੰਡ ਦੇ ਲੋਕ ਸਮਝਦੇ ਹਨ ਕਿ ਸਮਾਂਅ ਵਿਚ ਉਨ੍ਹਾਂ ਪਾਸ ਦੁੱਧ-ਘਿਓ ਖੁੱਲ੍ਹਾ ਖਾਣ-ਪੀਣ ਨੂੰ ਹੈ। ਇਹ ਸਭ ਗੁਰੂ ਤੇਗ ਬਹਾਦੁਰ ਜੀ ਦੀ ਕਿਰਪਾ ਦਰਿਸ਼ਟੀ ਕਰ ਕੇ ਹੀ ਹੈ। ਸਾਖੀ ਪੋਥੀ ਅਨੁਸਾਰ : "ਫੇਰ ਕੂਚ ਕਰੀਂ ਆਉਂਦੇ ਥੇ ਸਮਾਉ ਦੀ ਹੱਦ ਵਿਚ। ਕਾਬਲ ਦੀ ਸੰਗਤ ਮਿਲੀ, ਉੱਥੇ ਹੀ ਉਤਰ ਪਏ। ਬਣ ਹੇਠ ਸਤਰੰਜੀਆਂ (ਪੱਟੀਆਂ) ਬਿਛਾਇ ਦਿੱਤੀਆਂ। ਸਬਦ ਕੀ ਚੌਕੀ ਲਗੀ ਹੋਣ। ਕਾਰ ਭੇਟ ਲੱਗੇ ਚੜ੍ਹਾਉਣ ਸਿੱਖ। ਗੁਰੂ ਜੀ ਸਰਬੱਤ ਕੋ ਖੁਸ਼ੀ ਕਰੀ। ਸਿੱਖਾਂ ਨੂੰ ਗੁਰੂ ਕਾ ਦਰਸ਼ਨ ਕਰ ਕੇ ਵੱਡਾ ਆਨੰਦ ਆਇਆ। ਉੱਥੇ ਖੇਤ ਵਾਲਾ ਜਿਮੀਦਾਰ ਸੀ ਹੱਲ ਵਾਹੁੰਦਾ। ਉਸ ਆਖਿਆ : ਏਹ ਤਾਂ ਕੋਈ ਵੱਡੀ ਸ਼ਕਤੀ ਵਾਲਾ ਹੈ। ਆਪਣੀ ਰੋਟੀ ਲੱਸੀ ਲੈ ਕੇ ਅੱਗੇ ਜਾ ਰੱਖੀ। ਗੁਰੂ ਜੀ ਕਹਿਆ : ਏਹੁ ਤਾਂ ਤੇਰਾ ਪ੍ਰਸ਼ਾਦ ਹੈ ਤੂੰ ਹੀ ਛਕਿ। ਉਸ ਨੂੰ ਭੀ ਛਕਾਈ। ਸਿੱਖਾਂ ਭੀ ਛਕੀ। ਓਸ ਨੂੰ ਬਚਨ ਹੋਇਆ : ਤੇਰੇ ਘਰ ਦੁੱਧ ਸਦਾ ਹੋਵੇਗਾ। ਓਸ ਕੇ ਸਦਾ ਹੀ ਹੁੰਦਾ ਹੈ।"[109] ਵਿਸਾਖਾ ਸਿੰਘ ਜਨੇਤਪੁਰਾ ਨੇ ਵੀ ਲੱਗਭਗ ਇਸੇ ਤਰ੍ਹਾਂ ਹੀ ਲਿਖਿਆ ਹੈ।[110] ਭਾਈ ਕਾਨ੍ਹ ਸਿੰਘ ਨੇ ਹੋਰ ਜਾਣਕਾਰੀ ਪਰਦਾਨ ਕਰਦੇ ਹੋਏ ਇਉਂ ਲਿਖਿਆ ਹੈ : "ਰਾਜ ਪਟਿਆਲਾ, ਨਜਾਮਤ ਬਰਨਾਲਾ, ਤਸੀਲ ਮਾਨਸਾ ਵਿਚ ਇਕ ਪਿੰਡ ਜਿਸ ਨੂੰ ਲੋਕ ਸਮ੍ਹਾਂ ਭੀ ਸੱਦਦੇ ਹਨ। ਇਸ ਪਿੰਡ ਤੋਂ ਚੜ੍ਹਦੇ ਪਾਸੇ ਇਕ ਫਰਲਾਂਗ ਤੇ ਸ਼੍ਰੀ ਗੁਰੂ ਤੇਗ ਬਹਾਦੁਰ

ਜੀ ਦਾ ਗੁਰਦੁਆਰਾ ਹੈ। ਗੁਰ ਜੀ ਖੀਵਾਂ ਕਲਾਂ ਤੋਂ ਆ ਰਹੇ ਸਨ ਤਾਂ ਇੱਥੇ ਖ਼ਬਰ ਪੁੱਜੀ ਕਿ ਪੇਸ਼ਾਵਰ ਦੇ ਇਲਾਕੇ ਦੀ ਸੰਗਤਿ ਆਨੰਦਪੁਰ ਤੋਂ ਹੁੰਦੀ ਹੋਈ ਦਰਸ਼ਨ ਲਈ ਆ ਰਹੀ ਹੈ ਤਾਂ ਗੁਰੂ ਜੀ ਇੱਥੇ ਹੀ ਇਕ ਵਣ ਕਰੀਰ ਦੇ ਹੇਠਾਂ ਆਸਣ ਵਿਛਾ ਕੇ ਬੈਠ ਗਏ। ਸੰਗਤਿ ਨੇ ਮੇਵੇ ਅਤੇ ਅਨੇਕ ਪਦਾਰਥ ਗੁਰੂ ਜੀ ਦੀ ਭੇਟਾ ਕੀਤੇ। ਦਰਸ਼ਨ ਕਰ ਕੇ ਅਤੇ ਉਪਦੇਸ਼ ਸੁਣ ਕੇ ਨਿਹਾਲ ਹੋਏ। ਇੱਥੇ ਮੰਦਰ ਤੇ ਰਿਹਾਇਸ਼ੀ ਮਕਾਨ ਪੱਕੇ ਬਣੇ ਹੋਏ ਹਨ। ਪੁਜਾਰੀ ਨਾਮਧਾਰੀਆ ਸਿੰਘ ਹੈ। ਗੁਰਦੁਆਰੇ ਨਾਲ 40 ਘੁਮਾਂਉ ਜ਼ਮੀਨ ਰਿਆਸਤ ਪਟਿਆਲਾ ਵੱਲੋਂ ਹੈ।"[111] ਅੱਜ ਕੱਲ ਗੁਰਦੁਆਰੇ ਦਾ ਪਰਬੰਧ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਪਾਸ ਹੈ।

ਕਣਕਵਾਲ ਕਲਾਂ : ਪਿੰਡ ਕਣਕਵਾਲ ਕਲਾਂ, ਧਲੇਉ ਤੋਂ ਬਾਰਾਂ ਕਿਲੋਮੀਟਰ, ਗੰਡੂਆਂ ਤੋਂ ਸੱਤ ਕਿਲੋਮੀਟਰ ਅਤੇ ਗਾਗੇ ਤੋਂ ਬਾਰਾਂ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇਸ ਦਾ ਡਾਕਖਾਨਾ ਧਰਮਗੜ੍ਹ, ਥਾਣਾ ਤੇ ਤਹਿਸੀਲ ਸੁਨਾਮ ਅਤੇ ਜ਼ਿਲਾ ਸੰਗਰੂਰ ਹੈ। ਗੁਰੂ ਤੇਗ ਬਹਾਦੁਰ ਜੀ ਇੱਥੇ ਧਰਮ ਪਰਚਾਰ ਕਰਦੇ ਹੋਏ ਆਏ ਸਨ। ਉਨ੍ਹਾਂ ਦੀ ਯਾਦ ਵਿਚ ਪਿੰਡ ਤੋਂ ਦੋ ਫਰਲਾਂਗ ਦੀ ਦੂਰੀ 'ਤੇ ਬਾਹਰਵਾਰ ਨਜ਼ਦੀਕ ਵਗਦੇ ਸੂਏ ਉੱਪਰ ਇਕ ਸੁੰਦਰ ਗੁਰਦੁਆਰਾ ਸਥਿਤ ਹੈ। ਇਸ ਨੂੰ ਗੁਰਦੁਆਰਾ ਪਾਤਸ਼ਾਹੀ ਨੌਵੀਂ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨੇ ਇਸ ਬਾਰੇ ਇਉਂ ਲਿਖਿਆ ਹੈ : "ਕਣਕਵਾਲ ਕਲਾਂ-ਰਿਆਸਤ ਪਟਿਆਲਾ, ਨਜ਼ਾਮਤ, ਤਸੀਲ, ਥਾਣਾ ਸੁਨਾਮ ਵਿਚ ਇਕ ਪਿੰਡ ਹੈ। ਇਸ ਪਿੰਡ ਤੋਂ ਉੱਤਰ ਵੱਲ ਦੋ ਫਰਲਾਂਗ ਤੇ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਸੰਮਤ 1978 ਬਿ. (ਸੰਨ 1921 ਈ.) ਵਿਚ ਨਾ ਮੁਕੰਮਲ ਜਿਹਾ ਮੰਦਿਰ ਬਣਾਇਆ ਗਿਆ ਹੈ। ਕੋਈ ਸੇਵਾਦਾਰ ਨਾ ਹੋਣ ਕਰ ਕੇ ਹਾਲਤ ਢਿੱਲੀ ਹੈ। ਰੇਲਵੇ ਸਟੇਸ਼ਨ ਛਾਜਲੀ ਤੋਂ ਪੱਛਮ ਵੱਲ ਪੰਜ ਮੀਲ ਦੇ ਕਰੀਬ ਹੈ।"[112]

ਗੰਡੂਆਂ : ਪਿੰਡ ਗੰਡੂਆਂ ਸੁਨਾਮ ਦੇ ਨੇੜੇ ਦਸ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ। ਇਹ ਛਾਜਲੀ ਤੋਂ ਸੱਤ ਕਿਲੋਮੀਟਰ ਉੱਤਰ ਵੱਲ ਸਥਿਤ ਹੈ। ਇਸ ਦਾ ਡਾਕਖਾਨਾ ਖਾਸ, ਥਾਣਾ ਤੇ ਤਹਿਸੀਲ ਸੁਨਾਮ ਤੇ ਜ਼ਿਲਾ ਸੰਗਰੂਰ ਹੈ। ਇੱਥੇ ਗੁਰੂ ਸਾਹਿਬ ਇਸ ਇਲਾਕੇ ਵਿਚ ਧਰਮ ਪਰਚਾਰ ਕਰਦੇ ਹੋਏ ਆਏ ਸਨ। ਗੁਰੂ ਜੀ ਦੀ ਯਾਦ ਵਿਚ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਗੁਰੂ ਤੇਗ ਬਹਾਦੁਰ ਜੀ ਤੋਂ ਪਹਿਲਾਂ ਗੁਰੂ ਹਰਿ ਗੋਬਿੰਦ ਸਾਹਿਬ ਵੀ ਇੱਥੇ ਆ ਚੁੱਕੇ ਸਨ।[113]

ਬੱਛੋਆਣਾ : ਪਿੰਡ ਬੱਛੋਆਣਾ, ਬੁਢਲਾਡੇ ਤੋਂ ਦਸ ਕਿਲੋਮੀਟਰ ਦੀ ਵਿੱਥ 'ਤੇ ਹੈ। ਇਸ ਦਾ ਡਾਕਖਾਨਾ ਖਾਸ, ਥਾਣਾ ਬੁਢਲਾਢਾ, ਤਹਿਸੀਲ ਤੇ ਜ਼ਿਲਾ ਮਾਨਸਾ ਹੈ। ਜਦੋਂ ਗੁਰੂ ਸਾਹਿਬ ਬਰ੍ਹੇ ਪਿੰਡ ਵਿਚ ਰਹਿ ਰਹੇ ਸਨ ਉਸ ਸਮੇਂ ਇੱਥੇ ਪਰਚਾਰ ਦੌਰੇ 'ਤੇ ਆਏ ਸਨ। ਗੁਰੂ ਜੀ ਦੀ ਯਾਦ ਵਿਚ ਇੱਥੇ ਇਕ ਗੁਰਦੁਆਰਾ ਹੈ ਜਿਹੜਾ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅਧੀਨ ਹੈ। ਸਾਖੀ ਪੋਥੀ ਵਿਚ ਇਸ ਥਾਂ ਅਤੇ ਗੁਰੂ ਜੀ ਦੀ ਆਮਦ ਬਾਰੇ ਇਉਂ ਲਿਖਿਆ ਹੈ : "ਅੱਗੇ ਡੇਰਾ ਬਛੋਆਣੇ ਹੋਇਆ। ਪਿਪਲੁ ਕੀ ਛਾਉਂ ਡੇਰਾ ਹੋਇਆ ਤਲਾਉ ਕੇ ਕਿਨਾਰੇ। ਵੱਡੀ ਢਾਬ ਹੈ ਸੀ। ਗੁਰੂ ਜੀ ਨੇ ਡੇਰਾ ਸੱਤ ਦਿਨ ਰੱਖਿਆ। ਗੁਰੂ ਜੀ ਨਾਲ ਬਹੁਤ ਸੰਗਤਾਂ ਸਨ। ਲੱਸੀ ਨੂੰ ਮਹੀਂ ਬਹੁਤ ਸਨ। ਇਕ ਬੂਰੀ ਮਹਿ ਬਹੁਤ ਉਮਦੀ ਸੀ।"[114] ਇਹ ਸਾਰਾ ਇਲਾਕਾ ਰੰਘੜ ਮੁਸਲਮਾਨਾਂ ਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਜ਼ਿਕਰ ਇਸ ਤਰ੍ਹਾਂ ਕੀਤਾ ਹੈ : "ਜ਼ਿਲਾ ਹਿਸਾਰ ਥਾਣਾ ਬੁਢਲਾਢਾ ਵਿਚ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਬੁਢਲਾਢਾ ਤੋਂ ਚਾਰ ਮੀਲ

ਉੱਤਰ-ਪੂਰਵ ਹੈ। ਇਸ ਪਿੰਡ ਦੀ ਵਸੋਂ ਅੰਦਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਇੱਥੇ ਕਈ ਦਿਨ ਨਿਵਾਸ ਕੀਤਾ। ਛੋਟਾ ਜਿਹਾ ਮੰਦਰ ਪੁਰਾਣਾ ਬਣਿਆ ਹੋਇਆ ਹੈ। ਪਾਸ ਇਕ ਕਮਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਹੈ। ਗੁਰਦੁਆਰੇ ਨਾਲ 60 ਘੁਮਾਉਂ ਜ਼ਮੀਨ ਭਾਈ ਸਾਹਿਬ ਅਰਨੌਲੀ ਵੱਲੋਂ ਹੈ। ਪੁਜਾਰੀ ਸਿੰਘ ਹੈ। ਇੱਥੇ ਭਾਈ ਥੰਮਣ ਸਿੰਘ ਦੀ ਸਮਾਧ ਵੀ ਬਹੁਤ ਸੁੰਦਰ ਹੈ।"[115]

ਖੀਵਾ ਕਲਾਂ : ਖੀਵੇ ਕਈ ਹਨ ਜਿਵੇਂ ਕਿ ਸਜਾਦੇ ਵਾਲਾ ਖੀਵਾ, ਦਿਆਲੂ ਵਾਲਾ ਖੀਵਾ ਅਤੇ ਮੀਆਂ ਸਿੰਘ ਵਾਲਾ ਖੀਵਾ। ਖੀਵਾਂ ਕਲਾਂ ਜਾਂ ਖੀਵਾਂ ਵੱਡਾ ਉਕਤ ਤਿੰਨ ਖੀਵਿਆਂ ਤੋਂ ਅਲੱਗ ਪਿੰਡ ਹੈ। ਇਹ ਭੀਖੀ-ਬਰਨਾਲਾ ਸੜਕ ਨਾਲ ਭੀਖੀ ਤੋਂ ਤਿੰਨ ਕਿਲੋਮੀਟਰ ਦੀ ਵਿੱਥ 'ਤੇ ਇਕ ਕਿਲੋਮੀਟਰ ਲੰਮੀ ਲਿੰਕ ਰੋਡ ਨਾਲ ਜੁੜਿਆ ਹੋਇਆ ਹੈ। ਇੱਥੇ ਦੇ ਇਕ ਜਟੂ ਸਿੰਘ ਨਾਂ ਦੇ ਵਿਅਕਤੀ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਸੀ। ਜਿਨਾਂ ਚਿਰ ਗੁਰੂ ਸਾਹਿਬ ਇਸ ਇਲਾਕੇ ਵਿਚ ਰਹੇ ਸਨ, ਜੱਟੂ ਸਿੰਘ ਗੁਰੂ ਸਾਹਿਬ ਦੇ ਘੋੜਿਆਂ ਨੂੰ ਘਾਹ-ਪੱਠਿਆਂ ਦੀ ਅਤੇ ਲੰਗਰ ਲਈ ਲੱਕੜਾਂ ਦੀ ਸੇਵਾ ਕਰਦਾ ਰਿਹਾ ਸੀ। ਗੁਰੂ ਸਾਹਿਬ ਨੇ ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਨੂੰ ਇਸ ਇਲਾਕੇ ਦਾ ਮੁੱਖ ਪਰਚਾਰਕ ਥਾਪ ਦਿੱਤਾ ਅਤੇ ਵਰ ਦਿੱਤਾ ਸੀ ਕਿ ਉਸ ਨੂੰ ਇੱਥੋਂ ਦੀਆਂ ਸੰਗਤਾਂ ਵੱਲੋਂ ਦੂਹਰਾ ਵਰਤਾਓ ਮਿਲਦਾ ਰਹੇਗਾ। ਦੂਹਰੇ ਵਰਤਾਓ ਦਾ ਮਤਲਬ ਹੈ ਕਿ ਇਕ ਵਰਤਾਓ ਉਸ ਨਾਲ ਹੋਵੇਗਾ ਇਲਾਕੇ ਦਾ ਵਸਨੀਕ ਹੋਣ ਕਰ ਕੇ ਅਤੇ ਦੂਸਰਾ ਵਰਤਾਓ ਹੋਵੇਗਾ ਗੁਰੂ ਜੀ ਦਾ ਪਰਚਾਰਕ ਹੋਣ ਕਰ ਕੇ। ਉਸ ਦੇ ਖਾਨਦਾਨ ਨੂੰ ਵੀ ਅੱਜ ਤਕ ਦੂਹਰੇ ਵਰਤਾਰੇ ਮਿਲਦੇ ਰਹੇ ਹਨ। ਇਸ ਗੱਲ ਦਾ ਜ਼ਿਕਰ ਸਾਖੀ ਪੋਥੀ, ਸ੍ਰੀ ਗੁਰ ਤੀਰਥ ਸੰਗ੍ਰਹਿ ਅਤੇ ਮਾਲਵਾ ਇਤਿਹਾਸ ਵਿਚ ਵੀ ਆਇਆ ਹੈ। ਅੱਜ ਕੱਲ ਇੱਥੇ ਸੁੰਦਰ ਗੁਰਦੁਆਰਾ ਸਾਹਿਬ ਹੈ ਜਿਸ ਨਾਲ ਚਾਰ ਸੌ ਬਿਘੇ ਤੋਂ ਉੱਪਰ ਜ਼ਮੀਨ ਹੈ।

ਅਲੀ ਸ਼ੇਰ : ਪਿੰਡ ਅਲੀ ਸ਼ੇਰ ਪੰਧੇਰ ਤੋਂ ਛੇ ਕਿਲੋਮੀਟਰ ਦੱਖਣ ਵੱਲ ਸਥਿਤ ਹੈ। ਇਸ ਦੀ ਤਹਿਸੀਲ ਮਾਨਸਾ ਅਤੇ ਜ਼ਿਲਾ ਬਠਿੰਡਾ ਹੈ। ਗੁਰੂ ਸਾਹਿਬ ਪੰਧੇਰਾਂ ਤੋਂ ਆਉਂਦੇ ਹੋਏ ਇੱਧਰ ਆਏ ਸਨ। ਜਿਸ ਥਾਂ 'ਤੇ ਗੁਰੂ ਸਾਹਿਬ ਠਹਿਰੇ ਸਨ ਉੱਥੇ ਝਿੜੀ ਅਤੇ ਢਾਬ ਸੀ। ਇਸ ਦੇ ਨੇੜੇ ਉੱਚਾ ਟਿੱਬਾ ਸੀ। ਇਸ ਟਿੱਬੇ ਨੂੰ ਖਾਲਸਾ ਟਿੱਬਾ ਵੀ ਕਿਹਾ ਜਾਂਦਾ ਹੈ। ਇਸ ਥਾਂ 'ਤੇ ਪਿੱਛੋਂ ਗੁਰਦੁਆਰਾ ਉਸਾਰ ਦਿੱਤਾ ਗਿਆ ਸੀ। ਗੁਰਦੁਆਰੇ ਦੇ ਨੇੜੇ ਹੀ ਇਕ ਕਰੀਰ ਦਾ ਪੁਰਾਣਾ ਦਰਖੱਤ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਸਾਹਿਬ ਦੇ ਸਮੇਂ ਦਾ ਹੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ : "ਭੰਦੇਰ ਤੋਂ ਤਿੰਨ ਕੋਹ ਦੱਖਣ ਵੱਲ ਹੈ। ਇਸ ਥਾਂ ਸਤਿਗੁਰ ਤੇਗ ਬਹਾਦੁਰ ਜੀ ਨੇ ਚਰਣ ਪਾਏ ਸਨ। ਗੁਰਦੁਆਰਾ ਬਣਿਆ ਹੋਇਆ ਹੈ।"[116] ਸਾਖੀ ਪੋਥੀ ਵਿਚ ਵੀ ਅਸਪਸ਼ਟ ਜਿਹਾ ਜ਼ਿਕਰ ਇਸ ਥਾਂ ਦਾ ਆਇਆ ਹੈ।[117]

ਪੰਧੇਰ : ਪਿੰਡ ਪੰਧੇਰ ਢਿਲਵਾਂ ਤੋਂ 22 ਕਿਲੋਮੀਟਰ ਅਤੇ ਅਲੀਸ਼ੇਰ ਤੋਂ ਪੰਜ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਦੀ ਤਹਿਸੀਲ ਬਰਨਾਲਾ ਤੇ ਜ਼ਿਲਾ ਸੰਗਰੂਰ ਹੈ। ਪਿੰਡ ਪੰਧੇਰ ਵਿਖੇ ਇਕ ਘੁਮਿਆਰ ਸਿੱਖ ਸੀ ਜੋ ਸਿੱਖ ਧਰਮ ਦਾ ਪਰਚਾਰਕ ਸੀ। ਗੁਰੂ ਤੇਗ ਬਹਾਦੁਰ ਜੀ ਜਦੋਂ ਇਸ ਇਲਾਕੇ ਵਿਚ ਧਰਮ ਪਰਚਾਰ ਕਰ ਕੇ ਫਿਰ ਰਹੇ ਸਨ ਤਾਂ ਇਕ ਘੁਮਿਆਰ ਸਿੱਖ ਗੁਰੂ ਜੀ ਦੀ ਸੇਵਾ ਵਿਚ ਹਰ ਸਮੇਂ ਹਾਜ਼ਰ ਰਹਿੰਦਾ ਸੀ। ਉਸ ਦੀ ਸੇਵਾ ਤੋਂ ਹੀ ਪਰਸੰਨ ਹੋ ਕੇ ਗੁਰੂ ਜੀ ਉਸ ਦੇ ਘਰ ਆਏ ਸਨ ਅਤੇ ਉਸ ਦਾ ਹਾਲ ਚਾਲ ਪੁੱਛ ਕੇ ਅੱਗੇ ਚਲੇ ਗਏ ਸਨ। ਇਸੇ

ਘੁਮਿਆਰ ਸਿੱਖ ਦੇ ਘਰ ਹੀ ਗੁਰਦੁਆਰਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਇਕ ਖੂਹ ਹੈ। 1926 ਈ. ਵਿਚ ਇਹ ਗੁਰ ਅਸਥਾਨ ਆਪਸੀ ਰਜ਼ਾਮੰਦੀ ਨਾਲ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਨੇ ਆਪਣੇ ਪਰਬੰਧ ਹੇਠ ਲੈ ਲਿਆ ਸੀ। ਪੰਡਿਤ ਤਾਰਾ ਸਿੰਘ ਨਰੋਤਮ ਨੇ ਵੀ ਇਸ ਥਾਂ ਦਾ ਜ਼ਿਕਰ ਕੀਤਾ ਹੈ ਪਰ ਉਸ ਦੀ ਜਾਣਕਾਰੀ ਸਿੱਖ ਵਿਸ਼ਵਾਸ ਨਾਲ ਮੇਲ ਨਹੀਂ ਖਾਂਦੀ।[118] ਫੌਜਾ ਸਿੰਘ ਰਾਹੀਂ ਸੰਪਾਦਿਤ ਕੀਤੀ ਪੁਸਤਕ ਵਿਚ ਵੀ ਅਢੁੱਕਵੀਂ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।[119]

ਹੀਰੋਂ ਕਲਾਂ : ਪਿੰਡ ਹੀਰੋਂ ਕਲਾਂ, ਸ਼ਾਹਪੁਰ ਤੋਂ ਝਾੜੋਂ ਵਿਚੋਂ ਦੀ ਛੇ ਕਿਲੋਮੀਟਰ 'ਤੇ ਹੈ। ਇਸ ਦੇ ਗੁਆਂਢ ਵਿਚ ਕਣਕਵਾਲ ਪੰਜ ਕਿਲੋਮੀਟਰ ਅਤੇ ਗੰਡੂਆਂ ਸੱਤ ਕਿਲੋਮੀਟਰ 'ਤੇ ਹਨ। ਇੱਥੋਂ ਦਾ ਡਾਕਖਾਨਾ ਖਾਸ, ਥਾਣਾ ਭੀਖੀ, ਤਹਿਸੀਲ ਮਾਨਸਾ ਤੇ ਜ਼ਿਲਾ ਪਟਿਆਲਾ ਹੈ। ਇੱਥੇ ਜਦੋਂ ਗੁਰੂ ਤੇਗ ਬਹਾਦੁਰ ਜੀ ਆਏ ਸਨ ਤਾਂ ਉਹ ਪਿੰਡ ਦੇ ਬਾਹਰਵਾਰ ਦੱਖਣ ਵੱਲ ਤਕਰੀਬਨ ਡੇਢ ਕਿਲੋਮੀਟਰ ਦੀ ਦੂਰੀ 'ਤੇ ਬੈਠੇ ਸਨ। ਇੱਥੋਂ ਦੇ ਗੁਰਦੁਆਰੇ ਦਾ ਨਾਂ ਗੁਰਦੁਆਰਾ ਕੰਵਲਸਰ ਪਾਤਸ਼ਾਹੀ ਨੌਵੀਂ ਹੈ।

ਸ਼ਾਹਪੁਰ : ਪਿੰਡ ਸ਼ਾਹਪੁਰ ਸੁਨਾਮ-ਭੀਖੀ ਸੜਕ ਉੱਤੇ ਚੀਮਾਂ ਕਸਬੇ ਤੋਂ ਉੱਤਰ ਵੱਲ ਤਿੰਨ ਕੁ ਕਿਲੋਮੀਟਰ ਦੀ ਵਿੱਥ 'ਤੇ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ। ਇਸ ਦਾ ਡਾਕਖਾਨਾ ਖਾਸ, ਤਹਿਸੀਲ ਤੇ ਜ਼ਿਲਾ ਸੰਗਰੂਰ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਪਰਚਾਰ ਦੌਰਾ ਕਰਦੇ ਹੋਏ ਆਏ ਸਨ। ਉਨ੍ਹਾਂ ਦੀ ਯਾਦ ਵਿਚ ਪਿੰਡ ਦੇ ਵਿਚ ਹੀ ਗੁਰਦੁਆਰਾ ਹੈ। ਇਸ ਦੀ ਉਸਾਰੀ ਸੰਮਤ 1980 ਬਿ. ਮੁਤਾਬਕ ਸੰਨ 1923 ਈ. ਵਿਚ ਹੋਈ ਸੀ। ਗੁਰਦੁਆਰੇ ਦੇ ਨਾਲ ਹੀ ਜਦੋਂ ਸਰੋਵਰ ਦੀ ਪੁਟਾਈ ਕੀਤੀ ਜਾ ਰਹੀ ਸੀ ਤਾਂ ਵਿਚੋਂ ਇਕ ਥੜ੍ਹਾ ਨਿਕਲਿਆ ਸੀ। ਲੋਕ ਇਸ ਥੜ੍ਹੇ ਨੂੰ ਗੁਰੂ ਜੀ ਦੀ ਯਾਦ ਹੀ ਮੰਨਦੇ ਹਨ। ਭਾਈ ਕਾਨ੍ਹ ਸਿੰਘ ਨੇ ਇਸ ਦਾ ਜ਼ਿਕਰ ਇਉਂ ਕੀਤਾ ਹੈ: "ਪਿੰਡ ਤੋਂ ਪੂਰਬ ਵੱਲ ਪਾਸ ਹੀ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਪਹਿਲਾਂ ਕੇਵਲ ਮੰਜੀ ਸਾਹਿਬ ਸੀ ਹੁਣ ਸੰਮਤ 1980 ਵਿਚ ਨਗਰਵਾਸੀਆਂ ਵੱਲੋਂ ਦਰਬਾਰ ਬਣਨਾ ਆਰੰਭ ਹੋਇਆ ਹੈ।"[120]

ਕੱਟੂ : ਪਿੰਡ ਕੱਟੂ ਸੇਖੇ ਤੋਂ ਦੱਖਣ ਵੱਲ ਪੰਜ ਕਿਲੋਮੀਟਰ ਦੀ ਵਿੱਥ 'ਤੇ ਹੈ। ਗੁਰੂ ਸਾਹਿਬ ਸੇਖੇ ਤੋਂ ਇੱਥੇ ਆਏ ਸਨ। ਇੱਥੇ ਇਕ ਸੰਤ ਮਹਾਤਮਾ ਧਿਆਨ ਦਾਸ ਰਹਿੰਦਾ ਸੀ। ਉਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਸੀ। ਇੱਥੇ ਗੁਰੂ ਜੀ ਕਾਫੀ ਦਿਨ ਰਹੇ ਮਾਲੂਮ ਹੁੰਦੇ ਹਨ ਕਿਉਂਕਿ ਇੱਥੇ ਗੁਰੂ ਸਾਹਿਬ ਸਿੱਖ ਸੰਗਤਾਂ ਦੇ ਵੱਡੇ-ਵੱਡੇ ਦੀਵਾਨ ਲਗਾਉਂਦੇ ਸਨ। ਇਨ੍ਹਾਂ ਦੀਵਾਨਾਂ ਵਿਚ ਹੀ ਗੁਰੂ ਜੀ ਨੇ ਇਸ ਗੱਲ ਦਾ ਖੰਡਨ ਕੀਤਾ ਸੀ ਕਿ ਪਰਮਾਤਮਾ ਦੀ ਖੋਜ ਲਈ ਜੰਗਲਾਂ ਵਿਚ ਜਾਣ ਦੀ ਲੋੜ ਹੈ। ਪਰਮਾਤਮਾ ਤਾਂ ਵਿਅਕਤੀ ਦੇ ਹਰ ਸਮੇਂ ਅਤੇ ਹਰ ਥਾਂ ਨਾਲ ਹੀ ਰਹਿੰਦਾ ਹੈ।[121] ਇਸ ਕਰ ਕੇ ਉਸ ਨੂੰ ਆਪਣੇ ਦਿਲ ਵਿਚੋਂ ਹੀ ਖੋਜਣ ਦੀ ਲੋੜ ਹੈ :

ਕਾਹੇ ਰੇ ਬਨ ਖੋਜਨ ਜਾਈ।
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗ ਸਮਾਈ। ਰਹਾਉ ॥

ਇੱਥੇ ਹੀ ਕੁੰਭੜਵਾਲ ਦੀਆਂ ਸੰਗਤਾਂ ਇਕ ਬੀਬੀ ਦੀ ਅਗਵਾਈ ਹੇਠ ਦੁੱਧ ਲੈ ਕੇ ਪਹੁੰਚਦੀਆਂ ਹੁੰਦੀਆਂ ਸਨ। ਅੱਜ ਕੱਲ ਬਹੁਤ ਸੁੰਦਰ ਗੁਰਦੁਆਰਾ ਹੈ ਜਿਸ ਦਾ ਪਰਬੰਧ ਦਫਾ 87 ਅਧੀਨ ਸ਼ਰੋਮਣੀ ਕਮੇਟੀ ਪਾਸ ਹੈ।

ਧੌਲਾ : ਪਿੰਡ ਧੌਲਾ ਹੰਢਿਆਇਆ ਦੇ ਨੇੜੇ ਹੀ ਪੰਜ ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਦੀ ਤਹਿਸੀਲ ਬਰਨਾਲਾ ਅਤੇ ਜ਼ਿਲਾ ਸੰਗਰੂਰ ਹੈ। ਪਿੰਡ ਨੇੜੇ-ਨੇੜੇ ਹੋਣ ਕਰ ਕੇ ਗੁਰੂ ਸਾਹਿਬ ਇਕੋ ਸਮੇਂ ਸਭ ਪਿੰਡਾਂ ਵਿਚ ਵਿਚਰਦੇ ਰਹਿੰਦੇ ਸਨ। ਇਹ ਕਹਿਣਾ ਔਖਾ ਹੁੰਦਾ ਹੈ ਕਿ ਗੁਰੂ ਸਾਹਿਬ ਪਹਿਲਾਂ ਕਿਹੜੇ ਪਿੰਡ ਵਿਚ ਆਏ ਸਨ ਤੇ ਪਿੱਛੋਂ ਕਿਹੜੇ ਪਿੰਡ ਵਿਚ ਗਏ ਸਨ ਕਿਉਂਕਿ ਹੰਢਿਆਇਆ ਗਲਘੋਟੂ ਦੀ ਬਿਮਾਰੀ ਤੋਂ ਪੀੜਿਤ ਸੀ। ਇਸ ਲਈ ਧੌਲਾ ਵੀ ਜ਼ਰੂਰ ਹੀ ਅਜਿਹੀ ਗਰਿਫ਼ਤ ਵਿਚ ਫਸਿਆ ਹੋਵੇਗਾ। ਇੱਥੇ ਜਿਹੜਾ ਗੁਰਦੁਆਰਾ ਹੈ ਉਹ ਧੌਲਾ ਅਤੇ ਹੰਢਿਆਇਆ ਦੀ ਸਾਂਝੀ ਹੱਦ ਉੱਪਰ ਹੈ। ਹੁਣ ਇਹ ਗੁਰਦੁਆਰਾ ਸ਼ਰੋਮਣੀ ਕਮੇਟੀ ਪਾਸ ਹੈ। ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ : "ਧੌਲਾ ਪਿੰਡ ਤੋਂ ਵਾਯਵਾਂ ਕੋਣ ਵਿਚ ਦੋ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਕੱਚੀ ਮੰਜੀ ਸਾਹਿਬ ਪਾਸ ਇਕ ਰਿਹਾਇਸ਼ੀ ਮਕਾਨ ਹੈ।"[122]

ਹੰਢਿਆਇਆ : ਪਿੰਡ ਹੰਢਿਆਇਆ ਬਰਨਾਲਾ-ਮਾਨਸਾ ਸੜਕ ਉੱਪਰ ਬਰਨਾਲੇ ਤੋਂ ਛੇ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ। ਤਹਿਸੀਲ ਬਰਨਾਲਾ ਅਤੇ ਜ਼ਿਲਾ ਸੰਗਰੂਰ ਹੈ। ਜਦੋਂ ਗੁਰੂ ਸਾਹਿਬ ਇਸ ਇਲਾਕੇ ਵਿਚ ਧਰਮ ਪਰਚਾਰ ਕਰਦੇ ਸਨ ਤਾਂ ਗੁਰੂ ਜੀ ਦੀ ਮਹਿਮਾ ਚਾਰੇ ਪਾਸੇ ਫੈਲ ਗਈ ਸੀ। ਲੋਕਾਂ ਵਿਚ ਇਹ ਵਿਸ਼ਵਾਸ ਫੈਲ ਗਿਆ ਸੀ ਕਿ ਜਿਸ ਪਿੰਡ ਵਿਚ ਗੁਰੂ ਸਾਹਿਬ ਜਾਂਦੇ ਹਨ ਉੱਥੇ ਕੋਈ ਬਿਮਾਰੀ ਨਹੀਂ ਪੈਂਦੀ। ਜਿਵੇਂ ਕਿ ਪਿੱਛੇ ਦੇਖਿਆ ਹੈ ਕਿ ਕਈ ਪਿੰਡਾਂ ਵਿਚ ਗੁਰੂ ਜੀ ਨੇ ਲੋਕਾਂ ਵਿਚ ਫੈਲੀਆਂ ਬਿਮਾਰੀਆਂ ਦਾ ਇਲਾਜ ਕੀਤਾ ਸੀ। ਹੰਢਿਆਇ ਵੀ ਇਕ ਵਿਸ਼ੇਸ਼ ਕਿਸਮ ਦੀ ਗਲਘੋਟੂ ਬਿਮਾਰੀ ਫੈਲੀ ਹੋਈ ਸੀ। ਇਸ ਕਰਕੇ ਹੰਢਿਆਇ ਦੇ ਲੋਕ ਗੁਰੂ ਜੀ ਨੂੰ ਇੱਥੇ ਲੈ ਕੇ ਆਏ ਸਨ। ਗੁਰੂ ਜੀ ਨੇ ਲੋਕਾਂ ਦਾ ਇਲਾਜ ਕੀਤਾ। ਜਿੱਥੇ ਗੁਰੂ ਸਾਹਿਬ ਆ ਕੇ ਬੈਠੇ ਸਨ ਉੱਥੇ ਟਾਹਲੀਆਂ ਦਾ ਇਕ ਸੰਘਣਾ ਝੁੰਡ ਸੀ। ਇੱਥੇ ਹੀ ਕੁੰਭੜਵਾਲ ਦੀ ਸੰਗਤ ਆ ਕੇ ਟਹਿਲ ਸੇਵਾ ਕਰਦੀ ਸੀ।[123] ਇੱਥੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ : "ਇਸ ਥਾਂ ਨੌਵੇਂ ਸਤਿਗੁਰੂ ਵਿਰਾਜੇ ਹਨ। ਤਾਪ ਨਾਲ ਦੁੱਖੀ ਹੋਏ ਇਕ ਰੋਗੀ ਨੂੰ ਟੋਭੇ ਵਿਚ ਨੁਵਾ ਕੇ ਅਰੋਗ ਕੀਤਾ ਜਿਸ ਦਾ ਨਾਉਂ ਹੁਣ ਗੁਰੂਸਰ ਹੈ। ਮਹਾਰਾਜਾ ਕਰਮ ਸਿੰਘ ਪਟਿਆਲਾ ਪਤੀ ਨੇ ਸੁੰਦਰ ਗੁਰਦੁਆਰਾ ਬਣਾਇਆ ਹੈ। 250 ਘੁਮਾਉਂ ਜ਼ਮੀਨ ਰਿਆਸਤ ਵੱਲੋਂ ਜਾਗੀਰ ਹੈ।"[124]

ਸੋਹੀਵਾਲ : ਪਿੰਡ ਸੋਹੀਵਾਲ ਬਰਨਾਲਾ-ਤਪਾ ਸੜਕ ਉੱਤੇ ਦਸ ਕਿਲੋਮੀਟਰ ਬਰਨਾਲੇ ਤੋਂ ਦੂਰ ਹੈ। ਧੌਲੇ ਤੋਂ ਛੇ ਕਿਲੋਮੀਟਰ ਹੈ। ਜਿੱਥੇ ਗੁਰੂ ਸਾਹਿਬ ਆ ਕੇ ਠਹਿਰੇ ਸਨ, ਉੱਥੇ ਇਕ ਢਾਬ ਅਤੇ ਜੰਡਾਂ ਕਰੀਰਾਂ ਦਾ ਸੰਘਣਾ ਝੁੰਡ ਸੀ। ਇਹ ਦਰਖੱਤ ਹੁਣ ਵੀ ਹਨ। ਗੁਰਦੁਆਰੇ ਦੀ ਸੇਵਾ ਰਾਮਦਾਸੀਏ ਸਿੱਖ ਕਰਦੇ ਹਨ ਪਰ ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦੇ ਵਿਰਾਜਣ ਵਾਲੀ ਜਗਾਹ ਉੱਪਰ ਗੁਰਦੁਆਰਾ ਨਹੀਂ ਹੈ।[125] ਸਾਖੀ ਪੋਥੀ ਵਿਚ ਸਿਰਫ ਇੰਨਾਂ ਹੀ ਲਿਖਿਆ ਹੈ ਕਿ "ਗੁਰੂ ਜੀ ਨੇ ਮੁੜ ਕੇ ਸੁਚੇਤਾ ਸੋਹੀਵਾਲ ਕੀਤਾ।"[126]

ਰੂੜੇ ਕਲਾਂ : ਪਿੰਡ ਰੂੜੇ ਕਲਾਂ ਬਰਨਾਲਾ-ਮਾਨਸਾ ਸੜਕ ਉੱਪਰ ਬਰਨਾਲੇ ਤੋਂ ਗਿਆਰਾਂ ਮੀਲ ਤੇ ਹੰਢਿਆਇ ਤੋਂ ਸੱਤ ਮੀਲ ਉੱਤਰ ਵੱਲ ਹੈ। ਇਸ ਦੀ ਤਹਿਸੀਲ ਬਰਨਾਲਾ ਤੇ ਜ਼ਿਲਾ ਸੰਗਰੂਰ ਹੈ। ਇੱਥੇ ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਯਾਦ ਵਿਚ ਗੁਰਦੁਆਰਾ ਸਥਿਤ ਹੈ। ਗੁਰਦੁਆਰੇ ਵਾਲੀ ਥਾਂ 'ਤੇ ਪਹਿਲਾਂ ਇਕ ਭਾਰੀ ਕਿਲਾ ਅਤੇ ਡੂੰਘੀ ਢਾਬ ਹੁੰਦੀ ਸੀ। ਇਸ ਢਾਬ

ਨੂੰ ਇੱਥੋਂ ਦੇ ਲੋਕ ਪਹਿਲਾਂ ਤੋਂ ਹੀ ਗੁਰੂ ਸਰ ਢਾਬ ਕਹਿੰਦੇ ਹੁੰਦੇ ਸਨ। ਵੈਸੇ ਇਸ ਤੋਂ ਨੇੜਲੇ ਇਕ ਹੋਰ ਪਿੰਡ ਦੁਨੇ ਕੇ ਕੋਟ ਦੀ ਢਾਬ ਨੂੰ ਵੀ ਗੁਰੂ ਸਰ ਢਾਬ ਕਹਿੰਦੇ ਹਨ। ਪਿਛਲੇ ਕੁਝ ਹੀ ਸਾਲਾਂ ਤੋਂ ਪਿੰਡ ਦੀਆਂ ਸੰਗਤਾਂ ਦੇ ਉਦਮ ਨਾਲ ਪਿੰਡ ਰੂੜੇਕਿਆਂ ਦਾ ਗੁਰਦੁਆਰਾ ਬਣਿਆ ਹੈ।

ਦੁੱਲਮੀ ਕੀ : ਪਿੰਡ ਦੁੱਲਮੀ ਕੀ ਢਿਲਵਾਂ ਤੋਂ ਪੰਜ ਕਿਲੋਮੀਟਰ ਦੀ ਦੂਰੀ 'ਤੇ ਛੋਟਾ ਜਿਹਾ ਪਿੰਡ ਹੈ। ਇਹ ਤਪਾ ਢਿਲਵਾਂ ਪੱਖੋ ਸੜਕ ਨਾਲ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ। ਇਥੇ ਗੁਰੂ ਸਾਹਿਬ ਢਿਲਵਾਂ ਰਹਿੰਦੇ ਹੋਏ ਆਇਆ ਕਰਦੇ ਸਨ। ਉਨ੍ਹਾਂ ਦੀ ਯਾਦ ਵਿਚ ਇੱਥੇ ਪੁਰਾਣੀ ਢਾਬ ਦੇ ਕਿਨਾਰੇ ਛੋਟਾ ਜਿਹਾ ਗੁਰਦੁਆਰਾ ਹੈ ਅਤੇ ਨਾਲ ਲਗਵੀਂ ਇਕ ਛੋਟੀ ਜਿਹੀ ਖੂਹੀ ਵੀ ਹੈ। ਇਕ ਪੁਰਾਣੀ ਬੇਰੀ ਦਾ ਦਰੱਖਤ ਹੈ, ਜਿਸ ਨੂੰ ਗੁਰੂ ਸਾਹਿਬ ਦੇ ਸਮੇਂ ਦੇ ਦੱਸਿਆ ਜਾਂਦਾ ਹੈ। ਮੁਰੱਬਾ ਬੰਦੀ ਵੇਲੇ ਹੀ ਗੁਰਦੁਆਰੇ ਦਾ ਵਰਤਮਾਨ ਸਰੂਪ ਹੋਂਦ ਵਿਚ ਆਇਆ ਸੀ। ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ : "ਇਸ ਪਿੰਡ ਤੋਂ ਚੜ੍ਹਦੇ ਵੱਲ ਅੱਧ ਮੀਲ ਦੇ ਕਰੀਬ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਢਿਲਵੀ ਨਿਵਾਸ ਰੱਖਦੇ ਹੋਏ ਇੱਥੇ ਲੋਕਾਂ ਦੇ ਕਲਯਾਣ ਹਿਤ ਆ ਕੇ ਕੁਝ ਸਮਾਂ ਵਿਰਾਜੇ ਹਨ।"[127]

ਪਿੰਡ ਦੁੱਲਮੀ ਕੀ ਦੇ ਗੁਰਦੁਆਰੇ ਤੋਂ ਤਿੰਨ ਕੁ ਫਰਲਾਂਗ ਦੀ ਵਿੱਥ 'ਤੇ ਉੱਤਰ ਵੱਲ ਇਕ ਹੋਰ ਗੁਰਦੁਆਰਾ ਹੈ ਜਿਸ ਦਾ ਨਾਂ ਦਾਤਨਸਰ ਹੈ। ਇਸ ਦੇ ਨਾਲ ਹੀ ਇਕ ਛੋਟਾ ਜਿਹਾ ਸਰੋਵਰ ਹੈ। ਇਹ ਸੂਏ ਦੇ ਉੱਪਰ ਹੈ।

ਢਿਲਵਾਂ : ਪਿੰਡ ਢਿਲਵਾਂ ਅਤੇ ਮੌੜ ਨੇੜੇ-ਨੇੜੇ ਹੀ ਹੋਣ ਕਰ ਕੇ ਇਕੋ ਸੰਯੁਕਤ ਨਾਂ ਢਿਲਵਾਂ ਮੌੜ ਨਾਲ ਹੀ ਪੁਕਾਰੇ ਜਾਂਦੇ ਹਨ। ਬਰਨਾਲੇ ਤੋਂ ਤਪੇ ਵਿਚੋਂ ਦੀ ਜੋ ਸੜਕ ਪੱਖੋ ਨੂੰ ਜਾਂਦੀ ਹੈ ਢਿਲਵਾਂ ਮੌੜ ਉਸ ਉੱਪਰ ਸਥਿਤ ਹਨ। ਇਸ ਦੀ ਤਹਿਸੀਲ ਬਰਨਾਲਾ ਤੇ ਜ਼ਿਲਾ ਸੰਗਰੂਰ ਹੈ। ਢਿਲਵਾਂ ਵਿਖੇ ਇਕ ਮਧੋਅ ਨਾਮੀ ਸਿੱਖ ਗੁਰੂ ਘਰ ਦਾ ਪਰਚਾਰਕ ਸੀ। ਜਦੋਂ ਗੁਰੂ ਤੇਗ ਬਹਾਦੁਰ ਜੀ ਇੱਥੇ ਧਰਮ ਪਰਚਾਰ ਕਰ ਰਹੇ ਸਨ ਤਾਂ ਮਧੋਅ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਗੁਰੂ ਜੀ ਨੂੰ ਲਿਆਉਣ ਲਈ ਗਿਆ ਸੀ। ਇੱਥੇ ਆ ਕੇ ਗੁਰੂ ਸਾਹਿਬ ਕਾਫੀ ਸਮਾਂ ਠਹਿਰੇ ਸਨ। ਅਸਲ ਵਿਚ ਢਿਲਵਾਂ ਪਿੰਡ ਵਿਖੇ ਗੁਰੂ ਜੀ ਨੇ ਆਪਣਾ ਮੁੱਖ ਡੇਰਾ ਰੱਖਿਆ ਹੋਇਆ ਸੀ ਅਤੇ ਇੱਥੋਂ ਆਲੇ ਦੁਆਲੇ ਦੇ ਪਿੰਡਾਂ ਵਿਚ ਧਰਮ ਪਰਚਾਰ ਕਰਨ ਜਾਂਦੇ ਸਨ। ਪੁਰਾਣੀਆਂ ਪੁਸਤਕਾਂ ਜਿਵੇਂ ਕਿ ਸਾਖੀ ਪੋਥੀ ਜਾਂ ਸ੍ਰੀ ਗੁਰੂ ਤੀਰਥ ਸੰਗ੍ਰਹਿ ਵਿਚ ਕੁਝ ਅਢੁੱਕਵੀਆਂ ਗੱਲਾਂ ਗੁਰੂ ਜੀ ਨਾਲ ਜੋੜੀਆਂ ਗਈਆਂ ਹਨ ਜੋ ਤਰਕਹੀਣ ਤਾਂ ਹੈਣ ਹੀ ਸਗੋਂ ਸਿੱਖ ਵਿਚਾਰਧਾਰਾ ਦੇ ਵੀ ਵਿਰੁੱਧ ਹਨ। ਜਿਵੇਂ ਕਿ ਇੱਥੇ ਗੁਰੂ ਜੀ ਵੱਲੋਂ ਇਕੱਤਰ ਸੌ ਗਊਆਂ ਪਾਂਡਿਆ ਨੂੰ ਦਾਨ ਕੀਤੀਆਂ ਸਨ। ਹੁਣ ਦੇਖਿਆ ਜਾਵੇ ਕਿ ਇਕ ਸੌ ਇਕ ਗਊਆਂ ਪਾਂਡਿਆਂ ਨੂੰ ਦਾਨ ਕਰਨ ਵਿਚ ਤਰਕ, ਦਲੀਲ ਜਾਂ ਵਿਚਾਰਧਾਰਾ ਦੀ ਕੋਈ ਗੱਲ ਹੈ ? ਗੁਰੂ ਜੀ ਤਾਂ ਇੱਥੇ ਲੋਕਾਂ ਨੂੰ ਬਰਾਹਮਣਾਂ, ਸਰਵਰੀਆਂ, ਬੈਰਾਗੀਆਂ ਅਤੇ ਸੰਨਿਆਸੀਆਂ ਵੱਲੋਂ ਫੈਲਾਏ ਗਏ ਭਰਮ-ਜਾਲਾਂ ਵਿਚੋਂ ਮੁਕਤ ਕਰਾਉਣ ਲਈ ਫਿਰ ਰਹੇ ਸਨ। ਫਿਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਗੁਰੂ ਤੇਗ ਬਹਾਦੁਰ ਜੀ ਦੀ ਸਾਰੀ ਬਾਣੀ ਵਿਚ ਗਊਆਂ ਪੁੰਨ ਕਰਨ ਦੇ ਸੰਬੰਧ ਵਿਚ ਇਸ਼ਾਰਾ ਮਾਤਰ ਜਾਣਕਾਰੀ ਵੀ ਨਹੀਂ ਹੈ। ਇਸੇ ਤਰ੍ਹਾਂ ਇੱਥੇ ਸੂਰਜ ਗ੍ਰਹਿਣ ਦੀ ਗੱਲ ਵੀ ਗੁਰੂ ਜੀ ਨਾਲ ਜੋੜੀ ਜਾਂਦੀ ਹੈ ਜਿਸਦਾ ਕੋਈ ਆਧਾਰ ਨਹੀਂ ਹੈ।

ਭਾਈ ਕਾਨ੍ਹ ਸਿੰਘ ਨੇ ਇਸ ਦਾ ਜ਼ਿਕਰ ਇਉਂ ਕੀਤਾ ਹੈ : ਢਿਲਵਾਂ ਰਿਆਸਤ ਨਾਭਾ,

ਨਜ਼ਾਮਤ ਫੂਲ, ਤਸੀਲ ਅਤੇ ਥਾਣਾ ਧਨੌਲਾਂ ਵਿਚ ਇਕ ਪਿੰਡ ਹੈ, ਜੋ ਨਾਭੇ ਅਤੇ ਪਟਿਆਲੇ ਦੋਹਾਂ ਰਿਆਸਤਾਂ ਦਾ ਸਾਂਝਾ ਹੈ। ਨਾਭਾ ਪੱਤੀ ਦੀ ਹੱਦ ਵਿਚ ਦੋ ਗੁਰਦੁਆਰੇ ਹਨ : ਇਕ ਪਿੰਡ ਤੋਂ ਅਗਨਿ ਕੋਣ ਇਕ ਮੀਲ ਦੇ ਕਰੀਬ, ਜਿੱਥੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਧੌਲੇ ਤੋਂ ਆਉਂਦੇ ਪੰਜ ਇਸ਼ਨਾਨਾਂ ਕਰ ਕੇ ਥੋੜ੍ਹਾ ਸਮਾਂ ਆਰਾਮ ਕੀਤਾ। ਇੱਥੇ ਕੇਵਲ ਮੰਜੀ ਸਾਹਿਬ ਬਣਿਆ ਹੋਇਆ ਹੈ, ਸੇਵਾਦਾਰ ਕੋਈ ਨਹੀਂ। ਰਿਆਸਤ ਨਾਭੇ ਵੱਲੋਂ 12 ਰੁਪਏ ਸਾਲਾਨਾ ਧੂਪ ਦੀਪ ਦੇ ਖਰਚ ਲਈ ਲੱਗੇ ਹੋਏ ਹਨ। ਦੂਜਾ, ਪਿੰਡ ਤੋਂ ਦੱਖਣ ਵੱਲ ਇਕ ਫਰਲਾਂਗ ਪੁਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਹੈ, ਜਿੱਥੇ ਗੁਰੂ ਸਾਹਿਬ ਨੇ ਕਈ ਦਿਨ ਨਿਵਾਸ ਕੀਤਾ। ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਪਾਸ ਮਕਾਨ ਭੀ ਹਨ। 35 ਘੁਮਾਉਂ ਜ਼ਮੀਨ ਰਿਆਸਤ ਨਾਭੇ ਵੱਲੋਂ, 15 ਘੁਮਾਉਂ ਜ਼ਮੀਨ ਬਾਬਾ ਖੁਸ਼ਹਾਲ ਸਿੰਘ ਵੱਲੋਂ ਅਤੇ 10 ਘੁਮਾਉਂ ਜ਼ਮੀਨ ਪਿੰਡ ਵੱਲੋਂ ਹੈ। ਰੇਲਵੇ ਸਟੇਸ਼ਨ ਤਪੇ ਤੋਂ ਤਿੰਨ ਮੀਲ ਈਸਾਨ ਕੋਣ ਹੈ।"[128]

ਫਰਵਾਹੀ : ਪਿੰਡ ਫਰਵਾਹੀ ਬਰਨਾਲੇ ਤੋਂ ਦੱਖਣ-ਪੂਰਬ ਵੱਲ ਪੰਜ ਕਿਲੋਮੀਟਰ ਦੀ ਦੂਰੀ 'ਤੇ ਹੈ। ਪਹਿਲਾਂ ਇਹ ਪਟਿਆਲਾ ਰਿਆਸਤ ਵਿਚ ਸੀ। ਜਦੋਂ ਗੁਰੂ ਸਾਹਿਬ ਇੱਥੇ ਆਏ ਸਨ ਤਾਂ ਇੱਥੇ ਹੈਜੇ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਜੀ ਨੇ ਸਿੱਖ ਸੇਵਾਦਾਰਾਂ ਦੀ ਡਿਊਟੀ ਲਗਾਈ ਸੀ ਕਿ ਉਹ ਹੈਜੇ ਤੋਂ ਪੀੜਤ ਲੋਕਾਂ ਦੀ ਮੱਦਦ ਕਰਨ। ਇਸ ਮਕਸਦ ਲਈ ਗੁਰੂ ਸਾਹਿਬ ਦੇਸੀ ਦਵਾਈ ਵੀ ਵੰਡਦੇ ਸਨ। ਇਸ ਸ਼ਰਧਾ ਵੱਲੋਂ ਇੱਥੇ ਦੇ ਲੋਕ ਗੁਰੂ ਸਾਹਿਬ ਦੇ ਬਿਰਾਜਣ ਵਾਲੀ ਜਗਾਹ ਕੋਲ ਜੋ ਢਾਬ ਸੀ ਉਸ ਦੇ ਪਾਣੀ ਨੂੰ ਪਵਿੱਤਰ ਕਰ ਕੇ ਜਾਣਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਗੁਰੂ ਜੀ ਦੀ ਮਿਹਰ ਕਰ ਕੇ ਹੀ ਇੱਥੇ ਹੈਜੇ ਦੀ ਬਿਮਾਰੀ ਤੋਂ ਰਾਹਤ ਮਿਲੀ ਸੀ। ਅੱਜ ਕੱਲ ਇੱਥੇ ਜੋ ਗੁਰਦੁਆਰਾ ਹੈ ਉਸ ਦਾ ਪਰਬੰਧ ਸ਼ਰੋਮਣੀ ਕਮੇਟੀ ਪਾਸ ਹੈ। ਭਾਈ ਕਾਨ੍ਹ ਸਿੰਘ ਨੇ ਇਸ ਬਾਰੇ ਲਿਖਿਆ ਹੈ : "ਇਸ ਪਿੰਡ ਤੋਂ ਦੱਖਣ-ਪੂਰਬ ਪਾਸੇ ਹੀ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦਾ ਗੁਰਦੁਆਰਾ ਹੈ। ਸਤਿਗੁਰੂ ਇਕ ਰਾਤ ਇੱਥੇ ਵਿਰਾਜੇ ਸਨ। ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ।"[129]

ਸੇਖਾ : ਪਿੰਡ ਸੇਖਾ ਧੂਰੀ ਬਰਨਾਲਾ ਸੜਕ ਉੱਪਰ ਧੂਰੀ ਤੋਂ 17 ਕਿਲੋਮੀਟਰ ਦੀ ਵਿੱਥ ਤੇ ਹੈ। ਇਸ ਦਾ ਡਾਕਖਾਨਾ ਖਾਸ, ਤਹਿਸੀਲ ਬਰਨਾਲਾ ਤੇ ਜ਼ਿਲਾ ਸੰਗਰੂਰ ਹੈ। ਇੱਥੇ ਜਦੋਂ ਗੁਰੂ ਤੇਗ ਬਹਾਦੁਰ ਜੀ ਆਏ ਸਨ ਤਾਂ ਉਨ੍ਹਾਂ ਦਾ ਡੇਰਾ ਇੱਥੋਂ ਦੇ ਬੈਰਾਗੀ ਸੰਤਾਂ ਦੇ ਡੇਰੇ ਦੇ ਨੇੜੇ ਹੀ ਇਕ ਉੱਚੇ ਟਿੱਬੇ ਉੱਪਰ ਸੀ। ਇੱਥੋਂ ਦੇ ਲੋਕ ਜਵੰਧਾ ਗੋਤ ਦੇ ਜੱਟ ਸਨ ਅਤੇ ਉਨ੍ਹਾਂ ਦਾ ਸਰਦਾਰ ਤਿਰਲੋਕਾ ਸੀ। ਇਹ ਵੀ ਪਤਾ ਲਗਦਾ ਹੈ ਕਿ ਇੱਥੋਂ ਆਲੇ ਦੁਆਲੇ ਜਵੰਧਿਆਂ ਦੇ ਬਾਈ ਪਿੰਡ ਸਨ। ਇਹ ਲੋਕ ਭਾਵੇਂ ਬੈਰਾਗੀ ਮੱਤ ਦੇ ਧਾਰਨੀ ਸਨ ਪਰ ਗੁਰੂ ਸਾਹਿਬ ਨੇ ਇਨ੍ਹਾਂ ਵਿਚ ਸਿੱਖ ਧਰਮ ਦਾ ਪਰਚਾਰ ਕਰ ਕੇ ਇਨ੍ਹਾਂ ਨੂੰ ਸਿੱਖ ਬਣਾ ਲਿਆ ਸੀ ਜਿਸ ਤੋਂ ਬੈਰਾਗੀ ਸੰਤ ਬਹੁਤ ਦੁੱਖੀ ਸਨ। ਭਾਵੇਂ ਪਿੰਡ ਦਾ ਮੁੱਖੀ ਤਿਰਲੋਕਾ ਬੈਰਾਗੀ ਸੰਤਾਂ ਨਾਲ ਹੀ ਰਿਹਾ ਸੀ ਪਰ ਸਾਰੇ ਇਲਾਕੇ ਦੇ ਜਵੰਧੇ ਜੱਟ ਸਾਰੇ ਹੀ ਸਿੱਖ ਬਣ ਗਏ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਵਰ ਦਿੱਤਾ ਸੀ ਕਿ ਉਹ ਜਿੱਥੇ ਵੀ ਜਾ ਕੇ ਵਸਣਗੇ ਉੱਥੇ ਹੀ ਬਹੁਤ ਵਧਣ ਫੂਲਣਗੇ। ਅੱਜ ਕੱਲ ਸੇਖਾ ਵਿਖੇ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਨੌਵੀਂ ਹੈ। ਇਸ ਦਾ ਪਰਬੰਧ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਪਾਸ ਹੈ।

ਜਹਾਂਗੀਰਪੁਰ : ਪਿੰਡ ਜਹਾਂਗੀਰਪੁਰ ਜਾਂ ਜਹਾਂਗੀਰਾ ਬੱਬਨਪੁਰ ਦੇ ਨੇੜੇ ਹੀ ਤਿੰਨ ਕੁ

ਕਿਲੋਮੀਟਰ ਦੀ ਵਿੱਥ 'ਤੇ ਹੈ। ਬੰਬਾਲ ਅਤੇ ਘਨੌਰ ਪਿੰਡਾਂ ਦੀ ਸਾਂਝੀ ਜ਼ਮੀਨ ਉੱਪਰ ਜਹਾਂਗੀਰਾ ਪਿੰਡ ਵਸਿਆ ਹੋਇਆ ਹੈ ਜਿਸ ਸਮੇਂ ਗੁਰੂ ਤੇਗ ਬਹਾਦੁਰ ਜੀ ਇੱਥੇ ਵਿਚਰ ਰਹੇ ਸਨ ਭਾਵੇਂ ਉਸ ਸਮੇਂ ਜਹਾਂਗੀਰਪੁਰ ਪਿੰਡ ਵਸਿਆ ਨਹੀਂ ਸੀ ਪਰ ਪਿੱਛੋਂ ਇਹ ਪਿੰਡ ਗੁਰੂ ਜੀ ਦੀ ਠਹਿਰਣ ਵਾਲੀ ਥਾਂ ਦੇ ਨੇੜੇ ਹੀ ਵੱਸ ਗਿਆ ਸੀ। ਜਿੱਥੇ ਗੁਰੂ ਸਾਹਿਬ ਠਹਿਰੇ ਸਨ ਇੱਥੇ ਬਹੁਤ ਸੰਘਣਾ ਝਾੜ ਰੱਖਿਆ ਹੋਇਆ ਸੀ। ਇਸ ਦੇ ਨਾਲ ਹੀ ਇਕ ਢਾਬ ਵੀ ਸੀ। ਇੱਥੇ ਗੁਰੂ ਸਾਹਿਬ ਨੇ ਇਲਾਕੇ ਦੀਆਂ ਸੰਗਤਾਂ ਦੀ ਪਾਣੀ ਦੀ ਕਿੱਲਤ ਦੂਰ ਕਰਨ ਲਈ ਇਕ ਖੂਹ ਵੀ ਲਗਵਾਇਆ ਸੀ। ਇੱਥੋਂ ਦਾ ਇਕ ਘੁਨਾ ਜਿੰਮੀਦਾਰ ਗੁਰੂ ਘਰ ਦਾ ਸ਼ਰਧਾਲੂ ਸੀ ਜਿਹੜਾ ਗੁਰੂ ਸਾਹਿਬ ਸਮੇਂ ਇਸ ਇਲਾਕੇ ਵਿਚ ਧਰਮ ਪਰਚਾਰ ਕਰਦਾ ਸੀ। ਇੱਥੇ ਗੁਰਦੁਆਰਾ 1925 ਵਿਚ ਬਣਾਇਆ ਗਿਆ ਹੈ। ਪਹਿਲਾਂ ਇਸ ਝਾੜ ਦੀ ਵੈਸੇ ਹੀ ਮੰਨਤਾ ਹੁੰਦੀ ਸੀ ਅਤੇ ਜੰਡ ਦੇ ਦਰੱਖਤ ਉੱਤੇ ਹੀ ਨਿਸ਼ਾਨ ਸਾਹਿਬ ਠਹਿਰਾਇਆ ਹੋਇਆ ਸੀ।

ਬੱਬਨਪੁਰ : ਪਿੰਡ ਬੱਬਨਪੁਰ ਸੰਗਰੂਰ-ਧੂਰੀ-ਮਾਲੇਰਕੋਟਲਾ ਸੜਕ ਉੱਪਰ ਧੂਰੀ ਤੋਂ ਪੰਜ ਕਿਲੋਮੀਟਰ ਅੱਗੇ ਅਤੇ ਇੱਥੋਂ ਦਸ ਕਿਲੋਮੀਟਰ ਮਾਲੇਰਕੋਟਲਾ ਅੱਗੇ ਰਹਿ ਜਾਂਦਾ ਹੈ। ਇਸ ਦਾ ਡਾਕਖਾਨਾ ਭਸੌੜ, ਤਹਿਸੀਲ ਮਾਲੇਰਕੋਟਲਾ ਤੇ ਜ਼ਿਲਾ ਸੰਗਰੂਰ ਹੈ। ਧੂਰੀ-ਮਾਲੇਰਕੋਟਲਾ ਸੜਕ ਉੱਪਰ ਨਹਿਰ ਦੇ ਬੱਬਨਪੁਰ ਵਾਲੇ ਪੁਲ ਬਹੁਤ ਮਸ਼ਹੂਰ ਹਨ। ਇਸ ਇਲਾਕੇ ਵਿਚ ਵਿਚਰਦੇ ਹੋਏ ਗੁਰੂ ਤੇਗ ਬਹਾਦੁਰ ਜੀ ਪਿੰਡ ਬੱਬਨਪੁਰ ਵੀ ਪਿੰਡ ਦੀਆਂ ਸੰਗਤਾਂ ਨੂੰ ਧਰਮ ਉੱਪਰ ਉਪਦੇਸ਼ ਦੇਣ ਆਏ ਸਨ। ਪਿੰਡ ਦੇ ਬਾਹਰ ਵਾਰ ਦੱਖਣ ਵੱਲ ਦੋ ਕੁ ਫਰਲਾਂਗ ਦੀ ਵਿੱਥ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸਥਿਤ ਹੈ। ਇੱਥੋਂ ਦੇ ਪਵਿੱਤਰ ਸਰੋਵਰ ਦੀ ਨੀਂਹ ਮਾਲੇਰਕੋਟਲਾ ਦੇ ਨਵਾਬ ਇਫ਼ਤਖਾਰ ਖਾਂ ਨੇ ਰੱਖੀ ਸੀ। ਲੋਕਾਂ ਦੀ ਸ਼ਰਧਾ ਹੈ ਕਿ ਇਸ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਹਿਰਦਾ ਸ਼ੁੱਧ ਹੋ ਜਾਂਦਾ ਹੈ।

ਰਾਜੋਮਾਜਰਾ : ਰਾਜੋਮਾਜਰਾ, ਕਾਂਝਲਾ, ਕੱਟੂ, ਮੂਲੋਵਾਲ ਆਦਿ ਇਹ ਸਾਰੇ ਪਿੰਡ ਨੇੜੇ-ਨੇੜੇ ਹੀ ਹਨ। ਇਹ ਕਹਿਣਾ ਔਖਾ ਹੈ ਕਿ ਗੁਰੂ ਤੇਗ ਬਹਾਦੁਰ ਜੀ ਕਿੱਥੇ ਪਹਿਲਾਂ ਆਏ ਅਤੇ ਕਿੱਥੇ ਪਿੱਛੋਂ। ਅਸਲ ਵਿਚ ਇਸ ਇਲਾਕੇ ਵਿਚ ਗੁਰੂ ਸਾਹਿਬ ਕਾਫੀ ਸਮਾਂ ਠਹਿਰੇ ਮਾਲੂਮ ਹੁੰਦੇ ਹਨ। ਰਾਜੋਮਾਜਰਾ ਧੂਰੀ ਤੋਂ ਛੇ ਮੀਲ ਅਤੇ ਮੂਲੋਵਾਲ ਤੋਂ ਚਾਰ ਮੀਲ ਦੀ ਦੂਰੀ 'ਤੇ ਹੈ। ਇਸ ਦੀ ਤਹਿਸੀਲ ਮਾਲੇਰਕੋਟਲਾ ਅਤੇ ਜ਼ਿਲਾ ਸੰਗਰੂਰ ਹੈ। ਇੱਥੇ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ ਹੈ। ਮਹਾਰਾਜਾ ਕਰਮ ਸਿੰਘ ਨੇ ਇੱਥੇ ਸਭ ਤੋਂ ਪਹਿਲਾਂ ਗੁਰਦੁਆਰਾ ਬਣਵਾਇਆ ਸੀ। ਫਿਰ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਆਪਣੇ ਇਕ ਸੇਵਾਦਾਰ ਨੂੰ ਇੱਥੇ ਛੱਡ ਦਿੱਤਾ ਸੀ ਜਿਹੜਾ ਇੱਥੇ ਸੇਵਾ ਕਰਦਾ ਰਿਹਾ ਸੀ। ਭਾਈ ਕਾਨ੍ਹ ਸਿੰਘ ਲਿਖਦੇ ਹਨ : "ਇਸ ਪਿੰਡ ਤੋਂ ਉੱਤਰ-ਪੂਰਬ ਪਾਸੇ ਹੀ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਵਿਰਾਜੇ ਸਨ। ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ। ਵੀਹ ਬਿਘੇ ਜ਼ਮੀਨ ਪਿੰਡ ਵੱਲੋਂ ਹੈ।"[130]

ਕਾਂਝਲਾ : ਪਿੰਡ ਕਾਂਝਲਾ ਸੰਗਰੂਰ ਤੋਂ ਛੇ ਮੀਲ ਅਤੇ ਧੂਰੀ ਤੋਂ ਸਾਢੇ ਅੱਠ ਮੀਲ ਦੀ ਦੂਰੀ 'ਤੇ ਹੈ। ਇਸ ਦੀ ਤਹਿਸੀਲ ਮਾਲੇਰਕੋਟਲਾ ਤੇ ਜ਼ਿਲਾ ਸੰਗਰੂਰ ਹੈ। ਇੱਥੇ ਤਿੰਨ ਗੁਰੂ ਸਾਹਿਬਾਨ ਆਏ ਸਨ : ਗੁਰੂ ਨਾਨਕ ਦੇਵ ਜੀ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦੁਰ ਜੀ। ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਪਿੰਡ ਜਾਂ ਇੱਥੋਂ ਦੇ ਲੋਕ ਗੁਰੂ ਨਾਨਕ ਦੇਵ.ਜੀ ਤੋਂ ਹੀ ਸਿੱਖ

ਧਰਮ ਨਾਲ ਜੁੜ ਚੁੱਕੇ ਸਨ। ਇਸ ਪਿੰਡ ਵਿਚੋਂ ਗੁਰੂ ਹਰਿ ਗੋਬਿੰਦ ਸਾਹਿਬ ਦੀਆਂ ਲੜਾਈਆਂ ਲਈ ਬਹੁਤ ਸਹਾਇਤਾ ਮਿਲੀ ਸੀ। ਇਸ ਇਲਾਕੇ ਵਿਚ ਭਾਵੇਂ ਸਨਿਆਸੀ ਤੇ ਬੈਰਾਗੀ ਸਾਧਾਂ ਦਾ ਬਹੁਤ ਅਸਰ ਸੀ ਜਿਹੜੇ ਸਿੱਖ ਧਰਮ ਦੀ ਵਿਰੋਧਤਾ ਕਰਦੇ ਸਨ। ਉਨ੍ਹਾਂ ਸਾਧਾਂ ਕਰ ਕੇ ਹੀ ਇੱਥੇ ਕਈ ਉਲਟੀਆਂ ਸਿਧੀਆਂ ਗੱਲਾਂ ਜੋ ਉੱਕਾ ਹੀ ਤਰਕਹੀਣ ਹਨ ਫੈਲੀਆਂ ਹੋਈਆਂ ਹਨ। ਗੁਰੂ ਤੇਗ ਬਹਾਦੁਰ ਜੀ ਇਸ ਇਲਾਕੇ ਵਿਚ ਵਿਚਰਦੇ ਹੋਏ ਇੱਥੇ ਵੀ ਠਹਿਰੇ ਸਨ। ਗੁਰੂ ਜੀ ਨੇ ਪਿੰਡ ਵਿਚ ਫੈਲੀ ਹੋਈ ਕੋਹੜ ਦੀ ਬਿਮਾਰੀ ਤੋਂ ਲੋਕਾਂ ਦਾ ਇਲਾਜ ਕੀਤਾ ਸੀ। ਕੋਹੜ ਦੇ ਬਿਮਾਰ ਲੋਕਾਂ ਕੋਲ ਕੋਈ ਨਹੀਂ ਸੀ ਜਾਂਦਾ ਪਰ ਗੁਰੂ ਤੇਗ ਬਹਾਦੁਰ ਜੀ ਇੱਥੇ ਆਪ ਰਹੇ ਅਤੇ ਕੋਹੜੀ ਲੋਕਾਂ ਦੇ ਕੋਲ ਜਾ ਕੇ ਉਨ੍ਹਾਂ ਦਾ ਇਲਾਜ ਕੀਤਾ। ਇੱਥੇ ਇਕ ਜੰਡ ਸੀ ਜਿੱਥੇ ਕਿ ਗੁਰੂ ਸਾਹਿਬਾਨ ਦੀ ਆਮਦ ਦੀ ਯਾਦ ਵਿਚ ਦੀਵਾ ਬੱਤੀ ਕੀਤੀ ਜਾਂਦੀ ਸੀ। ਫਿਰ ਇੱਥੇ ਛੋਟੀਆਂ ਸਰਹਿੰਦੀ ਇੱਟਾਂ ਦਾ ਗੁਰਦੁਆਰਾ ਬਣਾ ਦਿੱਤਾ ਗਿਆ ਸੀ। ਵਰਤਮਾਨ ਗੁਰਦੁਆਰਾ ਸਾਹਿਬ 11 ਅਪ੍ਰੈਲ, 1912 ਨੂੰ ਬਣਨਾ ਸ਼ੁਰੂ ਹੋਇਆ ਸੀ। ਭਾਵੇਂ ਭਾਈ ਕਾਨ੍ਹ ਸਿੰਘ ਨਾਭਾ ਨੇ ਇੱਥੇ ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਗੱਲ ਨਹੀਂ ਕਹੀ ਪਰ ਵਿਸਾਖਾ ਸਿੰਘ ਜਨੇਤਪੁਰਾ ਨੇ ਗੁਰੂ ਤੇਗ ਬਹਾਦੁਰ ਜੀ ਦੇ ਆਉਣ ਦੀ ਗੱਲ ਕਹੀ ਹੈ।

ਭੈਣੀ ਮਹਾੜ : ਪਿੰਡ ਭੈਣੀ ਮਹਾੜ ਸੰਗਰੂਰ-ਬਰਨਾਲਾ ਸੜਕ ਉੱਪਰ ਸਥਿਤ ਬੜਬਰ ਪਿੰਡ ਤੋਂ ਲਿੰਕ ਰੋਡ ਨਾਲ ਜੁੜਿਆ ਹੋਇਆ ਹੈ। ਇੱਥੋਂ ਰਾਜੋ ਮਾਜਰਾ ਅੱਠ ਕਿਲੋਮੀਟਰ ਤੇ ਕਾਂਝਲਾ ਸੱਤ ਕਿਲੋਮੀਟਰ ਹੈ। ਇਸ ਦਾ ਡਾਕਖਾਨਾ ਖਾਸ, ਤਹਿਸੀਲ ਬਰਨਾਲਾ ਤੇ ਜ਼ਿਲਾ ਸੰਗਰੂਰ ਹੈ। ਗੁਰੂ ਤੇਗ ਬਹਾਦੁਰ ਜੀ ਇੱਥੇ ਇਕ ਝਿੜੀ ਵਿਚ ਆ ਕੇ ਠਹਿਰੇ ਸਨ। ਇਸ ਦੇ ਪਾਸ ਇਕ ਢਾਬ ਸੀ। ਇੱਥੇ ਜੰਡਾਂ ਦੇ ਬਹੁਤ ਦਰੱਖਤ ਸਨ। ਇਸੇ ਥਾਂ 'ਤੇ ਪਿੱਛੋਂ ਗੁਰਦੁਆਰਾ ਬਣਾਇਆ ਗਿਆ ਅਤੇ ਢਾਬ ਨੂੰ ਸਰੋਵਰ ਵਿਚ ਬਦਲ ਦਿੱਤਾ ਗਿਆ। ਇਸ ਨੂੰ ਗੁਰਦੁਆਰਾ ਰਾਮਸਰ ਪਾਤਸ਼ਾਹੀ ਨੌਵੀਂ ਕਹਿੰਦੇ ਸਨ ਜਿੱਥੇ ਗੁਰੂ ਸਾਹਿਬ ਦਾ ਘੋੜਾ ਬਿਮਾਰ ਹੋ ਗਿਆ ਸੀ।[13]

ਮੂਲੋਵਾਲ : ਪਿੰਡ ਮੂਲੋਵਾਲ ਧੂਰੀ-ਬਰਨਾਲਾ ਸੜਕ ਉੱਪਰ ਸਥਿਤ ਹੈ। ਧੂਰੀ ਤੋਂ 11 ਕਿਲੋਮੀਟਰ ਅਤੇ ਬਰਨਾਲੇ ਤੋਂ ਧੂਰੀ ਵੱਲ 22 ਕਿਲੋਮੀਟਰ ਹੈ। ਡਾਕਖਾਨਾ ਖਾਸ, ਤਹਿਸੀਲ ਮਾਲੇਰਕੋਟਲਾ ਅਤੇ ਜ਼ਿਲਾ ਸੰਗਰੂਰ ਹੈ। ਜਦੋਂ ਗੁਰੂ ਜੀ ਇੱਥੇ ਆਏ ਸਨ ਤਾਂ ਉਹ ਬਾਹਰਵਾਰ ਇਕ ਵੀਰਾਨ ਪਏ ਖੂਹ ਉੱਤੇ ਠਹਿਰੇ ਸਨ। ਪਿੰਡ ਵਿਚ ਪਾਣੀ ਦੀ ਬਹੁਤ ਕਿੱਲਤ ਸੀ। ਜਦੋਂ ਪਿੰਡ ਦੇ ਲੋਕ ਗੁਰੂ ਸਾਹਿਬ ਕੋਲ ਆਏ ਤਾਂ ਗੁਰੂ ਜੀ ਨੇ ਪਾਣੀ ਦੀ ਕਿੱਲਤ ਦੂਰ ਕਰਨ ਲਈ ਪਿੰਡ ਦੀ ਸੰਗਤ ਨੂੰ ਇਸ ਵੀਰਾਨ ਖੂਹ ਨੂੰ ਫਿਰ ਤੋਂ ਚਾਲੂ ਕਰਨ ਲਈ ਕਿਹਾ। ਖੂਹ ਵਿਚੋਂ ਮਿੱਟੀ ਪੁੱਟੀ ਗਈ ਅਤੇ ਬਹੁਤ ਡੂੰਘਾ ਕੀਤਾ ਗਿਆ। ਡੂੰਘੇ ਖੂਹ ਦਾ ਪਾਣੀ ਉਪਰਲੀ ਤਹਿ ਦੇ ਪਾਣੀ ਨਾਲੋਂ ਜ਼ਿਆਦਾ ਸੁਆਦ ਹੁੰਦਾ ਹੈ। ਇਸ ਤਰ੍ਹਾਂ ਖੂਹ ਨੂੰ ਡੂੰਘਾ ਕਰ ਕੇ ਉਸ ਵਿਚੋਂ ਪਾਣੀ ਕੱਢਿਆ ਗਿਆ। ਇਸ ਨਾਲ ਪਿੰਡ ਦੀ ਪਾਣੀ ਦੀ ਕਿੱਲਤ ਵੀ ਦੂਰ ਹੋ ਗਈ। ਕਿਉਂਕਿ ਸਾਰਾ ਪਿੰਡ ਗੁਰੂ ਜੀ ਦਾ ਸ਼ਰਧਾਲੂ ਹੋ ਚੁੱਕਿਆ ਸੀ ਅਤੇ ਸਭ ਲੋਕਾਂ ਨੇ ਮਿਲ ਕੇ ਖੂਹ ਦੀ ਸੇਵਾ ਕੀਤੀ ਸੀ ਇਸ ਲਈ ਗੁਰੂ ਜੀ ਨੇ ਪਿੰਡ ਦੇ ਮੁੱਖੀ ਵਿਅਕਤੀਆਂ ਨੂੰ ਸਿਰੋਪਾਓ ਦੇ ਤੌਰ ਤੇ ਪੱਗਾਂ ਪਹਿਨਾਈਆਂ। ਇੱਥੋਂ ਦਾ ਇਕ ਚੌਧਰੀ ਗੋਇੰਦਾ ਸੀ। ਉਸ ਦੇ ਪਰਿਵਾਰ ਦੇ ਭਾਵੇਂ ਸੱਤ ਘਰ ਸਨ ਪਰ ਖੂਹ ਦੀ ਸੇਵਾ ਕਰਨ ਵਿਚ ਇਕੱਲੇ ਗੋਇੰਦੇ ਨੇ ਕੰਮ ਕੀਤਾ ਸੀ। ਗੁਰੂ ਜੀ ਨੇ ਉਸ ਦੇ ਸੱਤੇ ਘਰਾਂ ਦੇ ਨਾਂ ਹੀ ਪਗੜੀਆਂ

ਦੇ ਦਿੱਤੀਆਂ। ਗੁਰੂ ਜੀ ਇੱਥੇ ਕਾਫੀ ਦਿਨ ਰਹੇ ਮਾਲੂਮ ਹੁੰਦੇ ਹਨ। ਸਾਖੀ ਪੋਥੀ ਅਨੁਸਾਰ ਗੁਰੂ ਜੀ ਇੱਥੇ ਨੌਂ ਦਿਨ ਰਹੇ ਸਨ। ਸਾਰੇ ਪਿੰਡ ਨੇ ਸੇਵਾ ਕੀਤੀ ਸੀ।[132]

ਗੁਰੂ ਸਾਹਿਬ ਨੇ ਜਾਣ ਸਮੇਂ ਇੱਥੇ ਭਾਈ ਨਾਨੂੰ ਨੂੰ ਧਰਮ ਪਰਚਾਰ ਦੀ ਸੇਵਾ ਸੌਂਪੀ ਸੀ। ਅੱਜ ਕੱਲ ਬਹੁਤ ਸੁੰਦਰ ਗੁਰਦੁਆਰਾ ਹੈ ਜਿਸ ਦਾ ਪਰਬੰਧ ਸੰਤ ਰਣਜੀਤ ਸਿੰਘ ਮਸਤੂਆਣੇ ਦੀ ਸੰਪਰਦਾ ਪਾਸ ਹੈ। ਇੱਥੇ ਕੁਝ ਲਿਖਤੀ ਕਾਗਜ਼ ਵੀ ਪਏ ਹਨ। ਇਨ੍ਹਾਂ ਤੇ ਗੁਰੂ ਜੀ ਦੇ ਆਉਣ ਦਾ ਸਾਲ ਸੰਮਤ 1720 ਬਿ. ਦਾ ਹੈ। ਜੋ ਸੰਨ 1663 ਈ. ਬਣਦਾ ਹੈ ਪਰ ਗੁਰੂ ਸਾਹਿਬ 1664 ਈ. ਵਿਚ ਗੁਰੂ ਬਣੇ ਸਨ। ਇਸ ਲਈ ਇਹ ਲਿਖਤਾਂ ਪਿੱਛੋਂ ਦੇ ਕਿਸੇ ਵਿਅਕਤੀ ਦੀਆਂ ਪਰਤੀਤ ਹੁੰਦੀਆਂ ਹਨ।

ਹਵਾਲੇ ਅਤੇ ਟਿੱਪਣੀਆਂ

1. ਇਸ ਗੱਲ ਦੀ ਪਰੋੜ੍ਹਤਾ ਸਰੂਪ ਦਾਸ ਭੱਲਾ ਦੀਆਂ ਇਨ੍ਹਾਂ ਸਤਰਾਂ ਤੋਂ ਵੀ ਹੁੰਦੀ ਹੈ :

ਸਬ ਸਭ ਸੰਗਤ ਗੁਰ ਬਚਨ ਬਿਚਾਰਾ। ਜੋ ਸ੍ਰੀ ਮੁੱਖ ਸਤਿਗੁਰ ਦਿਆਲ ਉਚਾਰਾ।
ਬਾਬਾ ਜੀ ਅਹੇ ਬਕਾਲੇ ਮਾਹ। ਸਭ ਸੰਗਤ ਦਰਸ਼ਨ ਤਹਾ ਮਾਹਿ।

ਮਹਿਮਾਂ ਪ੍ਰਕਾਸ਼, ਪਟਿਆਲਾ, 1971, ਪੰਨਾ 652.

ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ :

"ਛੀਵੇਂ ਗੁਰੂ ਦੇ ਪਿੱਛੋਂ......ਮਾਤਾ ਨਾਨਕੀ ਜੀ ਆਪਣੇ ਪੁਤ੍ਰ ਨੂੰ ਲੈ ਕੇ ਪੇਕੇ ਪਿੰਡ ਬਕਾਲੇ......ਚਲੀ ਗਈ ਗੁਰੂ ਤੇਗ ਬਹਾਦਰ ਜੀ ਦਾ ਨਾਨਾ........ਮਸ਼ਹੂਰ ਸ਼ਾਹੂਕਾਰ ਸੀ। ਉਸ ਨੇ ਇਨ੍ਹਾਂ ਵਾਸਤੇ ਜੁਦੇ -ਜੁਦੇ ਮਕਾਨ ਬਣਾ ਦਿੱਤੇ.......ਜਦ ਗੁਰੂ ਹਰਿ ਕ੍ਰਿਸ਼ਨ ਜੀ ਨੇ ਬਾਬਾ ਬਕਾਲੇ ਅਰਥਾਤ ਗੁਰੂ ਬਕਾਲੇ ਦੱਸਾ ਤਾਂ ਅਨੇਕਾਂ ਸੋਢੀ ਉੱਥੇ ਪਹੁੰਚ ਗਏ।"

ਤਵਾਰੀਖ ਗੁਰ ਖਾਲਸਾ (ਪੱਥਰ ਛਾਪ ਪਹਿਲੀ), ਸਿਆਲਕੋਟ, 1891, ਪੰਨਾ 264.

2. *ਮਹਾਨ ਕੋਸ਼*, ਪੰਨਾ 145.
3. ਫੌਜਾ ਸਿੰਘ ਤਾਰਨ ਸਿੰਘ, *ਗੁਰੂ ਤੇਗ ਬਹਾਦੁਰ ਜੀਵਨ ਅਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ 15.
4. ਦੇਖੋ ਗਯਾਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਪੰਨਾ 266.
5. ਪੰਡਿਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ*, ਅੰਬਾਲਾ, 1884, (ਪੱਥਰ ਛਾਪ), ਪੰਨਾ 75.
6. *ਗੁਰੂ ਕੀਆਂ ਸਾਖੀਆਂ* (ਸੰ. ਪਿਆਰਾ ਸਿੰਘ ਪਦਮ), ਪਟਿਆਲਾ, 1986, ਪੰਨੇ 62-63.
7. ਪੰਡਿਤ ਤਾਰਾ ਸਿੰਘ ਨਰੋਤਮ, *ਪੂਰਵ ਅੰਕਤ*, ਪੰਨਾ 75, *ਗੁਰੂ ਕੀਆਂ ਸਾਖੀਆਂ*, *ਪੂਰਵ ਅੰਕਤ*, ਪੰਨਾ 63 ਅਤੇ ਫੌਜਾ ਸਿੰਘ, *ਪੂਰਵ ਅੰਕਤ*, ਪੰਨਾ 26.
8. ਭਾਈ ਕਾਨ੍ਹ ਸਿੰਘ ਨਾਭਾ, *ਪੂਰਵ ਅੰਕਤ*, ਪੰਨਾ 333.
9. *ਗੁਰੂ ਕੀਆਂ ਸਾਖੀਆਂ*, ਪੰਨਾ 63.
10. *ਮਹਾਨਕੋਸ਼*, ਪੰਨਾ 283.
11. *ਉਕਤ*, ਪੰਨਾ 357.
12. *ਗੁਰੂ ਕੀਆਂ ਸਾਖੀਆਂ*, ਪੰਨਾ 63.
13. ਭਾਈ ਕਾਨ੍ਹ ਸਿੰਘ ਨਾਭਾ, ਪੰਨਾ 226.
14. *ਗੁਰੂ ਤੇਗ ਬਹਾਦੁਰ : ਯਾਤਰਾ ਅਸਥਾਨ*, ਪੰਨਾ 16.
15. *ਉਕਤ*, ਪੰਨਾ 17.
16. *ਮਹਾਨ ਕੋਸ਼*, ਪੰਨਾ 645.
17. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 159.
18. *ਗੁਰਧਾਮ ਸੰਗ੍ਰਹਿ* (ਮਿਤੀ ਨਹੀਂ), ਪੰਨਾ 135.

19. *ਸ੍ਰੀ ਗੁਰਦੁਆਰੇ ਦਰਸ਼ਨ*, 1923, ਪੰਨਾ 207.
20. *ਮਹਾਨ ਕੋਸ਼*, ਪੰਨਾ 332.
21. ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਨੀਓਂ ਕਾ, ਪਿਆਰਾ ਸਿੰਘ ਪਦਮ ਦੇ ਹਵਾਲੇ ਅਨੁਸਾਰ *ਪਰੋਸੀਡਿੰਗਜ, ਪੰਜਾਬ ਹਿਸਟਰੀ ਕਾਨਫਰੰਸ*, 20ਵਾਂ ਸੈਸ਼ਨ, ਫਰਵਰੀ 28—ਮਾਰਚ 2, 1986, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨੇ 401-3.
22. *ਗੁਰੂ ਕੀਆਂ ਸਾਖੀਆਂ*, ਪੰਨਾ 65; ਫੌਜਾ ਸਿੰਘ ਤਾਰਨ ਸਿੰਘ, *ਪੂਰਵ ਅੰਕਿਤ*, ਪੰਨਾ 28.
23. *ਗੁਰੂ ਕੀਆਂ ਸਾਖੀਆਂ*, ਪੰਨਾ 66 ਅਤੇ ਫੌਜਾ ਸਿੰਘ, *ਪੂਰਵ ਅੰਕਤ*, ਪੰਨੇ 28-29.
24. ਤੇਜਾ ਸਿੰਘ ਗੰਡਾ ਸਿੰਘ, *ਏ ਸ਼ਾਰਟ ਹਿਸਟਰੀ ਆਫ ਦ ਸਿਖਸ*, ਬੰਬੇ, 1950, ਪੰਨਾ 52.
25. *ਤਵਾਰੀਖ ਗੁਰੂ ਖਾਲਸਾ*, ਪੰਨਾ 267.
26. *ਮਹਾਨ ਕੋਸ਼*, ਪੰਨਾ 100.
27. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 76.
28. ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਜਲਹਾਨਾ ਬਿਖਲੋਤੋਂ ਕਾ।
29. *ਗੁਰੂ ਕੀਆਂ ਸਾਖੀਆਂ*, ਪੰਨਾ 66.
30. *ਉਕਤ*, ਪੰਨੇ 70-71.
31. *ਮਹਾਨ ਕੋਸ਼*, ਪੰਨਾ 906.
32. ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲਹਾਨੇ ਬਲਾਉਤੋਂ ਕਾ।
33. *ਗੁਰੂ ਕੀਆਂ ਸਾਖੀਆਂ*, ਪੰਨਾ 73.
34. 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ : *ਪਰਖ* (ਸੰ. ਰਤਨ ਸਿੰਘ ਜੱਗੀ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਚਰਨ ਨੌਵਾਂ, ਬੰਦ 76ਵਾਂ।
35. *ਗੁਰੂ ਤੇਗ ਬਹਾਦੁਰ : ਜੀਵਨ ਤੇ ਰਚਨਾ*, ਪੰਨਾ 80.
36. *ਮਹਾਨ ਕੋਸ਼*, ਪੰਨਾ 342.
37. ਇਸ ਦਾ ਵਿਸਥਾਰ-ਪੂਰਬਕ ਹਾਲ ਦੇਖੋ, *ਗੁਰੂ ਤੇਗ ਬਹਾਦੁਰ : ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ੍ਹ*, ਪੰਨੇ 29-30.
38. *ਮਹਾਨ ਕੋਸ਼*, ਪੰਨਾ 64.
39. *ਉਕਤ*, ਪੰਨਾ 825.
40. *ਗੁਰੂ ਕੀਆਂ ਸਾਖੀਆਂ*, ਪੰਨੇ 73-74.
41. *ਮਹਾਨ ਕੋਸ਼*, ਪੰਨਾ 938.
42. *ਉਕਤ*, ਪੰਨਾ 903.
43. ਇਸ ਦੇ ਹੋਰ ਵਿਸਥਾਰ ਲਈ ਦੇਖੋ : ਪੰਡਿਤ ਤਾਰਾ ਸਿੰਘ ਨਰੋਤਮ, *ਪੂਰਵ ਅੰਕਤ*, ਪੰਨੇ 102-103 : ਭਾਈ ਕਾਨ੍ਹ ਸਿੰਘ ਨਾਭਾ, *ਪੂਰਵ ਅੰਕਤ*, ਪੰਨਾ 827 : ਫੌਜਾ ਸਿੰਘ, *ਪੂਰਵ ਅੰਕਤ*, ਪੰ. 68.
44. ਉਪਰੋਕਤ ਸਾਰੀਆਂ ਥਾਵਾਂ ਦੇ ਵਿਸਥਾਰ ਲਈ ਦੇਖੋ : *ਗੁਰੂ ਤੇਗ ਬਹਾਦੁਰ : ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ੍ਹ*, ਪੰਨੇ 47-51.
45. *ਮਹਾਨ ਕੋਸ਼*, ਪੰਨਾ 263.
46. *ਉਕਤ*, ਪੰਨਾ 256.
47. *ਸ੍ਰੀ-ਗੁਰ ਤੀਰਥ ਸੰਗ੍ਰਹਿ*, ਪੰਨਾ 102.
48. ਭਾਈ ਕਾਨ੍ਹ ਸਿੰਘ ਨਾਭਾ, *ਪੂਰਵ ਅੰਕਤ*, ਪੰਨਾ 681.
49. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 164.
50. *ਮਹਾਨ ਕੋਸ਼*, ਪੰਨਾ 658.
51. *ਉਕਤ*, ਪੰਨਾ 225, ਹੋਰ ਦੇਖੋ ਵਿਸਾਖਾ ਸਿੰਘ, *ਪੂਰਵ ਅੰਕਤ*, ਪੰਨਾ 83.
52. *ਉਕਤ*, ਪੰਨਾ 548.

53. ਭਾਈ ਕਾਨ੍ਹ ਸਿੰਘ ਨਾਭਾ, ਪੰਨਾ 722.
54. *ਉਕਤ*, ਪੰਨਾ 806.
55. *ਉਕਤ*, ਪੰਨਾ 204.
56. *ਉਕਤ*, ਪੰਨਾ 32.
57. *ਉਕਤ*, ਪੰਨਾ 309 ਅਤੇ ਵਿਸਾਖਾ ਸਿੰਘ, *ਮਾਲਵਾ ਇਤਿਹਾਸ*, ਭਾਗ ਪਹਿਲਾ, ਜਨੇਤਪੁਰ, 1954, ਪੰਨਾ 83.
58. *ਮਹਾਨ ਕੋਸ਼* ਵੀ ਦੇਖੋ, ਪੰਨਾ 80.
59. *ਉਕਤ*, ਪੰਨਾ 605, ਹੋਰ ਦੇਖੋ ਵਿਸਾਖਾ ਸਿੰਘ, *ਪੂਰਵ ਅੰਕਤ*, ਪੰਨਾ 84
60. ਵਿਸਾਖਾ ਸਿੰਘ, *ਪੂਰਵ ਅੰਕਤ*, ਪੰਨੇ 84-85.
61. *ਮਹਾਨ ਕੋਸ਼*, ਪੰਨਾ 517.
62. ਇਸ ਦੀ ਪੁਸ਼ਟੀ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਕੀਤੀ ਹੈ। *ਉਕਤ*, ਪੰਨਾ 331.
63. *ਪੰਜਾਬ ਭਾਈ ਜੋਧ ਸਿੰਘ ਅਭੀਨੰਦਨ ਗਰੰਥ* (ਸੰਪਾਦਿਤ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰਨਾ 487.
64. *ਮਹਾਨ ਕੋਸ਼*, ਪੰਨਾ 121.
65. *ਉਕਤ*, ਪੰਨਾ 121.
66. *ਮਾਲਵਾ ਇਤਿਹਾਸ*, ਪੰਨਾ 84.
67. ਭਾਈ ਕਾਨ੍ਹ ਸਿੰਘ ਨਾਭਾ, *ਪੂਰਵ ਅੰਕਤ*, ਪੰਨਾ 489 ਅਤੇ ਵਿਸਾਖਾ ਸਿੰਘ, *ਪੂਰਵ ਅੰਕਤ*, ਪੰਨਾ 81.
68. *ਮਹਾਨ ਕੋਸ਼*, ਪੰਨਾ 224.
69. *ਉਕਤ*, ਪੰਨਾ 477.
70. ਦੇਖੋ : *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ* (ਇਸ ਨੂੰ ਪਿੱਛੋਂ ਦੇ ਹਵਾਲਿਆਂ ਵਿਚ ਸਿਰਫ ਸਾਖੀ ਪੋਥੀ ਹੀ ਲਿਖਿਆ ਜਾਵੇਗਾ), ਖਾਲਸਾ ਸਮਾਚਾਰ, ਅੰਮ੍ਰਿਤਸਰ, 1968, ਪੰਨੇ 32-33 ਅਤੇ ਭਾਈ ਕਾਨ੍ਹ ਸਿੰਘ, *ਪੂਰਵ ਅੰਕਤ*, ਪੰਨੇ 619-20.
71. *ਉਕਤ*, ਪੰਨਾ 991.
72. *ਉਕਤ*, ਪੰਨਾ 703.
73. *ਮਹਿਮਾ ਪ੍ਰਕਾਸ਼*, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971, ਪੰਨਾ 667.
74. ਸਰੂਪ ਸਿੰਘ ਕੌਸ਼ਿਸ਼, ਪੰਨਾ 66.
75. ਭਾਈ ਕਾਨ੍ਹ ਸਿੰਘ ਨਾਭਾ, ਪੰਨਾ 636.
76. ਇਸ ਗ੍ਰਿਫ਼ਤਾਰੀ ਬਾਰੇ ਗੁਰੂ ਕੀਆਂ ਸਾਖੀਆਂ ਅਤੇ ਭੱਟ ਵਹੀਆਂ ਤੋਂ ਇਲਾਵਾ ਸਰੂਪ ਦਾਸ ਭੱਲਾ ਦੀ ਲਿਖਤ *ਮਹਿਮਾ ਪ੍ਰਕਾਸ਼* ਤੋਂ ਵੀ ਪੁਸ਼ਟੀ ਹੁੰਦੀ ਹੈ, ਪੰਨੇ 672-73.
77. ਸਰੂਪ ਸਿੰਘ ਕੌਸ਼ਿਸ਼, ਪੰਨੇ 65-66.
78. *ਮਹਾਨ ਕੋਸ਼*, ਪੰਨਾ 418.
79. *ਉਕਤ*, ਪੰਨਾ 1071.
80. *ਉਕਤ*, ਪੰਨਾ 404.
81. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 83.
82. *ਮਹਾਨ ਕੋਸ਼*, ਪੰਨਾ 242.
83. *ਸਾਖੀ ਪੋਥੀ*, ਪੰਨਾ 25.
84. *ਮਹਾਨ ਕੋਸ਼*, ਪੰਨਾ 430.
85. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 83.
86. *ਉਕਤ*,ਪੰਨਾ 83.
87. *ਮਹਾਨ ਕੋਸ਼*, ਪੰਨਾ 843.

88. ਉਕਤ, ਪੰਨਾ 226.
89. ਸਰੂਪ ਦਾਸ ਭੱਲਾ, ਪੂਰਵ ਅੰਕਤ, ਪੰਨਾ 666.
90. ਸਾਖੀ ਪੋਥੀ, ਪੰਨਾ 202-21.
91. ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 82.
92. ਮਹਾਨ ਕੋਸ਼, ਪੰਨਾ 620.
93. ਉਕਤ, ਪੰਨਾ 1000.
94. ਉਕਤ, ਪੰਨਾ 749.
95. ਉਕਤ, ਪੰਨਾ 959.
96. ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 81.
97. ਸਾਖੀ ਪੋਥੀ, ਪੰਨੇ 16-17.
98. ਮਹਾਨ ਕੋਸ਼, ਪੰਨਾ 283.
99. ਸਾਖੀ ਪੋਥੀ, ਪੰਨੇ 13-14.
100. ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 80.
101. ਮਹਾਨ ਕੋਸ਼, ਪੰਨਾ 767.
102. ਸਾਖੀ ਪੋਥੀ, ਪੰਨਾ 14.
103. ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 80.
104. ਮਾਲਵਾ ਇਤਿਹਾਸ, ਪੰਨਾ 87.
105. ਸਾਖੀ ਪੋਥੀ, ਪੰਨੇ 15-16.
106. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 81.
107. ਮਹਾਨ ਕੋਸ਼, ਪੰਨਾ 686.
108. ਭਾਈ ਕਾਨ੍ਹ ਸਿੰਘ ਨਾਭਾ, ਪੂਰਵ ਅੰਕਤ, ਪੰਨਾ 497 ਅਤੇ ਵਿਸਾਖਾ ਸਿੰਘ ਜਨੇਤਪੁਰਾ, ਪੂਰਵ ਅੰਕਤ, ਪੰਨਾ 91.
109. ਸਾਖੀ ਪੋਥੀ, ਪੰਨੇ 14-15.
110. ਮਾਲਵਾ ਇਤਿਹਾਸ, ਪੰਨਾ 88.
111. ਮਹਾਨ ਕੋਸ਼, ਪੰਨਾ 121.
112. ਉਕਤ, ਪੰਨਾ 292.
113. ਉਕਤ, ਪੰਨਾ 325.
114. ਸਾਖੀ ਪੋਥੀ, ਪੰਨਾ 25.
115. ਮਹਾਨ ਕੋਸ਼, ਪੰਨਾ 832.
116. ਉਕਤ, ਪੰਨਾ 64.
117. ਸਾਖੀ ਪੋਥੀ, ਪੰਨੇ 12-13.
118. ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨਾ 79.
119. ਗੁਰੂ ਤੇਗ ਬਹਾਦਰ : ਯਾਤਰਾ ਅਸਥਾਨ, ਪੰਨੇ 108-109.
120. ਮਹਾਨ ਕੋਸ਼, ਪੰਨਾ 133.
121. ਉਕਤ, ਪੰਨਾ 218.
122. ਉਕਤ, ਪੰਨਾ 504.
123. ਸਾਖੀ ਪੋਥੀ, ਪੰਨਾ 8.
124. ਉਕਤ, ਪੰਨਾ 8.
125. ਮਹਾਨ ਕੋਸ਼, ਪੰਨਾ 259.
126. ਸਾਖੀ ਪੋਥੀ, ਪੰਨਾ 11.

127. *ਮਹਾਨ ਕੋਸ਼*, ਪੰਨਾ 749.
128. *ਉਕਤ*, ਪੰਨਾ 423.
129. *ਉਕਤ*, ਪੰਨਾ 607.
130. *ਉਕਤ*, ਪੰਨਾ 772.
131. *ਸਾਖੀ ਪੋਥੀ*, ਪੰਨਾ 6.
132. *ਉਕਤ*, ਪੰਨੇ 5 ਅਤੇ 6.

ਅੰਤਿਕਾ 1

ਗੁਰੂ ਤੇਗ ਬਹਾਦੁਰ ਜੀ ਬਾਰੇ ਵੱਖ-ਵੱਖ ਲੇਖਕਾਂ ਅਤੇ ਇਤਿਹਾਸਕਾਰਾਂ ਦੇ ਵਿਚਾਰ

ਗੁਰੂ ਤੇਗ ਬਹਾਦੁਰ ਜੀ ਬਾਰੇ ਸਭ ਤੋਂ ਪਹਿਲੀ ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਹੈ। ਇਹ 'ਬਚਿੱਤ੍ਰ ਨਾਟਕ' ਵਿਚ ਦਰਜ ਹੈ ਜੋ ਦਸਮ ਗ੍ਰੰਥ ਦਾ ਇਕ ਹਿੱਸਾ ਹੈ। ਇਹ ਇਸ ਤਰ੍ਹਾਂ ਹੈ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ। ਸੀਸ ਦੀਆ ਪਰ ਸੀ ਨਾ ਉਚਰੀ।
ਧਰਮ ਹੇਤ ਸਾਕਾ ਜਿਨ ਕੀਆ। ਸੀਸ ਦੀਆ ਪਰ ਸਿਰਰੁ ਨਾ ਦੀਆ।
ਨਾਟਕ ਚੇਟਕ ਕਰਤ ਕੁਕਾਜਾ। ਪ੍ਰਭ ਲੋਗਨ ਕਹਿ ਆਵਤ ਲਾਜਾ।
ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।

ਕਵੀ ਸੈਨਾਪਤਿ (1711. ਈ.) : ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਤੋਂ ਪਿੱਛੋਂ ਦੂਜੀ ਲਿਖਤ ਉਨ੍ਹਾਂ ਦੇ ਇਕ ਸਮਕਾਲੀ ਕਵੀ ਅਤੇ ਲੇਖਕ ਸੈਨਾਪਤਿ ਦੀ ਹੈ ਜੋ ਸ੍ਰੀ ਗੁਰੂ ਸ਼ੋਭਾ ਦੇ ਨਾਲ ਮਸ਼ਹੂਰ ਹੈ। ਇਸ ਵਿਚ ਗੁਰੂ ਜੀ ਬਾਰੇ ਇਉਂ ਲਿਖਿਆ ਗਿਆ ਹੈ।

ਪ੍ਰਗਟ ਭਏ ਗੁਰ ਤੇਗ ਬਹਾਦੁਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ।
ਕਰਮ ਧਰਮ ਕੀ ਜਿਨਿ ਪਤਿ ਰਾਖੀ। ਅਟਲ ਕਰੀ ਕਲਜਗ ਮੈ ਸਾਖੀ।
ਸਗਲ ਸ੍ਰਿਸਟਿ ਜਾ ਕਾ ਜਸ ਭਯੋ। ਜਿਹ ਤੇ ਸਰਬ ਧਰਮ ਬੰਚਯੋ।
ਤੀਨ ਲੋਕ ਮੈ ਜੈ ਜੈ ਭਈ। ਸਤਿਗੁਰ ਪੈਜ ਰਾਖਿ ਇਮ ਲਈ।
ਤਿਲਕ ਜਨੇਊ ਅਰ ਧਰਮਸਾਲਾ। ਅਟਲ ਕਰੀ ਗੁਰ ਭਏ ਦਿਆਲਾ।
ਧਰਮ ਹੇਤਿ ਪ੍ਰਭ ਪੁਰਹਿ ਸਿਧਾਏ। ਗੁਰੂ ਗੋਬਿੰਦ ਸਿੰਘ ਕਹਿਲਾਏ।

(*ਸ੍ਰੀ ਗੁਰ ਸੋਭਾ*, ਧਿਆਉ 1, ਛੰਦ 13-16)

ਗਯਾਨੀ ਗਯਾਨ ਸਿੰਘ (1891 *ਈ.)* : ਗਯਾਨੀ ਗਯਾਨ ਸਿੰਘ ਸਿੱਖ ਇਤਿਹਾਸ ਨੂੰ ਗੁਰਮੁਖੀ ਵਾਰਤਕ ਵਿਚ ਲਿੱਖਣ ਵਾਲਾ ਪਹਿਲਾ ਸਿੱਖ ਇਤਿਹਾਸਕਾਰ ਹੈ। ਇਸ ਨੇ 1891 ਵਿਚ ਗੁਰੂ ਸਾਹਿਬ ਬਾਰੇ ਲਿਖਿਆ ਹੈ :

"ਜਿਸ ਵਕਤ ਜਪੁਜੀ ਸਾਹਿਬ ਦਾ ਪਾਠ ਕਰਕੇ ਭੋਗ ਪਰ ਸੀਸ ਨਿਵਾਯਾ ਤਾਂ

ਜਲਾਲਦੀਨ ਬੇਰਹਮ ਨੇ ਧੜ ਨਾਲੋਂ ਸਿਰ ਜੁਦਾ ਕੀਤਾ। ਸਿਰ ਕੀ ਕੱਟਯਾ ਹਿੰਦੁਸਤਾਨ ਵਿਚੋਂ ਮੁਗਲਾਂ ਦੀ ਬਾਦਸ਼ਾਹਤ ਦੀ ਜੜ ਕੱਟ ਦਿੱਤੀ। ਸਾਰੇ ਸੰਸਾਰ ਵਿਚ ਅੰਧੇਰਾ ਛਾ ਗਿਆ। ਮਾਨੋ ਦੁਨੀਆ ਦਾ ਦੀਵਾ ਬੁੱਝ ਗਿਆ, ਕੰਧਾਂ ਭੀ ਕੰਬ ਉੱਠੀਆਂ, ਦੇਵਤਿਆਂ ਨੇ ਫੁੱਲ ਬਰਸਾਏ, ਪੱਥਰ ਭੀ ਮੋਮ ਹੋ ਗਏ, ਕੋਈ ਰੋਂਦਾ, ਕੋਈ ਪਿਟਦਾ, ਕੋਈ ਕਹਿੰਦਾ ਇਹ ਕੀ ਹੋਯਾ, ਬਦਸ਼ਾਹ ਦਾ ਬੇੜਾ ਗਰਕ ਹੋਯਾ, ਜਿਥੇ ਕੋਈ ਸੀ ਉਥੇ ਹੀ ਖੜਾ ਰਹਿ ਗਿਆ, ਕਲਮ ਭੀ ਲਿੱਖਣੋਂ ਰਹਿ ਗਈ। ਰੱਬ ਜਾਣੇ ਉਸ ਕੰਬਖਤ ਬਾਦਸ਼ਾਹ ਦਾ ਕੈਸਾਂ ਪੱਥਰ ਦਿੱਲੀ ਸੀ ਜਿਸ ਨੇ ਐਸਾ ਹੁਕਮ ਦਿੱਤਾ।"

(*ਤਵਾਰੀਖ ਗੁਰੂ ਖਾਲਸਾ*, ਸਿਆਲਕੋਟ, 1891, ਪੰਨਾ 281)

Syad Muhammad Latif :

"His life was extinct, but the memory of his preistly virtue remained in the world forever. When the courtiers, tinged with superstition, saw what had occurred, they were struck with horror and surprise. The emperor himself was disgusted and displeased, and ordered the crowed to be dispersed.

(*History of The Panjab,* New Delhi, 1964, p.260)

Gokal Chand Narang :

